ਕੈਨੇਡਾ ਦਰਪਣ

ਫਰਵਰੀ 20, 1987

February 20, 1987

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

Price 50¢ WEEKENDING FEBRUARY 20, 1987 Vol. 6 No. 06 Out of Greater Vancouver 65¢ Second Class Mail Reg. No. 5991

ਕੈਨੇਡਾ ਦਰਪਣ

The Canada Darpan Punjabi Weekly Newspaper P.O.BOX 265, Surrey, B.C. V3T 4W8 Ph. (604) 581-4473

ਨਵੇਂ ਸਿੰਘ ਸਾਹਿਬਾਨ ਦਾ ਹੁਕਮ ਮੰਨਣ ਤੋਂ ਇਨਕਾਰ ਕਰਨ 'ਤੇ

ਬਰਨਾਲਾ ਪੰਥ 'ਚੋਂ ਖਾਰਜ

ਸਿੰਘ ਸਾਹਿਬਾਨ ਅਤਿਵਾਦੀਆਂ ਦੇ ਹੱਥਾਂ 'ਚ ਖੇਡ ਰਹੇ ਹਨ — ਬਰਨਾਲਾ

ਚੰਡੀਗੜ੍ਹ — ਪੰਜਾਬ ਦੇ ਮੁੱਖ ਮੰਤਰੀ ਅਤੇ ਅਕਾਲੀ ਦਲ ਲੌਂਗੋਵਾਲ ਦੇ ਪ੍ਰਧਾਨ ਸੁਰਜੀਤ ਸਿੰਘ ਬਰਨਾਲਾ ਵਲੋਂ ਅਕਾਲ ਤਖਤ 'ਤੇ ਮਿਥੇ ਸਮੇਂ ਤੇ ਪੇਸ਼ ਨਾ ਹੋਣ 'ਤੇ ਸਿੰਘ ਸਾਹਿਬਾਨ ਨੇ ਬਰਨਾਲਾ ਨੂੰ ਪੰਥ 'ਚੋਂ ਖਾਰਜ ਕਰਨ ਦਾ ਐਲਾਨ ਕੀਤਾ ਹੈ।

ਬਰਨਾਲਾ ਦਾ ਬਾਈਕਾਟ ਕਰਨ ਦਾ ਇਹ ਹੁਕਮਨਾਮਾ ਅਕਾਲ ਤਖਤ ਦੇ ਜਥੇਦਾਰ ਦਰਸ਼ਨ ਸਿੰਘ ਨੇ 11 ਫਰਵਰੀ ਨੂੰ ਹਰਿਮੰਦਰ ਸਾਹਿਬ 'ਚ ਪੜ੍ਹ ਕੇ ਸੁਣਾਇਆ।



ਇਸ ਤੋਂ ਪਹਿਲਾਂ ਅਕਾਲੀ ਦਲ ਦੀ ਵਰਕਿੰਗ ਕਮੇਟੀ ਅਤੇ ਵਿਧਾਇਕ ਪਾਰਟੀ ਦੀ ਹੰਗਾਮੀ ਮੀਟਿੰਗ ਹੋਈ ਜਿਸ ਵਿਚ ਬਰਨਾਲਾ ਨੂੰ ਕਿਹਾ ਗਿਆ ਕਿ ਉਹ ਹਾਜ਼ਰ ਨਾ ਹੋਵੇ। ਇਸ ਮੀਟਿੰਗ ਵਿਚ ਦੋਸ਼ ਲਾਇਆ ਗਿਆ ਕਿ ਨਵੇਂ ਸਿੰਘ ਸਾਹਿਬਾਨ ਅਤਿਵਾਦੀਆਂ ਦੇ ਹੱਥਾਂ ਵਿਚ ਖੇਡ ਰਹੇ ਹਨ ਅਤੇ ਇਹ ਸਾਰਾ ਡਰਾਮਾ ਬਰਨਾਲਾ ਨੂੰ ਮੁੱਖ ਮੰਤਰੀ ਦੀ ਗੱਦੀ ਤੋਂ ਲਾਹੁਣ ਲਈ ਕੀਤਾ ਗਿਆ ਹੈ।

ਸਿੰਘ ਸਾਹਿਬਾਨ ਵਲੋਂ ਸਾਰੇ ਅਕਾਲੀ ਦਲਾਂ ਨੂੰ ਇਕੱਠੇ ਕਰਨ ਦੇ ਨਾਂ ਹੇਠ ਬਰਨਾਲਾ ਨੂੰ ਸਤਾ ਤੋਂ ਲਾਂਭੇ ਕਰਨ ਦੀ ਇਸ ਕੋਸ਼ਿਸ਼ ਨੇ ਕਈ ਰੰਗ ਵਟਾਏ। ਇਸ ਸਬੰਧ ਵਿਚ ਬਰਨਾਲਾ ਵਲੋਂ ਬਣਾਈ ਸਬ ਕਮੇਟੀ ਨੇ ਆਪਣੇ ਵਿਚਾਰ ਦੱਸਣ ਲਈ ਸਿੰਘ ਸਾਹਿਬਾਨ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਪਰ ਕਮੇਟੀ ਨੂੰ ਦਰਬਾਰ ਸਾਹਿਬ ਸਮੂਹ ਵਿਚ ਵੜਨ ਨਹੀਂ ਦਿੱਤਾ ਗਿਆ।

7 ਫਰਵਰੀ ਨੂੰ ਬਰਨਾਲਾ ਪਾਰਟੀ ਦਾ ਸੰਕਟ ਹੋਰ ਡੂੰਘਾ ਹੋ ਗਿਆ ਜਦ ਪਾਰਟੀ ਦੇ ਜਨਰਲ ਸਕੱਤਰ ਪ੍ਰੀਤਮ ਸਿੰਘ ਉਬਰਾਏ ਨੇ ਅਸਤੀਫਾ ਦੇ ਦਿੱਤਾ। ਯੂਥ ਅਕਾਲੀ ਦਲ ਦੇ ਪ੍ਰਧਾਨ ਅਤੇ ਮੰਤਰੀ ਪ੍ਰੇਮ ਸਿੰਘ ਚੰਦੂਮਾਜਰਾ ਨੇ ਵੀ ਆਪਣਾ ਯੂਨਿਟ ਭੰਗ ਕਰਨ ਦਾ ਐਲਾਨ ਕਰ ਦਿੱਤਾ। ਇਸ ਤੋਂ ਪਹਿਲਾਂ ਸਿਹਤ ਮੰਤਰੀ ਸੁਖਦੇਵ ਸਿੰਘ ਢਿਲੋਂ ਦੇ ਅਸਤੀਫੇ ਦੀ ਵੀ ਖਬਰ ਮਿਲੀ ਸੀ। ਬਾਅਦ 'ਚ ਮੰਤਰੀ ਨੇ ਇਸ ਖਬਰ ਦਾ ਖੰਡਨ ਕੀਤਾ।

8 ਫਰਵਰੀ ਨੂੰ ਮੁੱਖ ਮੰਤਰੀ ਬਰਨਾਲਾ ਨੇ ਵਰਕਿੰਗ ਕਮੇਟੀ ਦੀ ਹੰਗਾਮੀ ਮੀਟਿੰਗ ਸੱਦ ਲਈ। ਇਸ ਮੀਟਿੰਗ 'ਚ ਸਿੰਘ ਸਾਹਿਬਾਨ ਨੂੰ ਚਿੱਠੀ ਲਿਖਣ ਦਾ ਫੈਸਲਾ ਕੀਤਾ ਗਿਆ।

ਇਸ ਚਿੱਠੀ ਲਿਖਣ ਦੀ ਕਾਰਵਾਈ ਤੋਂ ਚਿੜ੍ਹ ਕੇ ਸਿੰਘ ਸਾਹਿਬਾਨ ਨੇ ਬਰਨਾਲਾ ਨੂੰ ਅਪਰਾਧੀ ਘੋਸ਼ਿਤ ਕਰ ਦਿੱਤਾ ਅਤੇ 11 ਫਰਵਰੀ ਤੱਕ ਅਕਾਲ ਤਖਤ ਅੱਗੇ ਪੇਸ਼ ਹੋ ਕੇ ਤਨਖਾਹ ਲਵਾਉਣ ਦਾ ਹੁਕਮ ਦਿੱਤਾ।

ਅਕਾਲੀ ਦਲ ਲੌਂਗੋਵਾਲ ਵਰਕਿੰਗ ਕਮੇਟੀ ਅਤੇ ਵਿਧਾਇਕਾਂ ਵਲੋਂ ਲਏ ਸਖਤ ਸਟੈਂਡ ਨੇ ਬਰਨਾਲਾ ਦੀ ਪੁਜ਼ੀਸ਼ਨ ਮਜ਼ਬੂਤ ਕੀਤੀ ਹੈ। ਮਿਥੇ ਸਮੇਂ 'ਤੇ ਪੇਸ਼ ਨਾ ਹੋਣ 'ਤੇ ਸਿੰਘ ਸਾਹਿਬਾਨ ਨੇ ਬਰਨਾਲਾ ਨੂੰ ਪੰਥ 'ਚੋਂ ਖਾਰਜ ਕਰ ਦਿੱਤਾ ਅਤੇ ਉਹਨੂੰ ਮੂੰਹ ਨਾ ਲਾਉਣ ਦੀ ਹਦਾਇਤ ਕੀਤੀ ਗਈ ਹੈ। ਬਰਨਾਲਾ ਦੇ ਸਾਥੀਆਂ ਨੂੰ ਵੀ ਹੁਕਮਨਾਮੇ 'ਚ ਕਿਹਾ ਗਿਆ ਹੈ ਕਿ ਉਹ ਬਰਨਾਲਾ ਨੂੰ ਛੱਡ ਕੇ ਨਵੇਂ ਲੀਡਰਾਂ ਨੂੰ ਮਾਨਤਾ ਦੇਣ। ਇਥੇ ਇਸ ਗੱਲ ਨੂੰ ਨੋਟ ਕਰਨਾ ਦਿਲਚਸਪ ਹੋਵੇਗਾ ਕਿ ਮਾਸਟਰ ਅਕਾਲੀ ਦਲ ਅਤੇ ਫੇਰੂਮਾਨ ਅਕਾਲੀ ਦਲ ਨੇ ਵੀ ਸਿੰਘ ਸਾਹਿਬਾਨਾਂ ਦਾ ਹੁਕਮ ਨਹੀਂ ਮੰਨਿਆ ਪ੍ਰੰਤੂ ਉਨ੍ਹਾਂ ਪ੍ਰਤੀ ਸਿੰਘ ਸਾਹਿਬਾਨਾਂ ਨੇ ਕੋਈ ਐਕਸ਼ਨ ਨਹੀਂ ਲਿਆ। ਸਿਆਸੀ ਦਰਸ਼ਕ ਇਸ ਨੂੰ ਸਿੰਘ ਸਾਹਿਬਾਨ ਦੇ ਦੂਹਰੇ ਕਿਰਦਾਰ ਵਜੋਂ ਦੇਖ ਰਹੇ ਹਨ।

ਬਰਨਾਲਾ ਦੀ ਗੱਦੀ ਲਈ ਪੈਦਾ ਹੋਇਆ ਸੰਕਟ ਹਾਲ ਦੀ ਘੜੀ ਟਲ ਗਿਆ ਹੈ। ਜੇ ਬਰਨਾਲਾ ਦੇ ਸਾਥੀ ਮੰਤਰੀ ਸਿੰਘ ਸਾਹਿਬਾਨ ਦਾ ਹੁਕਮ ਮੰਨਦੇ ਹੋਏ ਉਹਦਾ ਸਾਥ ਛੱਡ ਗਏ ਤਾਂ ਕੇਂਦਰ ਨੂੰ ਪੰਜਾਬ 'ਚ ਰਾਸ਼ਟਰਪਤੀ ਰਾਜ ਲਾਗੂ ਕਰਨ ਤੋਂ ਬਿਨਾਂ ਕੋਈ ਚਾਰਾ ਨਹੀਂ ਰਹਿ ਜਾਏਗਾ।

ਅਪਰਾਧੀਆਂ ਦੇ ਤਬਾਦਲੇ ਲਈ ਭਾਰਤ-ਕੈਨੇਡਾ ਸੰਧੀ

ਨਵੀਂ ਦਿੱਲੀ — ਭਾਰਤ ਅਤੇ ਕੈਨੇਡਾ ਵਿਚਕਾਰ ਅਪਰਾਧੀਆਂ ਨੂੰ ਇਕ ਦੂਜੇ ਦੇਸ਼ ਨੂੰ ਸੌਂਪਣ ਵਾਰੇ ਸਮਝੌਤਾ ਹੋ ਗਿਆ ਹੈ। ਇਸ ਸਮਝੌਤੇ 'ਤੇ ਭਾਰਤ ਦੇ ਵਿਦੇਸ਼ ਮੰਤਰੀ ਨਰਾਇਣ ਦੱਤ ਤਿਵਾੜੀ ਅਤੇ ਕੈਨੇਡਾ ਦੇ ਵਿਦੇਸ਼ ਮੰਤਰੀ ਜੋਅ ਕਲਾਰਕ ਨੇ 6 ਫਰਵਰੀ ਨੂੰ ਦਿੱਲੀ 'ਚ ਦਸਤਖਤ ਕੀਤੇ।

ਭਾਰਤ ਅਤੇ ਕੈਨੇਡਾ ਵਿਚਕਾਰ ਇਹੋ ਜਿਹੀ ਇਹ ਪਹਿਲੀ ਸੰਧੀ ਹੈ ਜਿਸ ਅਧੀਨ ਇਕ ਦੇਸ਼ 'ਚੋਂ ਅਪਰਾਧ ਕਰਕੇ ਭੱਜੇ ਕਿਸੇ ਦੋਸ਼ੀ ਨੂੰ ਉਸ ਦੇਸ਼ ਨੂੰ ਸੌਂਪਣ ਦੀ ਵਿਵਸਥਾ ਹੈ।

ਇਸ ਸੰਧੀ ਦਾ ਘੇਰਾ ਬਹੁਤ ਵਿਸ਼ਾਲ ਹੈ। ਦੋਹਾਂ ਦੇਸ਼ਾਂ ਦੇ ਕਾਨੂੰਨ ਮੁਤਾਬਕ ਜੇ ਕਿਸੇ ਦੋਸ਼ ਦੀ ਸਜਾ ਇਕ ਸਾਲ ਤੋਂ ਵੱਧ ਹੋਵੇ ਤਾਂ ਉਹ ਇਸ ਸੰਧੀ ਹੇਠ ਆਵੇਗਾ। ਇਹ ਵਰਨਣਯੋਗ ਹੈ ਕਿ ਭਾਰਤੀ ਕਾਨੂੰਨ ਮੁਤਾਬਕ ਕਈ ਮਾਮੂਲੀ ਦੋਸ਼ਾਂ ਦੀ ਸਜ਼ਾ ਵੀ ਸਾਲ ਤੋਂ ਵੱਧ ਹੈ।

ਟੈਕਸ ਅਤੇ ਰੈਵੇਨਿਊ ਦੇ ਦੋਸ਼ੀ ਵੀ ਉਸ ਦੇਸ਼ ਨੂੰ ਸੌਂਪੇ ਜਾ ਸਕਣਗੇ ਇਸ ਸੰਧੀ ਦੀਆ ਧਰਾਵਾਂ ਦੀ ਇਕ ਲਿਸਟ ਬਣਾਈ ਗਈ ਹੈ। ਇਸ ਅਨੁਸਾਰ ਕਿਸੇ ਹਵਾਈ ਜਹਾਜ਼ ਨੂੰ ਗੈਰ ਕਾਨੂੰਨੀ ਤੌਰ ਤੇ ਅਗਵਾ ਕਰਨਾ, ਅਤਿਵਾਦੀ ਕਾਰਵਾਈਆਂ, ਕਤਲ ਜਾਂ ਜ਼ਖਮੀ ਕਰਨਾ, ਅਗਵਾ ਕਰਨਾ, ਜਾਇਦਾਦ ਨੂੰ ਨੁਕਸਾਨ ਪਹੁੰਚਾਉਣਾ ਵਰਗੇ ਜੁਰਮ ਇਸ ਸੰਧੀ ਵਿਚ ਸ਼ਾਮਲ ਹਨ।

ਇਹ ਸਮਝੌਤਾ ਹੋਣ ਤੋਂ ਪਹਿਲਾਂ ਅਤੇ ਬਾਅਦ ਦੇ ਅਪਰਾਧਾਂ 'ਤੇ ਇਹ ਲਾਗੂ ਹੋਵੇਗਾ।

ਆਈ. ਜੀ. ਦਾ ਪੁੱਤਰ ਕਤਲ

ਪਟਿਆਲਾ — ਪੰਜਾਬ ਪੁਲੀਸ ਦੇ ਇਕ ਆਈ. ਜੀ. ਦੇ ਪੁੱਤਰ ਨੂੰ ਪਟਿਆਲਾ 'ਚ ਅਤਿਵਾਦੀਆਂ ਨੇ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਖਬਰਾਂ ਅਨੁਸਾਰ ਬੀਤੀ 10 ਫਰਵਰੀ ਨੂੰ ਆਈ. ਜੀ. ਬੀ. ਐਸ. ਮਾਂਗਟ ਦਾ ਪੁੱਤਰ ਡਾ. ਐਮ. ਐਸ. ਮਾਂਗਟ ਮੋਟਰ ਸਾਈਕਲ 'ਤੇ ਜਾ ਰਿਹਾ ਸੀ ਕਿ ਹਥਿਆਰਬੰਦ ਵਿਅਕਤੀਆਂ ਨੇ ਗੋਲੀ ਚਲਾ ਦਿੱਤੀ। ਡਾ. ਮਾਂਗਟ ਦੀ ਥਾਂ 'ਤੇ ਹੀ ਮੌਤ ਹੋ ਗਈ। ਗੋਲੀ ਚਲਣ ਨਾਲ ਇਕ ਸਾਈਕਲ ਸਵਾਰ ਵੀ ਮਾਰਿਆ ਗਿਆ।

10 ਫਰਵਰੀ ਨੂੰ ਪੰਜਾਬ 'ਚ ਦੋ ਹੋਰ ਘਟਨਾਵਾਂ 'ਚ ਇਕ ਸਕੂਲ ਟੀਚਰ ਅਤੇ ਇਕ ਗ੍ਰੰਥੀ ਦੇ ਕਤਲ ਹੋਣ ਦੀਆਂ ਖਬਰਾਂ ਵੀ ਮਿਲੀਆਂ ਹਨ

ਰਾਜੀਵ ਅਤੇ ਬਾਸੂ ਦਾਰਜੀਲਿੰਗ ਗਏ

ਦਾਰਜੀਲਿੰਗ — ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਬੰਗਾਲ ਦੇ ਮੁੱਖ ਮੰਤਰੀ ਜੋਤੀ ਬਾਸੂ ਦੇ 7 ਫਰਵਰੀ ਨੂੰ ਦਾਰਜੀਲਿੰਗ ਦਾ ਦੌਰਾ ਕਰਨ ਦੀ ਖਬਰ ਮਿਲੀ ਹੈ।

ਗੋਰਖਾ ਫਰੰਟ ਦੇ ਨੇਤਾ ਸੁਭਾਸ਼ ਘੀਸ਼ਿਗ ਨੇ ਪ੍ਰਧਾਨ ਮੰਤਰੀ ਨਾਲ ਗੱਲਬਾਤ ਕੀਤੀ ਅਤੇ ਆਪਣੀਆਂ ਮੰਗਾਂ ਪੇਸ਼ ਕੀਤੀਆਂ।

ਬਾਅਦ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਜੀਵ ਗਾਂਧੀ ਨੇ ਕਿਹਾ ਕਿ ਵੱਖਰੇ ਗੋਰਖਾਲੈਂਡ ਦੀ ਮੰਗ ਕਦੇ ਨਹੀਂ ਮੰਨੀ ਜਾਏਗੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਗੋਰਖਿਆਂ ਨੂੰ ਨਾਗਰਿਕਤਾ ਦੇਣ ਦੀ ਤਜ਼ਵੀਜ ਵਿਚਾਰ ਅਧੀਨ ਹੈ। ਦਾਰਜੀਲਿੰਗ ਜ਼ਿਲੇ ਦੀ ਵਿਸ਼ੇਸ਼ ਤਰੱਕੀ ਲਈ ਕੇਂਦਰ ਕਈ ਸਕੀਮਾਂ 'ਤੇ ਵਿਚਾਰ ਕਰ ਰਿਹਾ ਹੈ।

ਬੰਗਾਲ ਦੇ ਮੁਖ ਮੰਤਰੀ ਜੋਤੀ ਬਾਸੂ ਨੇ ਵੀ ਕਿਹਾ ਹੈ ਕਿ ਘੀਸ਼ਿੰਗ ਨਾਲ ਗੱਲਬਾਤ ਕਰਨ 'ਚ ਉਹਨੂੰ ਕੋਈ ਉਜਰ ਨਹੀਂ ਪਰ ਇਸ ਤੋਂ ਪਹਿਲਾਂ ਘੀਸ਼ਿੰਗ ਨੂੰ ਵੱਖਰੇ ਰਾਜ ਦੀ ਮੰਗ ਛੱਡਣੀ ਹੋਵੇਗੀ।

ਉਧਰ ਘੀਸ਼ਿੰਗ ਨੇ ਵੱਖ ਰਾਜ ਦੀ ਮੰਗ ਨੂੰ ਫਿਰ ਦੁਹਰਾਇਆ ਹੈ ਅਤੇ ਮੰਗਾਂ ਨਾ ਮੰਨੇ ਜਾਣ ਦੀ ਸੂਰਤ ਵਿਚ ਅੰਦੋਲਨ ਫਿਰ ਸ਼ੁਰੂ ਕਰਨ ਦੀ ਧਮਕੀ ਦਿੱਤੀ ਹੈ।

ਭਾਰਤ-ਪਾਕਿ ਫੌਜਾਂ ਪਿੱਛੇ ਹਟਣੀਆਂ ਸ਼ੁਰੂ

ਨਵੀਂ ਦਿੱਲੀ — ਭਾਰਤ ਅਤੇ ਪਾਕਿਸਤਾਨ ਵਿਚਕਾਰ ਹੋਈ ਸੰਧੀ 'ਤੇ ਅਮਲ ਹੋਣਾ ਸ਼ੁਰੂ ਹੋ ਗਿਆ ਹੈ ਅਤੇ ਦੋਹਾਂ ਦੇਸ਼ਾਂ ਦੀਆਂ ਫੌਜਾਂ ਸਰਹੱਦ ਤੋਂ ਪਿੱਛੇ ਹਟਣ ਲੱਗ ਪਈਆਂ ਹਨ।

ਇਸ ਸਮਝੌਤੇ ਅਧੀਨ ਜੰਮੂ ਕਸ਼ਮੀਰ ਸਰਹੱਦ 'ਤੇ 75 ਹਜ਼ਾਰ ਫੌਜਾਂ ਵਾਪਸ ਆਪਣੇ ਟਿਕਾਣਿਆਂ 'ਤੇ ਜਾਣਗੀਆਂ। ਉਧਰ ਇਸਲਾਮਾਬਾਦ ਵਿਚ ਪਾਕਿਸਤਾਨੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਅਮਲ ਇਸ ਮਹੀਨੇ ਵਿਚ ਪੂਰਾ ਹੋ ਜਾਵੇਗਾ।

ਦੋਹਾਂ ਦੇਸ਼ਾਂ ਵਿਚਕਾਰ ਅੱਗੋਂ ਗੱਲਬਾਤ ਲਈ ਭਾਰਤੀ ਵਫਦ ਇਸ ਮਹੀਨੇ ਇਸਲਾਮਾਬਾਦ ਜਾ ਰਿਹਾ ਹੈ ਪਰ ਅਜੇ ਪੱਕੀ ਤਰੀਕ ਦਾ ਐਲਾਨ ਨਹੀਂ ਕੀਤਾ ਗਿਆ।

ਰਾਜਨੀਤਕ ਪਾਰਟੀਆਂ ਵਲੋਂ ਫਿਰਕੂ ਤਾਕਤਾਂ ਦਾ ਵਿਰੋਧ ਕਰਨ ਦੀ ਅਪੀਲ

ਚੰਡੀਗੜ੍ਹ — ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਰਾਸ਼ਟਰ ਵਿਰੋਧੀ ਅਤੇ ਫਿਰਕੂ ਤਾਕਤਾਂ ਦਾ ਵਿਰੋਧ ਕਰਨ।

ਚੰਡੀਗੜ੍ਹ ਵਿਚ 6 ਫਰਵਰੀ ਨੂੰ ਹੋਈ ਇਕ ਮੀਟਿੰਗ ਵਿਚ ਇਨ੍ਹਾਂ ਰਾਜਨੀਤਕ ਪਾਰਟੀਆਂ ਨੇ ਇਕ ਸਾਂਝੇ ਮਤੇ ਵਿਚ ਕਿਹਾ ਕਿ ਪੰਜਾਬ ਦੇ ਲੋਕ ਸਦਾ ਵੱਖਵਾਦੀ ਤਾਕਤਾਂ ਦਾ ਵਿਰੋਧ ਕਰਦੇ ਆਏ ਹਨ। ਇਸ ਵਿਚ ਸਰਕਾਰ ਤੇ ਵੀ ਮੰਗ ਕੀਤੀ ਗਈ ਕਿ ਉਹ ਪੰਜਾਬ ਸਮੱਸਿਆ ਨੂੰ ਇਮਾਨਦਾਰੀ ਨਾਲ ਹੱਲ ਕਰੇ।

ਇਸ ਮੀਟਿੰਗ ਵਿਚ ਅਕਾਲੀ ਦਲ, ਬੀ. ਜੇ. ਪੀ., ਸੀ. ਪੀ. ਆਈ. ਅਤੇ ਸੀ. ਪੀ. ਐਮ. ਦੇ ਪ੍ਰਤੀਨਿਧਾਂ ਨੇ ਹਿਸਾ ਲਿਆ।

ਇਕ ਮਜਿਸਟਰੇਟ ਅਤੇ ਡੀ. ਐਸ. ਪੀ. ਕਤਲ

ਚੰਡੀਗੜ੍ਹ — ਪੰਜਾਬ ਤੋਂ ਮਿਲੀਆਂ ਖਬਰਾਂ ਅਨੁਸਾਰ ਬੀਤੀ 9 ਫਰਵਰੀ ਨੂੰ ਵੱਖ ਵੱਖ ਘਟਨਾਵਾਂ 'ਚ ਅਤਿਵਾਦੀਆਂ ਨੇ ਇਕ ਮਜਿਸਟਰੇਟ ਅਤੇ ਡੀ. ਐਸ. ਪੀ. ਨੂੰ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ।

ਮਜਿਸਟਰੇਟ ਦਾ ਕਤਲ ਮੋਗਾ ਵਿਚ ਕੀਤਾ ਗਿਆ। ਇਹ ਜੱਜ ਆਪਣੀ ਅਦਾਲਤ 'ਚ ਬੈਠਾ ਸੀ ਜਦ ਹਥਿਆਰਬੰਦ ਬੰਦਿਆਂ ਨੇ ਗੋਲੀਆਂ ਚਲਾ ਕੇ ਉਹਨੂੰ ਖਤਮ ਕਰ ਦਿੱਤਾ ਅਤੇ ਆਪ ਫਰਾਰ ਹੋ ਗਏ।

ਇਕ ਅਜਿਹੀ ਹੋਰ ਘਟਨਾ 'ਚ ਅੰਮ੍ਰਿਤਸਰ ਦੇ ਇਕ ਡੀ ਐਸ ਪੀ ਅਤੇ ਉਸਦੇ ਤਿੰਨ ਸਾਲਾ ਬੇਟੇ ਨੂੰ ਗੋਲੀ ਮਾਰ ਦਿੱਤੀ ਗਈ। ਖਬਰਾਂ ਅਨੁਸਾਰ ਅਤਿਵਾਦੀਆਂ ਨੇ ਡੀ ਐਸ ਪੀ 'ਤੇ ਇਹ ਹਮਲਾ ਉਹਦੇ ਘਰ ਵੜ ਕੇ ਹੀ ਕੀਤਾ।

ਇਕ ਅਤਿਵਾਦੀ ਨੂੰ ਲੋਕਾਂ ਵੱਲੋਂ ਕੁਟ ਕੁਟ ਕੇ ਮਾਰ ਦੇਣ ਦਾ ਵੀ ਪਤਾ ਲੱਗਾ ਹੈ। ਇਸੇ ਦੌਰਾਨ ਪੰਜਾਬ ਪੁਲੀਸ ਨੇ ਖੁੱਡਾ ਨੇੜੇ 24 ਮੁਸਾਫਰਾਂ ਨੂੰ ਕਤਲ ਕਰਨ ਵਾਲੇ ਗਰੋਹ ਦੇ ਇਕ ਮੈਂਬਰ ਨੂੰ ਗ੍ਰਿਫਤਾਰ ਕਰਨ ਦਾ ਵੀ ਦਾਅਵਾ ਕੀਤਾ ਹੈ। ਇਹ ਮਸ਼ਹੂਰ ਵਿਅਕਤੀ ਖਾਲਿਸਤਾਨ ਲਿਬਰੇਸ਼ਨ ਫੋਰਸ ਦਾ ਮੈਂਬਰ ਹੈ।

ਬਰਨਾਲਾ ਦੇ ਫੈਸਲੇ ਦਾ ਸੀ. ਪੀ. ਆਈ. ਵੱਲੋਂ ਸੁਆਗਤ

ਨਵੀਂ ਦਿੱਲੀ — ਭਾਰਤੀ ਕਮਿਊਨਿਸਟ ਪਾਰਟੀ ਨੇ ਸਿੰਘ ਸਾਹਿਬਾਨ ਦੇ ਫੈਸਲੇ ਦੇ ਖਿਲਾਫ ਮੁੱਖ ਮੰਤਰੀ ਬਰਨਾਲਾ ਵਲੋਂ ਲਏ ਸਟੈਂਡ ਨੂੰ ਜ਼ਾਇਜ ਠਹਿਰਾਇਆ ਹੈ ਅਤੇ ਇਸ ਦਾ ਸੁਆਗਤ ਕੀਤਾ ਹੈ।

ਨਵੀਂ ਦਿੱਲੀ ਵਿਚ ਜਾਰੀ ਇਕ ਬਿਆਨ 'ਚ ਪਾਰਟੀ ਦੇ ਜਨਰਲ ਸਕੱਤਰ ਰਾਜੇਸ਼ਵਰ ਰਾਓ ਨੇ ਕਿਹਾ ਕਿ ਬਰਨਾਲਾ ਨੇ ਦੇਸ਼ ਦੀ ਏਕਤਾ ਨੂੰ ਸੱਟ ਮਾਰਨ ਵਾਲਿਆਂ ਵਿਰੁੱਧ ਠੀਕ ਪੈਂਤੜਾ ਲਿਆ ਹੈ। ਬਰਨਾਲਾ ਦਾ ਇਹ ਬਿਆਨ ਕਿ "ਵੱਖਵਾਦੀਆਂ ਨਾਲ ਉਸਦਾ ਕੋਈ ਸਬੰਧ ਨਹੀਂ", ਬਹੁਤ ਸਲਾਹੁਣਯੋਗ ਹੈ। ਪਾਰਟੀ ਨੇਤਾ ਨੇ ਇਹ ਵੀ ਮੰਗ ਕੀਤੀ ਕਿ ਕੇਂਦਰ ਨੂੰ ਬਰਨਾਲਾ ਦੀ ਪੁਜ਼ੀਸ਼ਨ ਮਜ਼ਬੂਤ ਕਰਨੀ ਚਾਹੀਦੀ ਹੈ।

ਰਣਜੀਤ ਸਿੰਘ ਗਰਚਾ ਅਤੇ ਅਮਰਜੀਤ ਸਿੰਘ ਸੰਧੂ ਸਰਕਾਰੀ ਗਵਾਹ ਬਣੇ

ਨੀਊਵੈਸਟ — ਪੰਜਾਬ ਦੇ ਯੋਜਨਾ ਮੰਤਰੀ ਸ. ਮਲਕੀਤ ਸਿੰਘ ਸਿੱਧੂ ਉਪਰ ਹੋਏ ਕਾਤਲਾਨਾ ਹਮਲੇ ਦੀ ਸੁਣਵਾਈ ਇਸ ਹਫ਼ਤੇ ਅਜੀਬ ਮੋੜ ਲੈ ਗਈ ਜਦ ਦੋ ਕਥਿਤ ਸਾਜ਼ਸ਼ ਕੇਸ ਵਿਚ ਸ਼ਾਮਲ ਵਿਅਕਤੀ ਰਣਜੀਤ ਸਿੰਘ ਗਰਚਾ ਅਤੇ ਅਮਰਜੀਤ ਸਿੰਘ ਸੰਧੂ ਸਰਕਾਰੀ ਗਵਾਹਾਂ ਵਜੋਂ ਪੇਸ਼ ਹੋਏ।

ਯਾਦ ਰਹੇ ਕਿ ਨੀਊਵੈਸਟ ਦੀ ਕੋਰਟ ਵਿਚ ਇਹ ਕੇਸ ਜੱਜ ਅਤੇ ਜਿਊਰੀ ਦੇ ਸਾਹਮਣੇ ਪੇਸ਼ ਹੈ ਅਤੇ ਕਥਿਤ ਕਾਤਲਾਨਾ ਹਮਲੇ ਦੇ ਚਾਰ ਕਥਿਤ ਦੋਸ਼ੀਆਂ — ਜਸਪਾਲ ਸਿੰਘ ਅਟਵਾਲ, ਜਸਬੀਰ ਸਿੰਘ ਅਟਵਾਲ, ਅਮਰਜੀਤ ਸਿੰਘ ਢੀਂਡਸਾ ਅਤੇ ਸੁਖਦਿਆਲ ਸਿੰਘ ਗਿੱਲ — ਉਪਰ ਇਹ ਕੇਸ ਚਲ ਰਿਹਾ ਹੈ।

'ਸਨ' ਅਖਬਾਰ ਦੇ ਪੱਤਰਪ੍ਰੇਰਕ ਅਨੁਸਾਰ ਸ਼ੁਕਰਵਾਰ ਨੂੰ ਕੇਸ ਨੇ ਅਜੀਬ ਮੋੜ ਕੱਟਿਆ ਜਦੋਂ ਡੀਫੈਂਸ ਦੇ ਵਕੀਲ ਡੇਵਿਡ ਗਿਬਨਜ਼ ਨੇ ਜੱਜ ਅਤੇ ਜਿਊਰੀ ਨੂੰ ਦੱਸਿਆ ਕਿ ਦੋ ਗਵਾਹ ਸਰਕਾਰੀ ਗਵਾਹ ਵਜੋਂ ਪੇਸ਼ ਹੋ ਰਹੇ ਹਨ ਜਿਨ੍ਹਾਂ ਉਤੇ ਮਲਕੀਤ ਸਿੰਘ ਸਿੱਧੂ ਨੂੰ ਮਾਰਨ ਦੀ ਕਥਿਤ ਸਾਜ਼ਸ਼ ਦਾ ਕਥਿਤ ਦੋਸ਼ ਹੈ।

ਬੀ. ਸੀ. ਸੁਪਰੀਮ ਕੋਰਟ ਦੀ ਜਿਊਰੀ ਨੂੰ ਦੱਸਿਆ ਗਿਆ ਕਿ ਇਕ ਵੱਖਰਾ ਕੇਸ ਸਾਜ਼ਿਸ਼ ਦਾ ਵੀ ਹੈ ਜੋ ਪਹਿਲਾਂ ਗਵਾਹੀ ਵਜੋਂ ਕੱਢ ਦਿੱਤਾ ਗਿਆ ਸੀ।

ਸਰਕਾਰੀ ਵਕੀਲ ਜਿਮ ਟੇਲਰ ਨੇ ਦੋਸ਼ ਲਾਇਆ ਕਿ ਇਨ੍ਹਾਂ ਚਾਰ ਵਿਅਕਤੀਆਂ ਨੇ ਰਾਜਸੀ ਕਾਰਨਾਂ ਕਰਕੇ ਇਹ ਹਮਲਾ ਕੀਤਾ ਜਦੋਂ ਸ੍ਰੀ ਸਿੱਧੂ 25 ਮਈ, 1986 ਨੂੰ ਗੋਲਡ ਰਿਵਰ ਤੋਂ ਛੇ ਕਿਲੋਮੀਟਰ ਦੂਰ ਕਾਰ ਵਿਚ ਸਫ਼ਰ ਕਰ ਰਹੇ ਸਨ।

ਸਰਕਾਰੀ ਵਕੀਲ ਨੇ ਕਿਹਾ ਕਿ ਚਾਰੇ ਦੋਸ਼ੀ ਸਿੱਧੂ ਦੀ ਛਾਤੀ ਅਤੇ ਬਾਂਹ ਵਿਚ ਗੋਲੀਆਂ ਮਾਰ ਕੇ ਕਾਲੀ ਪੌਂਟੀਆਕ ਗਰੈਂਡ-ਐਮ ਕਾਰ ਹਮਲੇ ਵਾਲੀ ਥਾਂ ਦੇ ਨੇੜੇ ਹੀ ਛੱਡ ਗਏ।

ਰਣਜੀਤ ਸਿੰਘ ਗਰਚਾ ਦਾ ਬਿਆਨ

'ਸਨ' ਅਖਬਾਰ ਨੇ ਲਿਖਿਆ ਹੈ ਕਿ ਰਣਜੀਤ ਸਿੰਘ ਗਰਚਾ ਨੇ ਕਿਹਾ ਕਿ 25 ਮਈ [illegible] ਕਿ ਉਹ ਪ੍ਰਿੰਸ ਜਾਰਜ ਜਾਣਾ ਚਾਹੁੰਦਾ ਹੈ ਇਸ ਲਈ ਉਸ ਨੇ ਜੀਪ ਦੀ ਮੰਗ ਕੀਤੀ।

ਗਰਚੇ ਨੇ ਕਿਹਾ ਕਿ ਉਹ ਜੀਪ ਨਹੀਂ ਸੀ ਦੇ ਸਕਦਾ ਇਸ ਲਈ ਉਹ ਸੰਧੂ ਨਾਲ ਵੈਨਕੂਵਰ ਅੰਤਰਰਾਸ਼ਟਰੀ ਹਵਾਈ ਅੱਡੇ ਉਤੇ ਕਾਰ ਕਿਰਾਏ ਤੇ ਲੈਣ ਲਈ ਤਿਆਰ ਹੋ ਗਿਆ। ਇਹ ਉਹੀ ਕਾਲੀ ਪੌਂਟੀਆਕ



ਗਰੈਂਡ-ਐਮ ਕਾਰ ਹੈ ਜੋ ਡੁਮੀਨੀਅਨ ਯੂ-ਡਰਾਈਵ ਤੋਂ ਕਿਰਾਏ ਤੇ ਲਈ ਗਈ।

ਸਰਕਾਰੀ ਵਕੀਲ ਟੇਲਰ ਦੇ ਸਵਾਲ ਦਾ ਜਵਾਬ ਦਿੰਦਿਆਂ ਗਰਚਾ ਨੇ ਕਿਹਾ ਕਿ ਉਹ ਆਪਣੀ ਜੀਪ ਉਤੇ ਵਾਪਸ ਆ ਗਿਆ ਪਿਛੋਂ ਉਸਨੂੰ ਪੁਲਸ ਤੋਂ ਪਤਾ ਲੱਗਾ ਕਿ ਜਿਹੜੀ ਕਾਰ ਕਿਰਾਏ ਉਤੇ ਲਈ ਗਈ ਸੀ ਅਤੇ ਉਸਨੇ ਸੰਧੂ ਨੂੰ ਲੈ ਕੇ ਦਿੱਤੀ ਸੀ ਉਹ ਸਿੱਧੂ ਉਤੇ ਹਮਲੇ ਵਿਚ ਸ਼ਾਇਦ ਵਰਤੀ ਗਈ ਹੋਵੇ।

ਡੀਫੈਂਸ ਵਕੀਲ ਗਿਬਨਜ਼ ਨੇ ਜ਼ਖਮੀ ਸਿੱਧੂ ਦੀ ਫੋਟੋ ਗਰਚੇ ਨੂੰ ਵਿਖਾਉਂਦਿਆਂ ਕਿਹਾ, "ਤੇਰੇ ਉਤੇ ਇਸ ਆਦਮੀ ਨੂੰ ਕਤਲ ਕਰਨ ਦੀ ਸਾਜ਼ਿਸ਼ ਦਾ ਦੋਸ਼ ਹੈ, ਕਿ ਨਹੀਂ ?"

ਗਰਚੇ ਨੇ ਜਵਾਬ ਵਿਚ ਕਿਹਾ, "ਮੇਰੇ ਉਤੇ ਚਾਰਜ ਲੱਗਿਆ ਸੀ ਪਰ ਮੈਨੂੰ ਇਸ ਬਾਰੇ ਕੁਝ ਨਹੀਂ ਪਤਾ।"

ਗਿਬਨਜ਼ ਨੇ ਕਿਹਾ, "ਤੂੰ ਆਪਣੇ ਬਚਾਅ ਲਈ ਕੁਝ ਵੀ ਕਹਿ ਸਕਦਾ ਹੈਂ, ਠੀਕ ਹੈ ਕਿ ਨਹੀਂ ?"

ਗਰਚਾ ਨੇ ਕਿਹਾ, "ਨਹੀਂ, ਮੈਂ ਨਹੀਂ ਕਹਾਂਗਾ।"

ਉਂਗਲੀਆਂ ਦੇ ਨਿਸ਼ਾਨ ਮਿਲਾਏ ਗਏ

ਇਸ ਤੋਂ ਪਹਿਲਾਂ ਪੁਲੀਸ ਦੇ ਸਾਰਜੈਂਟ ਨੇ ਜੱਜ ਅਤੇ ਜਿਊਰੀ ਨੂੰ ਦੱਸਿਆ ਕਿ ਟਹਿਸਾਸ ਦੇ ਹੋਟਲ ਦੇ ਕਮਰੇ ਵਿਚੋਂ ਜੋ ਉਂਗਲੀਆਂ ਦੇ [illegible] ਉਂਗਲਾਂ ਦੇ ਨਿਸ਼ਾਨਾਂ ਨਾਲ ਮਿਲਦੇ ਹਨ।

ਸਾਰਜੈਂਟ ਨੇ ਕਿਹਾ ਕਿ 26 ਮਈ ਨੂੰ ਉਸਨੇ ਹੋਟਲ ਦਾ ਕਮਰਾ ਦੇਖਿਆ ਅਤੇ ਐਸ਼-ਟਰੇ, ਬੀਅਰ ਕੈਨ, ਟੀ. ਵੀ. ਅਲਮਾਰੀ, ਬਾਥਰੂਮ, ਡੋਰਨੋਬ ਅਤੇ ਟਾਇਲਟ ਫਲੱਸ਼ ਹੈਂਡਲ ਤੋਂ ਉਂਗਲੀਆਂ ਦੇ ਨਿਸ਼ਾਨ ਲਏ

ਪੁਲਸ ਅਫ਼ਸਰ ਨੇ ਕੋਰਟ ਨੂੰ ਦੱਸਿਆ ਕਿ ਉਸਨੇ ਕਾਗਜ਼, ਸਾਬਣ ਲਈ ਰੈਪਰ, ਟੂਥ ਪੇਸਟ ਕਾਰਟਨ ਵੀ ਉਥੋਂ ਲਏ ਜਿੰਨ੍ਹਾਂ ਤੋਂ ਕੈਮੀਕਲ ਢੰਗ ਨਾਲ ਉਂਗਲਾਂ ਦੇ ਨਿਸ਼ਾਨ ਦੇਖੇ ਜਾ ਸਕਦੇ ਹਨ।

ਸਾਰਜੈਂਟ ਨੂੰ ਦੱਸਿਆ ਕਿ ਉਸਨੂੰ ਚਾਰੇ ਕਥਿਤ ਦੋਸ਼ੀਆਂ ਦੇ "ਸਟੈਂਡਰਡ ਨਿਸਾਨ" ਦਿੱਤੇ ਗਏ ਜਦੋਂ ਉਹ ਗ੍ਰਿਫ਼ਤਾਰ ਕੀਤੇ ਜਾ ਚੁਕੇ ਸਨ।

ਪੁਲਸ ਅਫ਼ਸਰ ਨੇ ਕੋਰਟ ਨੂੰ ਦੱਸਿਆ ਕਿ ਅਮਰਜੀਤ ਢੀਂਡਸਾ ਦੇ ਸੱਜੇ ਅੰਗੂਠੇ ਦਾ ਨਿਸ਼ਾਨ ਡੋਰ ਨੋਬ ਤੋਂ ਲਏ ਨਿਸ਼ਾਨ ਨਾਲ ਮਿਲਦਾ ਹੈ। ਉਸ ਨੇ ਦੱਸਿਆ ਕਿ ਸੁਖਦਿਆਲ ਗਿੱਲ ਦੇ ਸੱਜੇ ਹੱਥ ਦਾ ਨਿਸ਼ਾਨ ਬਾਥਰੂਮ ਦੇ ਠੰਡੇ ਪਾਣੀ ਵਾਲੀ ਟੈਪ ਤੋਂ ਲਏ ਨਿਸ਼ਾਨ ਨਾਲ ਮਿਲਦਾ ਹੈ।

ਸਾਰਜੈਂਟ ਨੇ ਦੱਸਿਆ ਕਿ ਜਸਪਾਲ ਅਟਵਾਲ ਦੇ ਖੱਬੇ ਅੰਗੂਠੇ ਦਾ ਨਿਸ਼ਾਨ ਬੀਅਰ ਦੇ ਕੈਨ ਤੋਂ ਲਏ ਨਿਸ਼ਾਨ ਨਾਲ ਮਿਲਦਾ ਹੈ ਅਤੇ ਜਸਬੀਰ ਅਟਵਾਲ ਦੀ ਸੱਜੀ ਇਨਡੈਕਸ ਉਂਗਲੀ ਦਾ ਨਿਸ਼ਾਨ ਟੂਥ ਪੇਸਟ ਦੇ ਡੱਬੇ ਤੋਂ ਲਏ ਨਿਸ਼ਾਨ ਨਾਲ ਮਿਲਦਾ ਹੈ।

ਕਥਿਤ ਦੋਸ਼ੀ ਆਈਲੈਂਡ ਉਤੇ ਦੇਖੇ ਗਏ

ਸੋਮਵਾਰ ਨੂੰ ਸ਼ੁਰੂ ਹੋਈ ਕੇਸ ਦੀ ਸੁਣਵਾਈ ਸਮੇਂ ਸਰਕਾਰੀ ਵਕੀਲ ਨੇ ਕਿਹਾ ਕਿ ਗੋਲੀ ਮਾਰਨ ਦੇ ਸਮੇਂ ਦੇ ਦੌਰਾਨ ਕਥਿਤ ਦੋਸ਼ੀ ਉਸ ਇਲਾਕੇ ਵਿਚ ਸਨ।

ਕੋਰੀਨ ਡਿਊਕ, ਜੋ ਬਲੈਕ ਕਰੀਕ ਦੇ ਜਨਰਲ ਸਟੋਰ ਦਾ ਮੁਲਾਜ਼ਮ ਹੈ ਨੇ ਕਿਹਾ ਕਿ 23 ਮਈ, 1986 ਨੂੰ ਜਸਪਾਲ ਅਟਵਾਲ ਅਤੇ ਉਸਦਾ ਇਕ ਸਾਥੀ ਸਟੋਰ ਵਿਚ ਆਏ।

ਟਹਿਸਾਸ ਸ਼ੈਲੇ ਹੋਟਲ ਦੀ ਨਾਈਟ ਕਲਰਕ ਕੈਥਰੀਨ ਵਾਊਟੂਰ ਨੇ ਕਿਹਾ ਦੋ ਈਸਟ ਇੰਡੀਅਨਾਂ ਨੇ ਕਮਰਾ ਨੰ: 210 ਲਿਆ ਅਤੇ ਮਈ 23 ਤੇ 24 ਨੂੰ ਰਾਤਾਂ ਨੂੰ ਰਹੇ — ਰਜਿਸਟਰੇਸ਼ਨ ਫਾਰਮ ਉਤੇ ਇਕ ਨੇ ਆਪਣਾ ਨਾਂ 'ਜੇ. ਅਟਵਾਲ' ਲਿਖਿਆ। ਗਵਾਹ ਨੇ ਕਿਹਾ ਕਿ ਉਸ ਵਿਅਕਤੀ ਨੇ ਆਪਣਾ ਪਤਾ ਵੈਨਕੂਵਰ ਦਾ ਦਿਤਾ ਅਤੇ ਫਾਰਮ ਉਤੇ ਲਿਖਿਆ ਕਿ ਉਸ ਕੋਲ ਪੌਂਟੀਆਕ ਗਰੈਂਡ-ਐਮ ਹੈ।

ਜਸਪਾਲ ਸਿੰਘ ਅਟਵਾਲ ਦੀ ਪਛਾਣ

[illegible] ਵਿਚ ਕਿਸ ਨੂੰ ਪਛਾਣਦਾ ਹੈ ਤਾਂ ਉਸ ਨੇ ਜਸਪਾਲ ਸਿੰਘ ਅਟਵਾਲ ਵੱਲ ਇਸ਼ਾਰਾ ਕੀਤਾ।

ਹੋਟਲ ਦੀ ਇਕ ਵੇਟਰਸ ਪੈਂਗੀ ਚੌਂਗ ਨੇ ਕਿਹਾ ਕਿ ਇਹ ਦੋ ਵਿਅਕਤੀ ਜਸਪਾਲ ਸਿੰਘ ਅਟਵਾਲ ਅਤੇ ਜਸਵੀਰ ਸਿੰਘ ਅਟਵਾਲ 23 ਮਈ ਨੂੰ ਹੋਟਲ ਵਿਚ ਸਨ ਅਤੇ ਇਨ੍ਹਾਂ ਨੇ ਸੈਂਡਵਿਚਾਂ ਦਾ ਔਰਡਰ ਦਿੱਤਾ।

THE CANADA DARPAN

(Punjabi Weekly Newspaper)

P.O.BOX 265

Surrey, B.C. V3T 4W8

Chief Editor: DARSHAN GILL

Art: N. DHALIWAL

All office holders of CANADA DARPAN are honorary associates.

'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

Ph. 581-4473

ਸਮਕਾਲੀ ਟਿੱਪਣੀਆਂ

ਭਾਵੇਂ ਸ.ਪ੍ਰਕਾਸ਼ ਸਿੰਘ ਬਾਦਲ ਅਤੇ ਸ.ਗੁਰਚਰਨ ਸਿੰਘ ਟੌਹੜਾ ਦੇ ਸਮਰਥਕਾਂ ਨੇ ਸ.ਸੁਰਜੀਤ ਸਿੰਘ ਬਰਨਾਲਾ ਲਈ ਕਈ ਕਠਿਨਾਈਆਂ ਪੈਦਾ ਕੀਤੀਆਂ ਹਨ ਪਰ ਇਹ ਮੰਨਣਾ ਪਵੇਗਾ ਕਿ ਸ.ਬਰਨਾਲਾ ਸਾਫ ਹਨ ਅਤੇ ਕੇਂਦਰ ਸਰਕਾਰ ਨਾਲ ਵੀ ਪੂਰਾ ਸਹਿਯੋਗ ਕਰ ਰਹੇ ਹਨ। ਇਹ ਗੱਲ ਵੱਖਰੀ ਹੈ ਕਿ ਆਤੰਕਵਾਦ ਨੂੰ ਦਬਾਉਣ ਵਿਚ ਉਨ੍ਹਾਂ ਨੂੰ ਅਜੇ ਤਕ ਸਫਲਤਾ ਨਹੀਂ ਮਿਲੀ। ਅਕਾਲੀ ਦਲ (ਲੌਂਗੋਵਾਲ) ਦੀ ਮੁੱਖ ਮੰਗ ਇਹ ਹੈ ਕਿ ਜੋਧਪੁਰ ਜੇਲ੍ਹ ਵਿਚ ਬੰਦ ਨਜ਼ਰਬੰਦਾਂ ਨੂੰ ਬਿਨਾਂ ਕਿਸੇ ਦੇਰੀ ਦੇ ਰਿਹਾਅ ਕੀਤਾ ਜਾਵੇ। ਜਿਨ੍ਹਾਂ ਨਜ਼ਰਬੰਦਾਂ ਵਿਰੁੱਧ ਹਿੰਸਾ ਜਾਂ ਹੋਰ ਕਿਸੇ ਸੰਗੀਨ ਅਪਰਾਧ ਦੇ ਦੋਸ਼ ਨਹੀਂ ਹਨ ਉਨ੍ਹਾਂ ਨੂੰ ਛੱਡਣ ਵਿਚ ਕੇਂਦਰ ਨੂੰ ਕੋਈ ਮੁਸ਼ਕਲ ਨਹੀਂ ਹੋਣੀ ਚਾਹੀਦੀ। ਉਧਰ ਪੰਜਾਬ ਸਮਝੌਤੇ ਦੀਆਂ ਜਿਨ੍ਹਾਂ ਮੱਦਾਂ 'ਤੇ ਅਜੇ ਅਮਲ ਨਹੀਂ ਹੋਇਆ ਉਨ੍ਹਾਂ ਸੰਬੰਧੀ ਕੇਂਦਰ ਅਤੇ ਬਰਨਾਲਾ ਸਰਕਾਰ ਨੂੰ ਵਿਚਾਰ ਵਟਾਂਦਰਾ ਕਰ ਕੇ ਕੋਈ ਰਾਹ ਕੱਢਣਾ ਹੋਵੇਗਾ। ਅੜਿੱਚਣ ਦੂਰ ਕਰਨ ਨਾਲ ਬਰਨਾਲਾ ਦੀ ਸਥਿਤੀ ਦ੍ਰਿੜ੍ਹ ਹੋਵੇਗੀ। ਦਮਦਮੀ ਟਕਸਾਲ,ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਵੀ ਰਾਜਸੀ ਸਮਝੌਤੇ ਲਈ ਗੱਲਬਾਤ ਦੀ ਇੱਛਾ ਪ੍ਰਗਟ ਕੀਤੀ ਹੈ।

ਹਿੰਦੁਸਤਾਨ

ਪੰਜਾਬ ਪੁਲੀਸ ਦੇ ਡਾਇਰੈਕਟਰ ਜਨਰਲ ਜੇ.ਐਫ.ਰਿਬੇਰੋ ਦਾ ਇਹ ਕਹਿਣਾ ਹੈ ਕਿ ਪ੍ਰਾਂਤ ਵਿੱਚ ਆਤੰਕਵਾਦ ਘਟਾਇਆ ਜਾ ਸਕਦਾ ਹੈ ਪਰ ਖਤਮ ਨਹੀਂ ਕੀਤਾ ਜਾ ਸਕਦਾ,ਇਕ ਤਰ੍ਹਾਂ ਸਰਕਾਰ ਦਾ ਧਿਆਨ ਉਸ ਸਿਆਸੀ ਖੱਪੇ ਵੱਲ ਖਿੱਚਦਾ ਹੈ ਜੋ ਕਿ ਪੰਜਾਬ ਵਿਚ ਅਜੇ ਵੀ ਜਾਰੀ ਹੈ। ਉਨ੍ਹਾਂ ਦੇ ਇਸ ਨੁਕਤੇ ਨੂੰ ਵਧੇਰੇ ਗੰਭੀਰਤਾ ਨਾਲ ਵਾਚਣ ਦੀ ਜ਼ਰੂਰਤ ਹੈ ਕਿਉਂਕਿ ਕਿਸੇ ਵੀ ਪੁਲੀਸ ਮੁਖੀ ਲਈ,ਖਾਸ ਕਰ ਕੇ ਉਸ ਮੁਖੀ ਲਈ ਜੋ ਕਿ ਆਪਣੀ ਪੁਲੀਸ ਸ਼ਕਤੀ ਬਾਰੇ ਆਏ ਦਿਨ ਬਿਆਨਬਾਜ਼ੀ ਕਰਦਾ ਰਹਿੰਦਾ ਹੈ,ਇਹੋ ਜਿਹੀਆਂ ਗੱਲਾਂ ਕਹਿਣੀਆਂ ਆਪਣੀਆਂ ਪ੍ਰਾਪਤੀਆਂ ਨੂੰ ਸੀਮਤ ਕਰਨੇ ਦੇ ਤੁਲ ਹੈ। ਉਧਰ ਜੇ ਪ੍ਰਾਂਤ ਦੀ ਸਿਆਸੀ ਲੀਡਰਸ਼ਿਪ ਉਪਰੋਕਤ ਸਮੱਸਿਆ ਪ੍ਰਤੀ ਪੂਰੀ ਜ਼ਿੰਮੇਵਾਰੀ ਤੋਂ ਕੰਮ ਨਹੀਂ ਲੈ ਰਹੀ ਤਾਂ ਫਿਰ ਪੁਲੀਸ ਸ਼ਕਤੀ ਦਾ ਸਦਾਚਾਰਕ ਬਲ ਵਧਣ ਦੀ ਵੀ ਸੰਭਾਵਨਾ ਨਹੀਂ। ਇਹ ਗੱਲ ਵੱਖਰੀ ਹੈ ਕਿ ਸ੍ਰੀ ਰਿਬੇਰੋ ਭਾਵੇਂ ਇਸ ਸੰਬੰਧੀ ਆਪਣੇ ਵਲੋਂ ਕੁਝ ਕਦਮ ਚੁੱਕਦੇ ਰਹਿਣ।

-ਸਟੇਟਸਮੈਨ

ਬਾਦਲ ਅਕਾਲੀ ਦਲ ਵਲੋਂ ਦਰਿਆਈ ਪਾਣੀਆਂ ਦੀ ਵੰਡ ਨੂੰ ਲੈ ਕੇ ਕਾਇਮ ਕੀਤੇ ਗਏ ਇਰਾਦੀ ਕਮਿਸ਼ਨ ਦੀ ਰਿਪੋਰਟ ਨੂੰ ਕੇਂਦਰ ਸਰਕਾਰ ਨੂੰ ਪੇਸ਼ ਕੀਤੇ ਜਾਣ ਤੋਂ ਪਹਿਲਾਂ ਹੀ ਰੱਦ ਕਰਨ ਦਾ ਲਿਆ ਗਿਆ ਫੈਸਲਾ ਬੜਾ ਅਫਸੋਸਨਾਕ ਹੈ। ਪੰਜਾਬ ਵਿਧਾਨ ਸਭਾ ਵਿੱਚ ਇਸ ਅਕਾਲੀ ਦਲ ਨੇ ਨੇਤਾ ਸ.ਅਮਰਿੰਦਰ ਸਿੰਘ ਵਲੋਂ ਇਸ ਦਾ ਕਾਰਨ ਇਹ ਦੱਸਿਆ ਗਿਆ ਹੈ ਕਿ ਕਮਿਸ਼ਨ ਨੂੰ ਬਿਆਸ ਅਤੇ ਰਾਵੀ ਦੇ ਉਸ ਪਾਣੀ ਨੂੰ ਪੰਜਾਬ-ਹਰਿਆਣਾ ਅਤੇ ਰਾਜਸਥਾਨ ਵਿਚਕਾਰ ਵੰਡ ਕਰਨ ਲਈ ਕਿਹਾ ਗਿਆ ਹੈ ਜੋ ਇਸ ਵੇਲੇ ਇਹ ਤਿੰਨੇ ਪ੍ਰਾਂਤ ਵਰਤ ਰਹੇ ਹਨ। ਲਗਦੇ ਹੱਥ ਕਮਿਸ਼ਨ ਵਲੋਂ ਅੰਤਰਰਾਸ਼ਟਰੀ ਨਿਯਮ ਅਨੁਸਾਰ ਬਿਆਸ, ਰਾਵੀ ਤੇ ਸਤਲੁਜ ਦੇ ਦਰਿਆਵਾਂ ਦੇ ਪਾਣੀਆਂ ਸਬੰਧੀ ਪੰਜਾਬ ਦੇ ਬਣਦੇ ਰਿਪੇਰੀਅਨ ਅਧਿਕਾਰ ਨੂੰ ਮੁਕੰਮਲ ਸੰਦਰਭ ਵਿਚ ਨਹੀਂ ਰੱਖਿਆ ਜਾ ਰਿਹਾ। ਇਰਾਦੀ ਕਮਿਸ਼ਨ ਨੂੰ ਸਿਰਫ 19 ਜੁਲਾਈ,1985 ਤੇ ਰਾਜੀਵ-ਲੌਂਗੋਵਾਲ ਸਮਝੌਤੇ ਦੀ ਰੌਸ਼ਨੀ ਵਿਚ ਹੀ ਵੇਖਿਆ ਜਾਣਾ ਚਾਹੀਦਾ ਹੈ।

-ਹਿੰਦੁਸਤਾਨ ਟਾਈਮਜ਼

ਲਗਦਾ ਹੈ ਕਿ ਆਸਾਮ ਵਿਚ ਵਿਦਿਆਰਥੀ ਅੰਦੋਲਨ ਘੁੰਮ ਫਿਰ ਕੇ ਫਿਰ ਉਥੇ ਹੀ ਆ ਰਿਹਾ ਹੈ। ਜਿਥੋਂ ਸ਼ੁਰੂ ਹੋਇਆ ਸੀ। ਹਰ ਰੋਜ਼ ਅਸਾਮ ਬੰਦ ਅਤੇ ਰਸਤਾ ਰੋਕੋ ਮੁਹਿੰਮਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ। ਸਟੂਡੈਂਟਸ ਯੂਨੀਅਨ ਅਸਾਮ ਗਣ ਪ੍ਰੀਸ਼ਦ ਸਰਕਾਰ ਨਾਲ ਨਾਰਾਜ਼ ਹੈ ਕਿ ਉਹ ਹੁਣ ਮਹੰਤਾ ਸਰਕਾਰ ਤੇ ਕੇਂਦਰ ਦੋਹਾਂ ਨੂੰ ਹੱਥੋਂ ਹੱਥੀਂ ਲੈ ਰਹੀ ਹੈ। ਆਸਾਮ ਸਰਕਾਰ ਅਤੇ ਕੇਂਦਰ ਸਰਕਾਰ ਵਿਚਕਾਰ ਚਲ ਰਹੀ ਗੱਲਬਾਤ ਤੋਂ ਇਹ ਸਮਝ ਸਕਣਾ ਮੁਸ਼ਕਲ ਹੈ ਕਿ ਸਟੂਡੈਂਟਸ ਅਸਾਮ ਸਮਝੌਤੇ ਦੇ

ਬਾਕੀ ਪੰਨਾ 5 'ਤੇ

ਪੰਥਕ ਏਕਤਾ ਕਿ ਪੰਥਕ ਤਬਾਹੀ

ਪਿਛਲੇ ਕੁਝ ਸਮੇਂ ਵਿਚ ਸਿੱਖ ਰਾਜਨੀਤੀ ਵਿਚ ਬੜੀਆਂ ਤਿੱਖੀਆਂ ਤਬਦੀਲੀਆਂ ਅਮਲ ਵਿਚ ਆਈਆਂ ਹਨ। ਅਸਲ ਵਿਚ ਇਹ ਅਮਲ ਜਥੇਦਾਰ ਟੌਹੜਾ ਦੇ ਸ਼੍ਰੋਮਣੀ ਕਮੇਟੀ ਉਪਰ ਕਬਜ਼ੇ ਨਾਲ ਸ਼ੁਰੂ ਹੋਇਆ, ਜਿਸ ਦੇ ਨਤੀਜੇ ਵਜੋਂ ਹਰਿਮੰਦਰ ਸਾਹਿਬ ਕੰਪਲੈਕਸ ਉਪਰ ਮੁੜ ਤੋਂ ਵੱਖਵਾਦੀ ਤੱਤਾਂ ਦਾ ਅਧਿਕਾਰ ਹੋ ਗਿਆ। ਉਨ੍ਹਾਂ ਨੇ ਆਪਣੀ ਵੱਖਵਾਦੀ ਰਾਜਨੀਤੀ ਨੂੰ ਹੋਰ ਅਗੇ ਲਿਜਾਣ ਲਈ, ਪਹਿਲੇ ਸਿੰਘ ਸਾਹਿਬਾਨਾਂ ਨੂੰ ਬਦਲ ਕੇ ਉਨ੍ਹਾਂ ਦੀ ਥਾਂ ਉਪਰ ਵਖੱਵਾਦੀ ਵਿਚਾਰਾਂ ਦੇ ਵਿਅਕਤੀਆਂ ਨੂੰ ਥਾਪ ਦਿੱਤਾ ਹੈ।

ਸਿੰਘ ਸਾਹਿਬਾਨ ਦੇ ਅਹੁਦੇ ਸਿੱਖ ਧਰਮ ਵਿਚ ਬੜੇ ਉਚੇ, ਪਵਿੱਤਰ ਅਤੇ ਨਿਰਪੱਖ ਹਨ, ਜੋ ਕਿ ਸਿੱਖ ਧਰਮ ਦੇ ਮੂਲ ਸਿਧਾਂਤਾਂ ਦੀ ਵਿਆਖਿਆ ਕਰਨ ਵਿਚ ਅਤੇ ਉਨ੍ਹਾਂ ਸਿਧਾਂਤਾਂ ਦੀ ਰਾਖੀ ਕਰਨ ਦੇ ਜਾਮਣ ਹਨ।

ਪਰ ਨਵੇਂ ਸਿੰਘ ਸਾਹਿਬਾਨਾਂ ਦੇ ਅਮਲ ਨੇ ਇਨ੍ਹਾਂ ਅਹੁਦਿਆਂ ਦੇ ਵਕਾਰ ਨੂੰ ਪੱਖਪਾਤੀ ਅਤੇ ਨੀਵੀਂ ਪੱਧਰ ਦੀ ਰਾਜਨੀਤੀ ਵਿਚ ਸੁੱਟ ਕੇ ਬੜਾ ਧੱਕਾ ਮਾਰਿਆ ਹੈ। ਆਮ ਸਿੱਖ ਜਨਤਾ, ਜੋ ਗੂਹੜੀ ਤਰਾਂ ਕਿਸੇ ਸਿੱਖ ਰਾਜਨੀਤੀ ਨਾਲ ਜੁੜੀ ਹੋਈ ਨਹੀਂ ਹੈ, ਸਿੰਘ ਸਾਹਿਬਾਨਾਂ ਦੇ ਅਮਲ ਉਪਰ ਬੜੀ ਭਾਰੀ ਮਾਯੂਸੀ ਜ਼ਾਹਰ ਕਰ ਰਹੀ ਹੈ।

ਸਿੰਘ ਸਾਹਿਬਾਨਾਂ ਨੇ ਵੱਖਵਾਦੀ ਗਰੁੱਪਾਂ ਦੀ ਰਾਜਨੀਤੀ ਅਨੁਸਾਰ [illegible] ਜਾਰੀ ਕਰ ਦਿੱਤਾ ਕਿ ਸਾਰੇ ਅਕਾਲੀ ਦਲ ਭੰਗ ਕਰ ਦਿੱਤੇ ਜਾਣ। ਉਨ੍ਹਾਂ ਦੇ ਹੁਕਮ ਦੀ ਤਾਮੀਲ ਸਿਰਫ ਉਨ੍ਹਾਂ ਦੇ ਗਰੁੱਪਾਂ ਬਾਬਾ ਦਲ ਅਤੇ ਬਾਦਲ ਦਲ ਨੇ ਕੀਤੀ, ਜੋ ਵੱਖ ਵੱਖ ਨਾਵਾਂ ਤੋਂ ਬਿਨਾਂ ਪਹਿਲਾਂ ਵੀ ਇਕ ਸਨ। ਮਾਸਟਰ ਅਕਾਲੀ ਦਲ, ਫੇਰੂਮਾਨ ਅਕਾਲੀ ਦਲ ਅਤੇ ਸਭ ਤੋਂ ਵੱਡੇ ਅਕਾਲੀ ਦਲ (ਲੌਂਗੋਵਾਲ) ਨੇ ਵੱਖੋ ਵੱਖ ਆਧਾਰਾਂ ਉਪਰ ਆਪਣੇ ਦਲ ਭੰਗ ਕਰਨ ਤੋਂ ਇਨਕਾਰ ਕਰ ਦਿੱਤਾ

ਅਕਾਲੀ ਦਲ (ਲ) ਨੇ ਜਿਸਦੇ ਪ੍ਰਧਾਨ ਮੁਖ ਮੰਤਰੀ ਬਰਨਾਲਾ ਹਨ, ਸਿੰਘ ਸਾਹਿਬਾਨਾਂ ਦਾ ਸਤਿਕਾਰ ਕਰਦਿਆਂ, ਅਕਾਲੀ ਦਲ, ਸਿੱਖ ਸਮੂਹ, ਪੰਜਾਬੀਆਂ ਅਤੇ ਦੇਸ਼ ਦੀ ਅਖੰਡਤਾ ਨੂੰ ਧਿਆਨ ਵਿਚ ਰੱਖਦਿਆਂ ਆਪਣਾ ਦਲ ਭੰਗ ਕਰਨ ਤੋਂ ਨਾਂਹ ਕਰਕੇ ਇਕ ਤਰਾਂ ਵੱਖਵਾਦੀ ਤੱਤਾਂ ਅੱਗੇ ਝੁਕਣ ਤੋਂ ਨਾਂਹ ਕੀਤੀ ਹੈ। ਇਸ ਤਰ੍ਹਾਂ ਕਰਕੇ ਉਸ ਨੇ ਪੰਜਾਬ ਨੂੰ ਹੋਰ ਡੂੰਘੇ ਸੰਕਟ ਵਿਚ ਡਿੱਗਣ ਤੋਂ ਬਚਾ ਲਿਆ ਹੈ।

ਇਨ ਬਿਨ ਏਹੋ ਕੁਝ ਇਨ੍ਹਾਂ ਤੱਤਾਂ ਨੇ ਸੰਤ ਲੌਂਗੋਵਾਲ ਦੇ ਸ਼ਹੀਦ ਹੋਣ ਤੋਂ ਪਹਿਲਾਂ ਕੀਤਾ ਸੀ, ਜਦੋਂ ਪੰਥਕ ਏਕਤਾ ਦੇ ਨਾਂ ਹੇਠ ਸੰਤ ਲੌਂਗੋਵਾਲ ਦੇ ਅਸਤੀਫੇ ਦਾ ਐਲਾਨ ਕਰ ਦਿੱਤਾ ਸੀ। ਪ੍ਰੰਤੂ ਉਸ ਸਮੇਂ ਸੰਤ ਲੌਂਗੋਵਾਲ ਨੇ ਦੂਰ ਦ੍ਰਿਸ਼ਟੀ ਤੋਂ ਕੰਮ ਲੈਂਦਿਆਂ, ਪੰਜਾਬੀ ਜਨ ਸਮੂੰਹ ਨੂੰ ਵੱਖਵਾਦੀਆਂ ਦੀ ਇਸ ਛਲ ਭਰੀ ਸਾਜ਼ਸ਼ ਤੋਂ ਸਾਵਧਾਨ ਕਰ ਦਿੱਤਾ ਸੀ। ਅਤੇ ਸਮੁੱਚੇ ਪੰਜਾਬੀਆਂ ਅਤੇ ਦੂਜੀਆਂ ਰਾਜਸੀ ਪਾਰਟੀਆਂ ਨੇ ਸੰਤ ਲੌਂਗੋਵਾਲ ਦੇ ਸਟੈਂਡ ਦੀ ਪੁਸ਼ਟੀ ਕੀਤੀ ਸੀ।

ਹੁਣ ਸਿੰਘ ਸਾਹਿਬਾਨਾਂ ਨੇ ਬਰਨਾਲਾ ਵਲੋਂ ਉਨ੍ਹਾਂ ਦਾ ਹੁਕਮਨਾਮਾ ਮੰਨਣ ਤੋਂ ਇਨਕਾਰ ਕਰਨ ਉਪਰ ਉਨ੍ਹਾਂ ਨੂੰ ਅਕਾਲ ਤਖਤ ਅਗੇ ਪੇਸ਼ ਹੋਣ ਲਈ ਹੁਕਮ ਜਾਰੀ ਕੀਤਾ ਅਜਿਹਾ ਨਾ ਕਰਨ ਦੀ ਸੂਰਤ ਵਿਚ ਉਹ ਬਰਨਾਲਾ ਨੂੰ ਸਿੱਖ ਪੰਥ ਵਿਚੋਂ ਛੇਕ ਦੇਣ ਦਾ ਹੀ ਐਲਾਨ ਕਰ ਦਿੱਤਾ ਹੈ। ਅਕਾਲੀ ਦਲ (ਲ) ਦੇ ਵਿਧਾਇਕਾਂ ਦੀ ਮੀਟਿੰਗ ਨੇ ਸਰਬ ਸੰਮਤੀ ਨਾਲ ਬਰਨਾਲਾ ਨੂੰ ਕਿਹਾ ਹੈ ਕਿ ਉਹ ਬੁੱਧਵਾਰ ਨੂੰ ਸਿੰਘ ਸਾਹਿਬਾਨ ਦੇ ਪੇਸ਼ ਨਾ ਹੋਣ, ਕਿਉਂਕਿ ਅਜਿਹਾ ਕਰਨਾ ਪੰਜਾਬ ਦੇ ਲੋਕਾਂ ਦੇ ਵਿਆਪਕ [illegible] ਕਮਿਊਨਿਸਟ ਪਾਰਟੀਆਂ ਨੇ ਬਰਨਾਲਾ ਦੇ ਵੱਖਵਾਦੀਆਂ ਦੇ ਦਬਾਓ ਅਗੇ ਨਾ ਝੁਕਣ ਲਈ ਪ੍ਰਸੰਸਾ ਕੀਤੀ ਹੈ।

ਯਾਦ ਰਹੇ ਕਿ ਇਹ ਸਿੰਘ ਸਾਹਿਬਾਨਾਂ ਦਾ ਉਹ ਹੀ ਅਹੁਦਾ ਹੈ ਜਿਸਦੀ ਨਿਰਪੱਖ ਅਤੇ ਧਰਮ ਹਿਤ ਵਰਤੋਂ ਕਰਦਿਆਂ ਪਹਿਲੇ ਸਿੰਘ ਸਾਹਿਬਾਨਾਂ ਨੇ 1984 ਤੋਂ ਪਹਿਲਾਂ ਹੁਕਮਨਾਮਾ ਜਾਰੀ ਕੀਤਾ ਸੀ ਕਿ ਹਰਿਮੰਦਰ ਸਾਹਿਬ ਦੀ ਪਰੰਪਰਾਗਤ ਰਵਾਇਤ ਅਨੁਸਾਰ ਦਰਬਾਰ ਸਾਹਿਬ ਦੇ ਅੰਦਰ ਕੋਈ ਵਿਅਕਤੀ ਹਥਿਆਰ ਲੈ ਕੇ ਨਾ ਜਾਵੇ। ਉਨ੍ਹਾਂ ਦਾ ਭਾਵ ਉਸ ਸਮੇਂ ਭਿੰਡਰਾਂਵਾਲੇ ਅਤੇ ਉਸ ਦੇ ਬੰਦਿਆਂ ਵੱਲੋਂ ਬੰਦੂਕਾਂ ਆਦਿ ਲਿਜਾਣ ਨੂੰ ਰੋਕਣਾ ਸੀ। ਪ੍ਰੰਤੂ ਭਿੰਡਰਾਂਵਾਲੇ ਨੇ ਸਿੰਘ ਸਾਹਿਬਾਨ ਦਾ ਹੁਕਮ ਮੰਨਣ ਤੋਂ ਇਨਕਾਰ ਕਰਦਿਆਂ ਉਨ੍ਹਾਂ ਨੂੰ 'ਮਮੂਲੀ ਤਨਖਾਹਦਾਰ ਮੁਲਾਜ਼ਮ' ਕਹਿ ਕੇ ਅਪਮਾਨ ਕੀਤਾ ਸੀ, ਜਦੋਂ ਕਿ ਉਸ ਸਮੇਂ ਸਿੰਘ ਸਾਹਿਬਾਨ ਨਿਰੋਲ ਨਿਰਪੱਖ ਤੌਰ ਉਪਰ ਰਵਾਇਤਾਂ ਦੀ ਕਾਇਮੀ ਤੇ ਸਥਾਪਤੀ ਲਈ ਕਹਿ ਰਹੇ ਸਨ। ਹੁਣ ਜਦੋਂ ਕਿ ਸਿੰਘ ਸਾਹਿਬਾਨ ਉਸ ਤਰ੍ਹਾਂ ਹੀ ਤੰਗ ਰਾਜਸੀ ਹਿੱਤਾਂ ਦੀ ਪੂਰਤੀ ਲਈ ਹੁਕਮ ਜਾਰੀ ਕਰ ਰਹੇ ਹਨ, ਜਿਵੇਂ ਕਿ ਕੇਂਦਰ ਦੀ ਰਾਜੀਵ ਸਰਕਾਰ ਤੰਗ ਰਾਜਸੀ ਹਿੱਤਾਂ ਲਈ ਪੰਜਾਬ ਸਮਝੌਤਾ ਲਾਗੂ ਕਰਨ ਨੂੰ ਪਿਛੇ ਹਟੀ ਰਹੀ ਹੈ। ਜਿਸ ਦੇ ਅਮਲ ਵਿਚ ਨਾ ਆਉਣ ਦੇ ਕਾਰਨ ਹੀ ਪੰਜਾਬ ਵਿਚ ਇਹ ਵੱਖਵਾਦੀ ਤੱਤ ਮਜ਼ਬੂਤ ਹੋਏ ਹਨ ਅਤੇ ਬਰਨਾਲਾ ਦੀ ਪੁਜ਼ੀਸ਼ਨ ਕਮਜ਼ੋਰ ਹੋਈ ਹੈ। ਇਸ ਕਾਰਨ ਹੀ ਪੰਜਾਬ ਵਿਚ ਆਏ ਦਿਨ ਦੁਖਦਾਈ ਕਤਲ ਹੋ ਰਹੇ ਹਨ। ਹੁਣ ਜੋ ਪੁਲਸ ਅਫਸਰਾਂ ਦੇ ਕਤਲਾਂ ਦਾ ਸਿਲਸਿਲਾ ਸ਼ੁਰੂ ਹੋਇਆ ਹੈ ਇਹ ਪੁਲਸ ਅਧਿਕਾਰੀਆਂ ਦੇ ਹੌਂਸਲੇ ਢਾਉਣ ਲਈ ਕੀਤੇ ਜਾ ਰਹੇ ਹਨ।

ਪੰਜਾਬ ਵਿਚ ਵੱਖਵਾਦੀਆਂ ਵਲੋਂ ਸਿੰਘ ਸਾਹਿਬਾਨ ਦੁਆਰਾ ਰਚੇ ਗਏ ਨਾਟਕ ਦਾ ਅਸਲੀ ਅਰਥਾਂ ਵਿਚ 'ਪੰਥਕ ਏਕਤਾ' ਨਾਲ ਕੋਈ ਵਾਸਤਾ ਨਹੀਂ ਹੈ। ਇਹ ਤਾਂ ਪੰਜਾਬ ਨੂੰ ਅਤਿਵਾਦੀਆਂ ਦੇ ਹਵਾਲੇ ਕਰਨ ਲਈ ਮੈਦਾਨ ਪੱਧਰਾ ਕਰਨਾ ਹੈ। ਇਸ ਨਾਲ ਪੰਥ ਦੀ ਅਤੇ ਅਕਾਲੀ ਦਲ ਦੀ ਤਬਾਹੀ ਹੋਵੇਗੀ, ਜਿਸ ਨੂੰ ਅਤਿਵਾਦੀ ਆਪਣੇ ਮਨੋਰਥਾਂ ਨੂੰ ਅਗੇ ਲਿਜਾਣ ਲਈ ਵਰਤਣਗੇ। ਬਾਦਲ ਜੋ ਕੁਰਸੀ ਦੀ ਤਾਕ ਵਿਚ ਹੈ, ਇਸ ਵਿਚੋਂ ਸ਼ਾਇਦ ਹੀ ਕੁਝ ਪ੍ਰਾਪਤ ਕਰ ਸਕੇ ਸਿਵਾਏ 'ਖੁਆਰੀ' ਅਤੇ ਅਤਿਵਾਦੀਆਂ ਦਾ '--------- ਬਣਨ ਦੇ।

ਜੇਕਰ ਵਖਵਾਦੀਆਂ ਦੀਆਂ ਦਿਨੋਂ ਦਿਨ ਹੋਰ ਚੜ੍ਹ ਮੱਚੀਆਂ, ਜੇਕਰ ਬਰਨਾਲਾ ਵਜ਼ਾਰਤ ਟੁੱਟ ਗਈ ਤਾਂ ਨਤੀਜਾ ਰਾਸ਼ਟਰਪਤੀ ਰਾਜ ਵਿਚ ਨਿਕਲੇਗਾ, ਜਿਸ ਵਿਚ ਫੌਜ ਅਤੇ ਪੁਲਸ ਹੀ ਸਭ ਕੁਝ ਹੋਵੇਗੀ। ਮਾੜੀ ਤੋਂ ਮਾੜੀ ਅਤੇ ਕਮਜ਼ੋਰ ਤੋਂ ਕਮਜ਼ੋਰ ਚੁਣੀ ਹੋਈ ਸਰਕਾਰ ਕਿਸੇ ਵੀ ਫੌਜੀ ਜਾਂ ਗਵਰਨਰੀ ਰਾਜ ਤੋਂ ਚੰਗੀ ਹੁੰਦੀ ਹੈ।

ਅਸੀਂ ਅੰਤ ਵਿਚ ਇਹ ਰਾਏ ਪ੍ਰਗਟ ਕਰਨੀ ਚਾਹੁੰਦੇ ਹਾਂ ਕਿ ਪੰਜਾਬ ਨੂੰ ਹੋਰ ਤਬਾਹੀ ਤੋਂ ਬਚਾਉਣ ਲਈ ਹਾਲੇ ਵੀ ਕੇਂਦਰ ਪੰਜਾਬ-ਸਮਝੌਤੇ ਨੂੰ ਤੁਰੰਤ ਲਾਗੂ ਕਰੇ। ਜਿਸ ਨਾਲ ਬਰਨਾਲਾ ਪੰਜਾਬੀ ਲੋਕਾਂ ਦੀ ਹਿਮਾਇਤ ਜਿੱਤ ਸਕੇ, ਜੋ ਕਿ ਵਖਵਾਦੀਆਂ ਨੂੰ ਨਿਖੇੜਨ ਵਿਚ ਸਹਾਈ ਹੋਵੇਗੀ। ਇਸ ਤੋਂ ਪਿਛੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਾਈਆਂ ਜਾਣ ਤਾਂ ਜੋ ਹਰਿਮੰਦਰ ਸਾਹਿਬ ਦੇ ਪ੍ਰਬੰਧ ਨੂੰ ਵੱਖਵਾਦੀਆਂ ਤੋਂ ਮੁਕਤ ਕਰਵਾਕੇ ਉਥੇ ਸਿੱਖ ਧਰਮ ਦੀਆਂ ਰਹੁ ਰੀਤਾਂ ਅਨੁਸਾਰ ਪ੍ਰਬੰਧ ਨੂੰ ਮੁੜ ਤੋਂ ਬਹਾਲ ਕੀਤਾ ਜਾ ਸਕੇ। ਸਿੰਘ ਸਾਹਿਬਾਨ ਦੇ ਪੱਖਪਾਤੀ ਰੋਲ ਨੂੰ ਸਿਖ ਸਮੂੰਹ ਨੂੰ ਸਮਝਣਾ ਚਾਹੀਦਾ ਹੈ ਅਤੇ ਸਿੰਘ ਸਾਹਿਬਾਨ ਨੂੰ ਖੁਦ ਆਪਣੇ ਪੱਖਪਾਤੀ ਅਤੇ ਤੰਗ ਨਜ਼ਰੀਏ ਵਤੀਰੇ ਉਪਰ ਨਜ਼ਰ ਸਾਨੀ ਕਰਨੀ ਚਾਹੀਦੀ ਹੈ। ਏਸੇ ਵਿਚ ਹੀ ਸਿੱਖ ਪੰਥ ਦੀ ਸ਼ਾਨ ਹੈ। ਇਸ ਤੋਂ ਬਿਨਾਂ ਕੋਈ ਵੀ ਦੂਜਾ ਰਾਹ ਨਿਸਚੇ ਹੀ ਤਬਾਹੀ ਵੱਲ ਜਾਣ ਵਾਲਾ ਹੈ।

ਨਵੀਂ ਸੰਧੀ ਅਧੀਨ ਤਲਵਿੰਦਰ ਸਿੰਘ ਵਾਪਸ ਜਾਏਗਾ?

ਟਰਾਂਟੋ — ਇਕ ਕੰਜਰਵੇਟਿਵ ਐਮ ਪੀ ਨੇ ਕਿਹਾ ਹੈ ਕਿ ਫੈਡਰਲ ਜਸਟਿਸ ਡੀਪਾਰਟਮੈਂਟ ਦੇ ਵਕੀਲਾਂ ਨੇ ਫੈਸਲਾ ਕੀਤਾ ਹੈ ਕਿ ਪੰਜਾਬ 'ਚ ਦੋ ਪੁਲੀਸ ਅਫਸਰਾਂ ਦੇ ਕਤਲਾਂ 'ਚ ਲੋੜੀਂਦੇ ਤਲਵਿੰਦਰ ਸਿੰਘ ਪਰਮਾਰ ਨੂੰ ਭਾਰਤ ਦੇ ਹਵਾਲੇ ਨਹੀਂ ਕੀਤਾ ਜਾ ਸਕਦਾ।

ਐਮ ਪੀ ਪਾਲ ਮੈਕਰੋਸਨ ਨੇ ਇਹ ਗੱਲ ਭਾਰਤ ਅਤੇ ਕੈਨੇਡਾ 'ਚ ਇਸ ਸਬੰਧੀ ਹੋਈ ਸੰਧੀ ਤੋਂ ਬਾਅਦ ਕਹੀ।

ਭਾਰਤ ਅਤੇ ਕੈਨੇਡਾ ਵਿਚਕਾਰ ਹੋਈ ਇਸ ਸੰਧੀ 'ਚ ਬਹੁਤ ਸਾਰੇ ਅਪਰਾਧ ਆ ਜਾਂਦੇ ਹਨ। ਮੁੱਖ ਤੌਰ 'ਤੇ ਕਤਲ, ਅਗਵਾ, ਹਵਾਈ ਜਹਾਜ਼ ਨੂੰ ਅਗਵਾ ਕਰਨਾ, ਕਿਸੇ ਜਾਇਦਾਦ ਨੂੰ ਨੁਕਸਾਨ ਪਹੁੰਚਾਉਣਾ, ਹਥਿਆਰਾਂ ਅਤੇ ਬਰੂਦੀ ਪਦਾਰਥਾਂ ਦੇ ਕਾਨੂੰਨ ਦੀ ਉਲੰਘਣਾ, ਟੈਕਸਾਂ ਦੀ ਚੋਰੀ ਦੇ ਦੋਸ਼ ਅਤੇ ਇਸ ਤਰ੍ਹਾਂ ਦਾ ਕੋਈ ਹੋਰ ਅਪਰਾਧ ਜਿਸ ਅਧੀਨ ਇਕ ਸਾਲ ਦੀ ਸਜ਼ਾ ਹੋ ਸਕਦੀ ਹੋਵੇ, ਇਸ ਸੰਧੀ ਅਧੀਨ ਆਉਣਗੇ। ਕਿਸੇ ਇਕ ਦੇਸ਼ ਵਿਚ ਅਜਿਹਾ ਅਪਰਾਧ ਕਰਨ ਵਾਲੇ ਨੂੰ ਲੋੜ ਪੈਣ 'ਤੇ ਉਸ ਦੇਸ਼ ਦੇ ਹਵਾਲੇ ਕੀਤਾ ਜਾ ਸਕੇਗਾ।

ਭਾਰਤ ਨੇ ਇਕ ਵਿਸ਼ਾਲ ਸੰਧੀ ਦੀ ਮੰਗ ਕੀਤੀ ਸੀ ਜਿਸ ਅਧੀਨ ਭਾਰਤ 'ਚ ਅਤਿਵਾਦੀ ਕਾਰਵਾਈਆਂ ਲਈ ਲੋੜੀਂਦੇ ਕਨੇਡੀਅਨਾਂ ਨੂੰ ਵਾਪਸ ਭਾਰਤ ਮੰਗਵਾ ਕੇ ਮੁਕੱਦਮੇ ਚਲਾਏ ਜਾ ਸਕਣ।

ਤਲਵਿੰਦਰ ਸਿੰਘ ਪਰਮਾਰ ਬੱਬਰ ਖਾਲਸਾ ਜਥੇਬੰਦੀ ਦਾ ਲੀਡਰ ਹੈ ਜੋ ਭਾਰਤ 'ਚ ਗੜਬੜ ਫੈਲਾ ਕੇ ਵੱਖਰੇ ਦੇਸ਼ ਦੀ ਮੰਗ ਕਰਦੀ ਹੈ। ਭਾਰਤ ਸਰਕਾਰ ਨੇ 1980 ਵਿਚ ਦੋ ਪੁਲੀਸ ਅਫਸਰਾਂ ਦੇ ਕਤਲ ਦੇ ਸਬੰਧ 'ਚ ਤਲਵਿੰਦਰ ਸਿੰਘ ਦੇ ਖਿਲਾਫ ਕੇਸ ਦਰਜ ਕੀਤੇ ਹੋਏ ਹਨ।

ਪੱਛਮੀ ਜਰਮਨੀ 'ਚ ਗ੍ਰਿਫਤਾਰ ਹੋਣ ਤੋਂ ਬਾਅਦ ਤਲਵਿੰਦਰ ਸਿੰਘ ਨੂੰ 13 ਮਹੀਨੇ ਅੰਦਰ ਰੱਖਿਆ ਗਿਆ ਅਤੇ ਭਾਰਤ ਨੇ ਉਸ ਨੂੰ ਵਾਪਸ ਲੈਣ ਲਈ ਕਾਫੀ ਕੋਸ਼ਿਸ਼ ਕੀਤੀ।

ਪੱਛਮੀ ਜਰਮਨੀ ਨੇ ਇਹ ਕਹਿਕੇ ਉਸ ਨੂੰ ਕੈਨੇਡਾ ਭੇਜ ਦਿੱਤਾ ਕਿ ਭਾਰਤ ਨੇ ਪੂਰੇ ਸਬੂਤ ਨਹੀਂ ਪੇਸ਼ ਕੀਤੇ। ਮੈਕਰੋਸਨ ਨੇ ਕਿਹਾ ਕਿ ਜਸਟਿਸ ਡੀਪਾਰਟਮੈਂਟ ਨੇ ਜਰਮਨ ਦੀ ਅਦਾਲਤ ਦਾ ਰਿਕਾਰਡ ਦੇਖਿਆ ਹੈ ਅਤੇ ਫੈਸਲਾ ਕੀਤਾ ਹੈ ਕਿ ਨਵੀਂ ਸੰਧੀ ਅਧੀਨ ਤਲਵਿੰਦਰ ਸਿੰਘ ਨੂੰ ਵਾਪਸ ਇੰਡੀਆ ਭੇਜਣ ਲਈ ਪੇਸ਼ ਸਬੂਤ ਕਾਫੀ ਨਹੀਂ ਹਨ।

ਪੰਨਾ 4 ਦੀ ਬਾਕੀ

ਲਾਗੂ ਹੋਣ ਵਿਚ ਹੋ ਰਹੀ ਦੇਰੀ ਸਬੰਧੀ ਸਰਕਾਰ ਵਿਰੁੱਧ ਹੈ ਜਾਂ ਅਸਾਮ ਸਰਕਾਰ ਉਨ੍ਹਾਂ ਦੀਆਂ ਉਮੀਦਾਂ ਤੇ ਖਰੀ ਨਹੀਂ ਉੱਤਰ ਰਹੀ, ਇਸ ਕਾਰਨ ਨਾਰਾਜ਼ ਹੈ।

-ਨਵਭਾਰਤ ਟਾਈਮਜ਼

ਜਿਸ ਤਰ੍ਹਾਂ ਸੱਤਾਧਾਰੀ ਅਕਾਲੀ ਦਲ ਦਾ ਕੇਂਦਰ ਸਰਕਾਰ ਨੂੰ ਅਲਟੀਮੇਟਮ ਦੇਣਾ ਜ਼ਰੂਰੀ ਸੀ ਉਸੇ ਤਰ੍ਹਾਂ ਪ੍ਰਧਾਨ ਮੰਤਰੀ ਲਈ ਵੀ ਜ਼ਰੂਰੀ ਸੀ ਕਿ ਮਾਘੀ ਮੇਲੇ ਤੋਂ ਪਹਿਲਾਂ ਸ.ਬਰਨਾਲਾ ਨੂੰ ਗੱਲ ਕਰਨ ਲਈ ਦਿੱਲੀ ਬੁਲਾ ਲੈਣ। ਇਸ ਨਾਲ ਬਰਨਾਲਾਂ ਧੜਾ ਪੰਜਾਬ ਦੇ ਲੋਕਾਂ ਨੂੰ ਦਸ ਸਕਦਾ ਹੈ ਕਿ ਉਸ ਦੀ ਸਰਕਾਰ ਕੇਂਦਰ ਦੀ ਪਿੱਠੂ ਨਹੀਂ। ਜੇ ਉਹ ਅਲਟੀਮੇਟਮ ਦੇ ਦੇਂਵੇ ਤਾਂ ਪ੍ਰਧਾਨ ਮੰਤਰੀ ਨੂੰ ਚਿੰਤਾ ਹੋ ਸਕਦੀ ਹੈ ਅਤੇ ਉਹ ਗੱਲ ਕਰਨ ਲਈ ਵੀ ਬੁਲਾ ਲੈਣਗੇ। ਇਸੇ ਲਈ ਰਾਜਪਾਲ ਸ੍ਰੀ ਸਿਧਾਰਥ ਸ਼ੰਕਰ ਰੇਅ ਅਤੇ ਖੁਦ ਸ.ਸੁਰਜੀਤ ਸਿੰਘ ਬਰਨਾਲਾ ਵੀ ਦਿੱਲੀ ਆ ਬੈਠੇ ਸਨ। ਅਤੇ ਕੋਸ਼ਿਸ਼ ਜਾਰੀ ਸੀ ਕਿ 14 ਜਨਵਰੀ ਤੋਂ ਪਹਿਲਾਂ ਪਹਿਲਾਂ ਕੇਂਦਰ ਵਲੋਂ ਕੋਈ ਜਵਾਬ ਆ ਜਾਵੇ। ਰਾਜਪਾਲ ਤਾਂ ਪ੍ਰਧਾਨ ਮੰਤਰੀ ਨਾਲ ਮਿਲੇ ਵੀ ਸਨ। ਪਰ ਬਰਨਾਲਾ ਨੂੰ ਜ਼ਿਆਦਾਤਰ ਪੁਰਾਣੇ ਰਾਜਪਾਲ ਸ੍ਰੀ ਅਰਜਨ ਸਿੰਘ ਨਾਲ ਗੱਲ ਕਰਨੀ ਪਈ। ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਬਰਨਾਲਾ ਨਾਲ ਨਾਰਾਜ਼ ਹਨ ਕਿਉਂਕਿ ਬਾਵਜੂਦ ਮਦਦ ਦੇ ਉਹ ਕੇਂਦਰ ਨਾਲ ਟਕਰਾਓ ਦੇ ਰਾਹ 'ਤੇ ਤੁਰ ਪੈਂਦੇ ਹਨ।

-ਜਨ ਸੱਤ੍ਾ

ਸਿੰਘ ਸਾਹਿਬਾਨ 'ਤੇ ਫੁੱਟ ਪਾਉਣ ਦਾ ਦੋਸ਼

ਨਵੀਂ ਦਿੱਲੀ — ਸਿੱਖ ਫੋਰਮ ਦੇ ਪ੍ਰਧਾਨ ਜਗਜੀਤ ਸਿੰਘ ਅਰੋੜਾ ਨੇ ਕਿਹਾ ਹੈ ਕਿ ਮੁੱਖ ਗ੍ਰੰਥੀ ਪੰਜਾਬ ਵਿਚ ਫੁਟਪਾਊ ਰਾਜਨੀਤੀ ਦੀ ਪਿਠ ਠੋਕ ਰਹੇ ਹਨ।

ਦਿੱਲੀ ਵਿਚ ਜਾਰੀ ਇਕ ਬਿਆਨ ਵਿਚ ਅਰੋੜਾ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਸਿੰਘ ਸਾਹਿਬਾਨ ਨੂੰ ਆਪਣੀ ਧਾਰਮਿਕ ਉਚਤਾ ਦਾ ਨਜਾਇਜ਼ ਫਾਇਦਾ ਨਹੀਂ ਉਠਾਉਣਾ ਚਾਹੀਦਾ ਅਤੇ ਪੰਥ ਦੇ ਭਲੇ ਲਈ ਕੰਮ ਕਰਨਾ ਚਾਹੀਦਾ ਹੈ।

ਸਿੱਖ ਸੁਸਾਇਟੀ ਮੇਰਠ ਦੀ ਚੋਣ ਸਰਬ ਸੰਮਤੀ ਨਾਲ

ਸਿੱਖ ਸੁਸਾਇਟੀ ਆਫ਼ ਮੇਰਠ ਦੀ ਚੋਣ ਸਾਲ 1987 ਲਈ ਸਰਬ ਸੰਮਤੀ ਨਾਲ ਹੋਈ ਹੈ। ਨਵੇਂ ਚੁਣੇ ਗਏ ਮੈਂਬਰਾਂ ਦੀ ਸੂਚੀ ਹੇਠ ਲਿਖੇ ਅਨੁਸਾਰ ਹੈ।

ਸ. ਗੁਰਮੀਤ ਸਿੰਘ ਨਾਨ	ਪ੍ਰਧਾਨ
ਸ. ਗੁਰਚਰਨ ਸਿੰਘ ਸੇਖੋਂ	ਮੀਤ-ਪ੍ਰਧਾਨ
ਸ. ਹਰਬੰਸ ਸਿੰਘ ਖੰਘੂਰਾ	ਰੀਕਾਰਡ ਸਕੱਤਰ
ਸ. ਜਸਪਾਲ ਸਿੰਘ ਵਾਹਦ	ਸਟੇਜ ਸਕੱਤਰ
ਸ. ਪ੍ਰੀਤਮ ਸਿੰਘ ਚੌਹਾਨ	ਖਜ਼ਾਨਚੀ
ਸ. ਹਰਬੰਸ ਸਿੰਘ ਸਿੱਧੂ	ਮੀਤ ਖਜ਼ਾਨਚੀ
ਸ. ਨਛੱਤਰ ਸਿੰਘ ਮਾਹਿਲ	ਮੈਂਬਰ
ਸ. ਦੇਵ ਸਿੰਘ ਲਿੱਦੜ	ਮੈਂਬਰ
ਸ. ਅਜੀਤ ਸਿੰਘ ਸਹੋਤਾ	ਮੈਂਬਰ
ਸ. ਅਵਤਾਰ ਸਿੰਘ ਨਰੰਗ	ਮੈਂਬਰ
ਸ. ਉਜਾਗਰ ਸਿੰਘ ਮਾਹਿਲ	ਮੈਂਬਰ

ਜ਼ਿਆ ਦੇ ਭਾਰਤ ਦੌਰੇ ਦੀ ਤਾਰੀਖ ਨਹੀਂ ਮਿਥੀ ਗਈ

ਇਸਲਾਮਾਬਾਦ — ਪਾਕਿਸਤਾਨ ਦੇ ਰਾਸ਼ਟਰਪਤੀ ਜਨਰਲ ਜ਼ਿਆ-ਉਲ-ਹੱਕ ਦੇ ਹਿੰਦ-ਪਾਕਿਸਤਾਨ ਕ੍ਰਿਕਟ ਮੈਚ ਵੇਖਣ ਲਈ ਭਾਰਤ ਆਉਣ ਸਬੰਧੀ ਅਜੇ ਕਿਸੇ ਤਾਰੀਖ ਦਾ ਫੈਸਲਾ ਨਹੀਂ ਹੋਇਆ। ਯਾਦ ਰਹੇ ਕਿ ਜਨਰਲ ਹੱਕ ਨੇ ਇੰਡੀਅਨ ਕ੍ਰਿਕਟ ਕੰਟਰੋਲ ਬੋਰਡ ਦੇ ਪ੍ਰਧਾਨ ਐਨ ਕੇ ਪੀ ਸਾਲਵੇ ਵਲੋਂ 21 ਮਾਰਚ ਨੂੰ ਮੈਚ ਵੇਖਣ ਲਈ ਭਾਰਤ ਆਉਣ ਦਾ ਸੱਦਾ ਪ੍ਰਵਾਨ ਕਰ ਲਿਆ ਹੈ। ਪਰ 23 ਮਾਰਚ ਨੂੰ ਪਾਕਿਸਤਾਨ ਡੇ ਦੇ ਜਸ਼ਨਾਂ ਕਾਰਨ ਜਨਰਲ ਜ਼ਿਆ ਦਾ ਇਸ ਦਿਨ ਭਾਰਤ ਆਉਣਾ ਮੁਸ਼ਕਲ ਹੈ। ਕ੍ਰਿਕਟ ਬੋਰਡ ਵਲੋਂ ਦਿਤੇ ਗਏ ਸੱਦੇ ਨੂੰ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਵਲੋਂ ਪ੍ਰਵਾਨਗੀ ਮਿਲੀ ਹੋਈ ਹੈ। ਇਸ ਸਮੇਂ ਜਦੋਂ ਕਿ ਸਰਹੱਦਾਂ 'ਤੇ ਦੋਹਾਂ ਪਾਸਿਆਂ ਦੀਆਂ ਫੌਜਾਂ ਜੁੜੀਆਂ ਬੈਠੀਆਂ ਹਨ ਜਨਰਲ ਜ਼ਿਆ ਦੀ ਭਾਰਤ ਫੇਰੀ ਅਹਿਮੀਅਤ ਰਖਦੀ ਹੈ।

ਬਰਨਾਲਾ ਸਰਕਾਰ ਦੀ ਨੀਤੀ 'ਡੰਗ ਟਪਾਊ'

ਚੰਡੀਗੜ੍ਹ — ਸ਼੍ਰੋਮਣੀ ਅਕਾਲੀ ਦਲ (ਲੌਂ) ਦੀ ਲੀਡਰਸ਼ਿਪ ਨੇ ਵਜ਼ਾਰਤੀ ਅਤੇ ਪਾਰਟੀ ਹਲਕਿਆਂ ਨੂੰ 'ਡੂੰਘੀ ਨਿਰਾਸ਼ਤਾ' ਵਿਚ ਸੁੱਟ ਦਿੱਤਾ ਹੈ। ਕੁਝ ਸੀਨੀਅਰ ਵਜ਼ੀਰਾਂ ਅਤੇ ਨੇਤਾਵਾਂ ਦੀ ਰਾਏ ਹੈ ਕਿ ਪਾਰਟੀ 'ਡੰਗ ਟਪਾਊ' ਨੀਤੀ ਉਤੇ ਉਤਰ ਆਈ ਹੈ। ਪ੍ਰਧਾਨ ਮੰਤਰੀ ਨਾਲ ਪੰਜਾਬ ਸਮਝੌਤੇ ਉਤੇ ਅਮਲ ਲਈ ਸ਼ੁਰੂ ਕੀਤੀ ਗੱਲਬਾਤ ਦਾ ਉਕਾ ਹੀ ਕੋਈ ਸਿਰਾ ਨਹੀਂ। ਵਜ਼ਾਰਤੀ ਹਲਕਿਆਂ ਦਾ ਕਹਿਣਾ ਹੈ ਕਿ ਪਾਰਟੀ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਅਤੇ ਵਿੱਤ ਮੰਤਰੀ ਬਲਵੰਤ ਸਿੰਘ ਨੇ ਸਮਝੌਤੇ ਬਾਰੇ ਕੇਂਦਰ ਨਾਲ ਹੋਈ ਗੱਲਬਾਤ ਬਾਰੇ ਮੰਤਰੀ ਮੰਡਲ ਨੂੰ ਵੀ ਬਕਾਇਦਾ ਭਰੋਸੇ ਵਿਚ ਨਹੀਂ ਲਿਆ। ਉਹ ਇਹ ਸਮਝਦੇ ਹਨ ਕਿ ਕੇਂਦਰ ਮੁੱਖ ਮੰਤਰੀ ਦੇ ਮੋਢੇ ਉਤੇ ਬੰਦੂਕ ਰੱਖ ਕੇ ਚਲਾਉਣ ਤੋਂ ਇਲਾਵਾ ਹੋਰ ਕੁਝ ਵੀ ਦੇਣ ਨੂੰ ਤਿਆਰ ਨਹੀਂ। ਇਨ੍ਹਾਂ ਹਲਕਿਆਂ ਦਾ ਕਹਿਣਾ ਹੈ ਕਿ ਮਾਘੀ ਦੇ ਮੇਲੇ ਉਤੇ ਵਰਕਰ ਕੇਂਦਰ ਵਿਰੁੱਧ ਲੜਨ ਦੀ ਰੌਂਅ ਵਿਚ ਸਨ ਪ੍ਰੰਤੂ ਲੀਡਰਸ਼ਿਪ ਪਿੱਛੇ ਹਟ ਗਈ।

ਇਕ ਸੀਨੀਅਰ ਵਜ਼ੀਰ ਨੇ ਪਾਰਟੀ ਦੀ ਖੜੋਤ ਅਤੇ ਬੇਚੈਨੀ ਉਤੇ ਟਿੱਪਣੀ ਕਰਦੇ ਹੋਏ ਕਿਹਾ ਕਿ "ਬਰਨਾਲਾ-ਬਲਵੰਤ ਲੀਡਰਸ਼ਿਪ ਫੇਲ੍ਹ" ਹੋ ਗਈ ਹੈ। ਵਜ਼ੀਰ ਦੀ ਰਾਏ ਹੈ ਕਿ ਜਿਹੜੀ ਸਰਕਾਰ ਨੂੰ ਕੱਲ ਤੱਕ ਦਾ ਫਿਕਰ ਹੋਵੇ ਉਹ ਕਿਵੇਂ ਕੰਮ ਚਲਾ ਸਕਦੀ ਹੈ। ਕੁਝ ਵਜ਼ਾਰਤੀ ਹਲਕਿਆਂ ਵਿਚ ਇਹ ਵੀ ਖਦਸ਼ਾ ਹੈ ਕਿ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚੋਂ ਫੜੇ ਗਏ ਦਸੇ ਜਾਂਦੇ ਅਤਿਵਾਦੀਆਂ ਨੂੰ ਪੁਲੀਸ ਨੇ ਪਹਿਲਾਂ ਹੀ ਫੜਿਆ ਹੋਇਆ ਸੀ। ਇਹ ਵੀ ਪਤਾ ਲੱਗਾ ਹੈ ਕਿ ਅਮਨ ਕਾਨੂੰਨ ਕਾਇਮ ਰੱਖਣ ਲਈ ਜੋ ਢੰਗ ਪੰਜਾਬ ਪੁਲੀਸ ਦੇ ਡਾਇਰੈਕਟਰ ਜਨਰਲ ਸ੍ਰੀ ਰਿਬੇਰੋ ਨੇ ਅਪਣਾ ਰੱਖਿਆ ਹੈ ਉਸ ਨਾਲ ਬਹੁਤੇ ਮੰਤਰੀ ਸਹਿਮਤ ਨਹੀਂ ਉਨ੍ਹਾਂ ਦਾ ਕਹਿਣਾ ਹੈ ਕਿ ਐਨੇ ਅਧਿਕਾਰ, ਪੈਸਾ ਅਤੇ ਫੋਰਸ ਦੇ ਹੁੰਦਿਆਂ ਵੀ ਸ੍ਰੀ ਰਿਬੇਰੋ ਕੋਈ ਨਤੀਜਾ ਨਹੀਂ ਦੇ ਸਕੇ। ਸਮਝਿਆ ਜਾਂਦਾ ਹੈ ਕਿ ਇਕ ਮੀਟਿੰਗ ਵਿਚ ਵਿੱਤ ਮੰਤਰੀ ਬਲਵੰਤ ਸਿੰਘ ਨੇ ਸ੍ਰੀ ਰਿਬੇਰੋ ਨੂੰ ਸਪਸ਼ਟ ਤੌਰ 'ਤੇ ਕਹਿ ਦਿੱਤਾ ਹੈ ਕਿ ਉਹ ਫੇਲ੍ਹ ਹੋ ਗਏ ਹਨ।

ਪੰਜਾਬ ਸਮਝੌਤੇ ਬਾਰੇ ਗੱਲਬਾਤ ਕਰਕੇ ਆਏ ਵਿੱਤ ਮੰਤਰੀ ਬਲਵੰਤ ਸਿੰਘ ਦੀ ਰਾਏ ਹੈ ਕਿ ਸਮਝੌਤੇ ਉਤੇ ਅਮਲ ਬਾਰੇ ਸਥਿਤੀ ਪੂਰੀ ਤਰ੍ਹਾਂ ਧੁੰਦਲੀ ਹੈ। ਕੇਂਦਰ ਨੂੰ ਇਹ ਵੀ ਸਪਸ਼ਟ ਨਹੀਂ ਕਿ ਰਾਜ ਦੀ ਸਥਿਤੀ ਠੀਕ ਕਰਨ ਲਈ ਕੀ ਕਰਨ ਦੀ ਲੋੜ ਹੈ। ਪੱਤਰਕਾਰਾਂ ਨਾਲ ਗੈਰ-ਰਸਮੀ ਗੱਲਬਾਤ ਕਰਦੇ ਹੋਏ ਵਿੱਤ ਮੰਤਰੀ ਨੇ ਕੇਂਦਰੀ ਆਗੂਆਂ ਨਾਲ ਮੀਟਿੰਗ ਦੇ ਵੇਰਵੇ ਦਿੰਦੇ ਹੋਏ ਕਿਹਾ ਕਿ ਅਸੀਂ ਸਮੱਸਿਆ ਦੇ ਹੱਲ ਲਈ ਤਿੰਨ ਪੱਧਰਾਂ ਉਤੇ ਕਾਰਵਾਈ ਕਰਨ ਉਤੇ ਜ਼ੋਰ ਦਿੱਤਾ। ਪਹਿਲਾ ਰਾਜਸੀ, ਦੂਜਾ ਮਨੁੱਖੀ ਅਤੇ ਤੀਜਾ ਪ੍ਰਬੰਧਕੀ ਪੱਧਰ ਉਤੇ ਉਪਰਾਲਿਆਂ ਦੀ ਲੋੜ ਹੈ। ਪੰਜਾਬ ਵਿਚ ਉਦੋਂ ਤੱਕ ਠੋਸ ਸਿੱਟੇ ਨਹੀਂ ਨਿਕਲ ਸਕਦੇ ਜਦੋਂ ਤਕ ਕੇਂਦਰ ਅਤੇ ਰਾਜ ਸਰਕਾਰਾਂ ਸਾਂਝੇ ਤੌਰ 'ਤੇ ਕਦਮ ਨਹੀਂ ਚੁੱਕਦੀਆਂ। ਇਕ ਸਵਾਲ ਦੇ ਜਵਾਬ ਵਿਚ ਵਿੱਤ ਮੰਤਰੀ ਨੇ ਕਿਹਾ ਕਿ ਸਮਝੌਤਾ ਪੰਜਾਬ ਦੇ ਹਿਤ ਵਿਚ ਹੋਣ ਕਾਰਨ ਹੀ ਕੇਂਦਰ ਲਾਗੂ ਨਹੀਂ ਕਰ ਰਿਹਾ। ਕਾਂਗਰਸ (ਆਈ) ਲੀਡਰਸ਼ਿਪ ਨੂੰ ਦੂਹਰੀ ਨੀਤੀ ਛੱਡਣ ਦੀ ਲੋੜ ਹੈ।

ਘਟੀਆ ਦਰਜੇ ਦੀ ਪੱਤਰਕਾਰੀ

'ਸਮੇਂ ਦੀ ਆਵਾਜ਼' ਰੇਡੀਓ ਪਰੋਗਰਾਮ ਨੇ ਕਰਮਬੱਧ arranged ਵਿਆਹਾਂ ਵਾਰੇ ਇਕ ਪਰੋਗਰਾਮ ਕੀਤਾ ਤੇ ਇਸ ਵਾਰੇ ਮੀਡੀਏ ਨੂੰ ਪਰੈਸ ਰੀਲੀਜ਼ ਭੇਜੀ ਸੀ। ਇਕ ਅਖ਼ਬਾਰ ਨੇ ਜਦ ਇਹ ਪਰੈਸ ਰੀਲੀਜ਼ ਦਿਤੀ ਤਾਂ ਇਸ ਨੂੰ ਬੜਾ ਤਰੋੜ ਮਰੋੜ ਕੇ ਛਾਪਿਆ ਤੇ ਹੈਡਿੰਗ ਦਿੱਤਾ ਕਿ ਅਸੀਂ ਮਾਂ ਪਿਓ ਦੇ ਬਰਖਿਲਾਫ ਬੱਚਿਆਂ ਤੋਂ ਬਗਾਵਤ ਕਰਾਉਂਦੇ ਹਾਂ ਜਦ ਕਿ ਮੰਤਵ ਇਹ ਸੀ ਕਿ ਮਾਂ ਪਿਉ ਤੇ ਬੱਚਿਆਂ ਵਿਚਕਾਰ ਅਤੇ ਕਮਿਊਨਿਟੀ ਵਿਚ ਇਸ ਸਮਾਜਕ ਮਸਲੇ ਵਾਰੇ ਗੱਲਬਾਤ ਵਿਚਾਰੀ ਜਾਵੇ। ਆਮ ਤੌਰ ਤੇ ਅਖ਼ਬਾਰ ਪਰੈਸ ਰੀਲੀਜ਼ ਦੇ ਦੇਂਦੇ ਹਨ ਅਤੇ ਜੇ ਉਸ ਵਾਰੇ ਨੁਕਤਾਚੀਨੀ ਕਰਨੀ ਹੋਵੇ ਤਾਂ ਐਡੀਟਰ ਵਲੋਂ ਵੱਖਰਾ ਲੇਖ ਜਾਂ ਨੋਟ ਛਪਦਾ ਹੈ ਪਰ ਘਾਲਾ ਮਾਲਾ ਨਹੀਂ ਹੁੰਦਾ ਜਿਸ ਤਰ੍ਹਾਂ ਕਿ ਇਸ ਅਖ਼ਬਾਰ ਨੇ ਕੀਤਾ ਹੈ।

ਜਦ ਦਸ ਬੱਚਿਆਂ ਦੀ ਅੰਜਾਈਂ ਮੌਤ ਹੋਵੇ ਤੇ ਉਨ੍ਹਾਂ ਦੀ ਜਵਾਨੀ 'ਐਧਵਾਟਿਓਂ' ਟੁੱਟ ਜਾਵੇ ਤੇ ਇਸ ਦਾ ਡਰ ਹੋਵੇ ਕਿ ਭਵਿਖ ਵਿਚ ਇਹ ਮਸਲਾ ਖਤਰਨਾਕ ਤੇ ਗੁੰਝਲਦਾਰ ਬਨਣ ਦਾ ਖਤਰਾ ਹੈ ਜਿਸ ਨਾਲ ਪਰਵਾਰਾਂ ਤੇ ਬੱਚਿਆਂ ਦੀ ਜ਼ਿੰਦਗੀ ਨਰਕ ਬਣ ਸਕਦੀ ਹੈ। ਇਸ ਕਰਕੇ ਅਸੀਂ ਨੌਜੁਆਨ ਬੱਚਿਆਂ ਨੂੰ ਤੇ ਕਮਿਊਨਿਟੀ ਦੇ ਲੀਡਰਾਂ ਨੂੰ ਇਸ ਡੀਬੇਟ ਵਿਚ ਹਿਸਾ ਪਾਉਣ ਲਈ ਕਿਹਾ ਸੀ। ਘਰ ਬੈਠ ਕੇ ਹਰ ਇਕ ਗੱਲ ਕਰ ਲੈਂਦਾ ਹੈ। ਬੁੱਕਲ ਵਿਚ ਗੁੜ ਭੰਨਣਾ ਸੁਖਾਲਾ ਹੈ ਪਰ ਪਬਲਿਕ ਦੇ ਸਾਹਮਣੇ ਆ ਕੇ ਗੱਲ ਕਰਨੀ ਸੁਖਾਲੀ ਨਹੀਂ ਕਿਉਂਕਿ ਆਮ ਲੋਕਾਂ ਦਾ ਸੁਭਾਅ ਹੈ ਕਿ ਉਹ ਨੁਕਤਾਚੀਨੀ ਬਹੁਤ ਕਰ ਸਕਦੇ ਹਨ ਪਰ ਜਦ ਉਨ੍ਹਾਂ ਨੂੰ ਕਿਸੇ ਪਰੋਗਰਾਮ ਵਾਰੇ ਚੰਗਾ ਸੁਝਾਅ ਪੁਛੋ ਤਾਂ ਗੱਲ ਨਹੀਂ ਆਉਂਦੀ।

ਅਸੀਂ ਇਸ ਨੂੰ ਹਾਸੋਹੀਣੀ ਗੱਲ ਨਹੀਂ ਸਮਝਦੇ, ਇਹ ਸਮਾਜਕ ਮਸਲਾ ਬੜਾ ਗੰਭੀਰ ਹੈ। ਹਰ ਇਕ ਦੇ ਘਰ ਇਹ ਮੁਸ਼ਕਲ ਪੇਸ਼ ਆਉਂਦੀ ਹੈ ਜਿਨ੍ਹਾਂ ਦੇ ਬੱਚੇ ਅਜੇ ਜਵਾਨ ਨਹੀਂ ਇਹ ਦਿੱਕਤ ਉਨ੍ਹਾਂ ਪਰਵਾਰਾਂ ਨੂੰ ਭੀ ਆਵੇਗੀ। ਜਿਨਾਂ ਮਾਂ ਪਿਉ ਨੇ ਬੱਚੇ ਪਾਲੇ ਹਨ ਉਹ ਆਪਣਾ ਬੱਚਿਆਂ ਉਪਰ ਪੂਰਾ ਅਧਿਕਾਰ ਸਮਝਦੇ ਹਨ। ਅੱਜ ਦੇ ਨੌਜੁਆਨ ਬੱਚੇ ਸਮਝਦੇ ਹਨ ਕਿ ਉਨ੍ਹਾਂ ਦਾ ਆਪਣੀ ਜ਼ਿੰਦਗੀ ਉਪਰ ਅਧਿਕਾਰ ਹੋਣਾ ਚਾਹੀਦਾ ਹੈ ਇਸ ਵਿਚ ਕੋਈ ਗਲਤ ਨਹੀਂ ਤੇ ਨਾ ਹੀ ਠੀਕ ਹੈ। ਮਾਂ ਪਿਉ ਹਮੇਸ਼ਾਂ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚਿਆਂ ਦੀ ਜ਼ਿੰਦਗੀ ਚੰਗੇਰੀ ਤੇ ਖ਼ੁਸ਼ੀ ਖ਼ੁਸ਼ੀ ਲੰਘੇ। ਉਨ੍ਹਾਂ ਦਾ ਬੱਚਿਆਂ ਉਪਰ ਹੱਕ ਹੈ। ਕਈ ਵਾਰ ਮਾਂ ਪਿਉ ਤੇ ਬੱਚਿਆਂ ਦੇ ਹੱਕਾਂ ਵਿਚ ਖਿਚੋਤਾਣ ਵਧ ਜਾਂਦੀ ਹੈ ਤੇ ਹਰ ਪਾਰਟੀ ਚਾਹੁੰਦੀ ਹੈ ਕਿ ਉਸਦਾ ਅਧਿਕਾਰ ਵਧੇਰੇ ਹੋਣਾ ਚਾਹੀਦਾ ਹੈ। ਉਸ ਵੇਲੇ ਘਰਾਂ ਵਿਚ ਲੜਾਈ ਪੈਂਦੀ ਹੈ ਤੇ ਕਈ ਬੱਚੇ ਘਰੋਂ ਭੱਜ ਜਾਂਦੇ ਹਨ। ਜੇ ਇਥੋਂ ਦਾ ਬੱਚਾ ਵਕੀਲ ਬਣ ਜਾਵੇ, ਡਾਕਟਰ ਬਣ ਜਾਵੇ ਤੇ ਬੀ. ਏ. ਐਮ. ਏ. ਪੜ੍ਹ ਜਾਵੇ ਤੇ ਕੱਲ ਨੂੰ ਮਾਂ ਪਿਉ ਉਸਦਾ ਜਬਰਦਸਤੀ ਇੰਡੀਆ ਵਿਆਹ ਕਰਨਾ ਚਾਹੁਣ ਤਾਂ ਗੱਲ ਹਾਸੋਹੀਣੀ ਬਣ ਜਾਂਦੀ ਹੈ। ਇਹ ਮਸਲੇ ਦਾ ਪੂਰਨ ਹੱਲ ਨਹੀਂ। ਹਰ ਵਿਅਕਤੀ ਤੇ ਪਰਵਾਰ ਦੇ ਹਾਲਾਤ ਵੱਖਰੇ ਹੁੰਦੇ ਹਨ ਤੇ ਇਸ ਖਿਚੋਤਾਣ ਦਾ ਇਲਾਜ ਭੀ ਉਸਦੇ ਅਨੁਕੂਲ ਹੋਣਾ ਚਾਹੀਦਾ ਹੈ।

ਇਸ ਅਖ਼ਬਾਰ ਨੇ ਸਾਡੇ ਤਅੱਲਕ ਨੂੰ ਬੜੇ ਟੇਢੇ ਢੰਗ ਨਾਲ ਪੇਸ਼ ਕੀਤਾ ਤੇ ਲੋਕਾਂ ਵਿਚ ਮੇਰੇ ਵਿਰੁੱਧ ਨਫਰਤ ਦਾ ਪਰਚਾਰ ਕੀਤਾ ਤੇ ਇਲਜ਼ਾਮ ਵੀ ਲਾਇਆ ਕਿ ਜਦ ਸਿੱਖਾਂ ਤੇ ਜ਼ੁਲਮ ਹੁੰਦੇ ਹਨ ਤਾਂ ਅਸੀਂ ਬੋਲਦੇ ਨਹੀਂ। ਅਸੀਂ ਹਿੰਦੋਸਤਾਨ ਵਿਚ ਸਿੱਖਾਂ, ਮੁਸਲਮਾਨਾਂ ਤੇ ਈਸਾਈਆਂ ਉਪਰ ਬਹੁ-ਗਿਣਤੀ ਹਿੰਦੂਆਂ ਤੇ ਸਰਕਾਰ ਨੇ ਧੱਕਾਸ਼ਾਹੀਆਂ ਕੀਤੀਆਂ ਉਸ ਵਾਰੇ ਆਵਾਜ਼ ਉਠਾਉਂਦੇ ਰਹੇ ਹਾਂ। ਦੋ ਹਫਤੇ ਪਹਿਲੋਂ ਅਸੀਂ ਸਰਕਾਰ ਦੇ ਵਿਰੁੱਧ ਇਸ ਗੱਲ ਵਾਰੇ ਰੋਸ ਪ੍ਰਗਟ ਕੀਤਾ ਸੀ ਕਿ ਸਾਡੇ ਨੌਜੁਆਨਾਂ ਨੂੰ ਬਾਰਡਰ ਤੇ ਲਿਜਾਕੇ (ਜਿਵੇਂ ਨਕਸਲਵਾੜੀਆਂ ਨੂੰ ਝੂਠੇ ਮੁਕਾਬਲੇ ਬਣਾਕੇ ਗੋਲੀਆਂ ਮਾਰ ਦਿੱਤੀਆਂ ਜਾਂਦੀਆਂ ਸਨ) ਨਿਹੱਕੇ ਮਾਰਿਆ ਜਾਂਦਾ ਹੈ ਤੇ ਸੀ ਆਰ ਪੀ ਦੇ ਸਿਪਾਹੀ ਭੈਣਾਂ ਤੇ ਮਾਵਾਂ ਦੀ ਬੇਇਜ਼ਤੀ ਕਰਦੇ ਹਨ।

ਆਪ ਸਾਰਿਆਂ ਨੂੰ ਪਤਾ ਹੈ ਕਿ ਇਸ ਅਖ਼ਬਾਰ ਦੇ ਐਡੀਟਰ ਨੇ ਪਿਛਲੇ ਕੁਝ ਸਾਲਾਂ ਵਿਚ ਕਈ ਰੰਗ ਬਦਲੇ ਹਨ। ਹਮੇਸ਼ਾਂ ਇਹ ਅਖ਼ਬਾਰ ਏਕੇ ਦਾ ਹੋਕਾ ਦਿੰਦਾ ਹੈ ਪਰ ਹਕੀਕਤ ਵਿਚ ਹਰ ਥਾਂ ਇਸਨੇ ਧੜੇਬਾਜ਼ੀ ਵਿਚ ਹਿਸਾ ਲਿਆ ਤੇ ਕਮਿਊਨਿਟੀ ਵਿਚ ਪਾੜ ਵਧਾਇਆ ਹੈ। ਘਟੀਆ ਸ਼ਬਦਾਵਲੀ ਤੇ ਗੈਰ ਜ਼ਿਮੇਵਾਰ ਪੱਤਰਕਾਰੀ ਦਾ ਮਾਹਿਰ ਹੈ। ਘੱਟ ਤੋਂ ਘਟ ਪਿਛਲੇ ਪੰਜ ਸਾਲਾਂ ਵਿਚ ਇਸਨੇ ਪੰਜਾਹ ਬੰਦਿਆਂ ਦੀ ਪੱਗ ਲਾਹਕੇ ਕੱਛ ਮਾਰੀ ਹੈ। ਜਿਹੋ ਜਿਹੀ ਆਪਣੀ ਇਜ਼ਤ ਹੈ ਉਹੀ ਜਿਹੀ ਇਹ ਹਰ ਇਕ ਦੀ ਸਮਝਦਾ ਹੈ। ਮੁਆਫੀ ਮੰਗਣ ਲੱਗਿਆ ਭੀ ਫੁਰਤੀ ਕਰਦਾ ਹੈ। ਆਪਣੇ ਅਖ਼ਬਾਰ ਨੂੰ ਇਹ ਪਬਲਿਕ ਲਈ ਨਹੀਂ ਸਮਝਦਾ ਪਰ ਆਪਣੀ ਜੱਦੀ ਜਾਇਦਾਦ ਸਮਝਦਾ ਹੈ। ਜਿਵੇਂ ਬਾਂਦਰ ਨੂੰ ਟੋਪੀ ਮਿਲ ਜਾਵੇ ਤੇ ਭੱਜਕੇ ਦਰਖਤ ਦੀ ਟੀਸੀ ਤੇ ਚੜ੍ਹਕੇ ਲੋਕਾਂ ਨੂੰ ਚਿੜਾਉਂਦਾ ਹੈ ਓਸੇ ਤਰ੍ਹਾਂ ਹੀ ਇਹ ਆਪਣੇ ਅਖ਼ਬਾਰ ਨੂੰ ਵਰਤਦਾ ਹੈ। ਅਸੀਂ ਆਪਣੀ ਸਿੱਧੀ ਨੀਤ ਨਾਲ ਕੰਮ ਕਰੀ ਜਾਵਾਂਗੇ ਤੇ ਬਹੁਤੇ ਕਿਸੇ ਵਾਦ ਵਿਵਾਦ ਵਿਚ ਨਹੀਂ ਪੈਂਦੇ ਕਿਉਂਕਿ ਸਿਆਣੇ ਆਖਦੇ ਹਨ ਗੰਦ ਨੂੰ ਛੇੜੋ ਤਾਂ ਛਿੱਟੇ ਹੀ ਪੈਣਗੇ। ਅਸੀਂ ਫਿਰ ਭੀ ਏਨੀ ਖੁਲ੍ਹ ਦਿਲੀ ਵਿਖਾਈ ਕਿ ਇਸ ਬੰਦੇ ਨੂੰ ਕਿਹਾ ਕਿ ਆਪਣੇ ਵਿਚਾਰ ਰੇਡੀਓ ਪਰੋਗਰਾਮ 'ਤੇ ਰਖੇ ਪਰ ਇਹ ਆਉਣ ਤੋਂ ਮੁਕਰ ਗਿਆ।

ਅਸੀਂ ਚਾਹੁੰਦੇ ਹਾਂ ਕਿ ਵਿਰੋਧੀ ਵਿਚਾਰਾਂ ਦਾ ਨਿਪਟਾਰਾ ਸ਼ਾਂਤੀ ਤੇ ਸਮਝ ਨਾਲ ਹੋਵੇ। ਵਿਰੋਧੀ ਵਿਚਾਰਾਂ ਤੋਂ ਹੀ ਚੰਗੇ ਵਿਚਾਰ ਉਤਪੰਨ ਹੁੰਦੇ ਹਨ। ਲੋਕਾਂ 'ਤੇ ਪਰਵਾਰਾਂ ਵਿਚ ਫੁੱਟ ਪਾ ਕੇ ਅਸੀਂ ਨਹੀਂ ਚਾਹੁੰਦੇ ਕਿ ਮੌਕਾਪ੍ਰਸਤ ਫਾਇਦਾ ਉਠਾਉਣ। ਅਸੀਂ ਕਿਸੇ ਭੀ ਸਿਆਣੇ ਪੁਰਸ਼ ਤੇ ਇਸਤਰੀ ਨੂੰ ਸੱਦਾ ਦੇਂਦੇ ਹਾਂ ਕਿ ਉਹ ਪਰੋਗਰਾਮ 'ਤੇ ਆਉਣ ਤੇ ਮਾਪਿਆਂ ਦੇ ਹੱਕਾਂ ਦੀ ਗੱਲ ਕਰਨ। ਅਸੀਂ ਐਡਾਂ ਨਹੀਂ ਵੇਚਣੀਆਂ ਤੇ ਨਾ ਹੀ ਮੁਨਾਫਾ ਕਮਾਉਣਾ ਹੈ। ਆਪ ਸਾਰੇ ਇਸ ਵਿਚ ਹਿਸਾ ਪਾ ਕੇ ਇਸ ਪਰੋਗਰਾਮ ਨੂੰ ਵਧੀਆ ਬਨਾਓ ਤਾਂਕਿ ਅਸੀਂ ਕਮਿਊਨਿਟੀ ਦੇ ਫਾਇਦੇ ਲਈ ਵਰਤ ਸਕੀਏ। ਅਸੀਂ ਹਰ ਵਿਅਕਤੀ ਨੂੰ ਇਸ ਪਰੋਗਰਾਮ ਤੇ ਆਉਣ ਲਈ ਜੀਅ ਆਇਆਂ ਆਖਦੇ ਹਾਂ।

ਚਰਨਪਾਲ ਗਿੱਲ,
ਪ੍ਰਧਾਨ - ਪਿਕਸ ਸੁਸਾਇਟੀ

ਨਵੀਂ ਜੱਥੇਬੰਦੀ ਵੱਲੋਂ ਸਰਕਾਰ ਨੂੰ ਚਿਤਾਵਨੀ

ਚੰਡੀਗੜ੍ਹ — ਇੰਟਰਨੈਸ਼ਨਲ ਬੱਬਰ ਖਾਲਸਾ ਦੀ ਇਕ ਨਵੀਂ ਹਥਿਆਰਬੰਦ ਜਥੇਬੰਦੀ ਕਾਇਮ ਕੀਤੀ ਗਈ ਹੈ ਜਿਸ ਵਿਚ ਨਿਰਭੈਅ ਸਿੰਘ ਖਾਲਸਾ ਨੂੰ ਇਸ ਦੇ "ਮੁੱਖ ਸੇਵਾਦਾਰ" ਨਿਯੁਕਤ ਕੀਤਾ ਗਿਆ ਹੈ ਭਾਈ ਨਿਰਭੈਅ ਸਿੰਘ ਵਲੋਂ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਜਥੇਬੰਦੀ ਦੀ ਇਕ ਗੁਪਤ ਮੀਟਿੰਗ ਚੰਡੀਗੜ੍ਹ ਵਿਚ ਕਿਸੇ ਥਾਂ ਹੋਈ ਜਿਸ ਵਿਚ 50 ਖਾੜਕੂ ਬੱਬਰ ਸ਼ਾਮਲ ਹੋਏ। ਇਸ ਵਿਚ ਭਾਈ ਸੁਖਦੇਵ ਸਿੰਘ ਨੂੰ ਉਨ੍ਹਾਂ ਦੇ ਅਹੁਦੇ ਤੋਂ ਹਟਾ ਕੇ ਭਾਈ ਨਿਰਭੈਅ ਸਿੰਘ ਮੁੱਖ ਸੇਵਾਦਾਰ ਨਿਯੁਕਤ ਕੀਤੇ ਗਏ।

ਮੀਟਿੰਗ ਵਿਚ ਪੰਜਾਬ ਅੰਦਰ ਨਕਸਲੀਆਂ ਦੀ "ਪੰਜਾਬ ਲਿਬਰੇਸ਼ਨ ਫੋਰਸ" ਨਾਂ ਹੇਠ ਕਾਇਮ ਕੀਤੀ ਜਥੇਬੰਦੀ ਦਾ ਸਵਾਗਤ ਕੀਤਾ ਗਿਆ ਤੇ ਐਲਾਨ ਕੀਤਾ ਗਿਆ ਕਿ ਇੰਟਰਨੈਸ਼ਨਲ ਬੱਬਰ ਖਾਲਸਾ ਨਵੀਂ ਜਥੇਬੰਦੀ ਦਾ "ਤਹਿ ਦਿਲੋਂ ਸਤਿਕਾਰ" ਕਰਦੀ ਹੈ ਅਤੇ ਇਸ ਨੂੰ ਪੂਰਾ ਪੂਰਾ ਸਹਿਯੋਗ ਦੇਵੇਗੀ। ਇਸ ਤੋਂ ਇਲਾਵਾ ਜਥੇਬੰਦੀ ਉਨ੍ਹਾਂ ਸਾਰੀਆਂ ਜਥੇਬੰਦੀਆਂ ਦਾ ਸਾਥ ਦੇਵੇਗੀ ਜੋ ਇਕ ਆਜ਼ਾਦ ਖਾਲਿਸਤਾਨ ਦੀ ਪ੍ਰਾਪਤੀ ਲਈ ਹਥਿਆਰਬੰਦ ਘੋਲ ਕਰ ਰਹੀਆਂ ਹਨ। ਮੀਟਿੰਗ ਵਿਚ ਗੋਰਖਾਲੈਂਡ ਦੇ ਨੇਤਾ ਸੁਭਾਸ਼ ਘੀਸ਼ਿੰਗ ਅਤੇ ਪੂਰਬੀ ਖਿੱਤੇ ਵਿਚ ਆਜ਼ਾਦੀ ਲਈ ਲੜ ਰਹੀਆਂ ਹਥਿਆਰਬੰਦ ਜਥੇਬੰਦੀਆਂ ਨੂੰ ਹਮਾਇਤ ਦਿੱਤੀ ਗਈ।

ਬੱਬਰ ਖਾਲਸਾ ਨੇ ਆਪਣੀ ਨੀਤੀ ਦਾ ਜ਼ਿਕਰ ਕਰਦਿਆਂ ਕਿਹਾ ਹੈ ਕਿ ਉਹ "ਖਾਲਿਸਤਾਨ" ਦੀ ਪ੍ਰਾਪਤੀ ਲਈ ਲੜੇਗੀ ਤੇ ਅਪਰੇਸ਼ਨ ਬਲਿਊ ਸਟਾਰ ਵਿਚ ਹਿਸਾ ਲੈਣ ਵਾਲਿਆਂ ਫਿਰਕਾਪ੍ਰਸਤਾਂ, ਸਿੱਖ ਪੰਥ ਦੇ ਦੋਖੀਆਂ, ਪੇਸ਼ਾਵਰ ਪੁਲੀਸ ਟਾਊਟਾਂ, ਜਾਬਰ ਪੁਲੀਸ ਹਾਕਮਾਂ, ਫਿਰਕਾਪ੍ਰਸਤ ਜੱਜਾਂ ਤੇ ਜਾਬਰ ਜੇਲ੍ਹ ਅਫਸਰਾਂ ਤੇ ਫਿਰਕਾਪ੍ਰਸਤ ਪੱਤਰਕਾਰਾਂ ਨੂੰ ਸੋਧੇਗੀ। ਜਥੇਬੰਦੀ ਨੇ ਆਈ. ਜੀ. ਟੀ. ਸੀ. ਕਟੋਚ ਦੀ ਹੱਤਿਆ ਦੀ ਵੀ ਜ਼ਿਮੇਵਾਰੀ ਲਈ ਹੈ। ਭਾਈ ਨਿਰਭੈਅ ਸਿੰਘ ਅਨੁਸਾਰ ਇਹ 'ਹੱਤਿਆ' ਉਨ੍ਹਾਂ ਦੀ ਸਰਗਰਮੀ ਦੀ ਪਹਿਲੀ ਮਹੂਰਤ ਹੈ।

ਭਾਈ ਨਿਰਭੈਅ ਸਿੰਘ ਨੇ ਅਕਾਲੀ ਦਲ ਨੂੰ "ਨੀਲੇ ਕਾਂਗਰਸੀ" ਕਹਿ ਕੇ ਚਿਤਾਵਨੀ ਦਿੱਤੀ ਹੈ ਕਿ ਜੇਕਰ 16 ਮਾਰਚ ਤੱਕ ਜੋਧਪੁਰ ਨਜ਼ਰਬੰਦ "ਜੋ ਸਿਖ ਕੌਮ ਦੇ ਹੀਰੇ ਹਨ' ਤੇ ਹੋਰ ਨਜ਼ਰਬੰਦ ਸਿੰਘਾਂ ਸਿੰਘਣੀਆਂ ਨੂੰ ਰਿਹਾਅ ਨਾ ਕੀਤਾ ਤਾਂ ਇਹ ਜਥੇਬੰਦੀ ਆਪਣੇ ਉਲੀਕੇ ਪ੍ਰੋਗਰਾਮ ਅਨੁਸਾਰ ਦੇਸ਼ ਤੇ ਵਿਦੇਸ਼ ਵਿਚ "ਕਾਰਵਾਈ ਕਰਨ ਲਈ ਵਚਨਬੱਧ ਹੈ।" ਪਾਰਟੀ ਨੇ ਇਹ ਵੀ ਡਰ ਪ੍ਰਗਟ ਕੀਤਾ ਹੈ ਕਿ ਕੇਂਦਰ ਸਰਕਾਰ ਪਾਕਿਸਤਾਨ ਉਤੇ ਹਮਲੇ ਦੀ ਆੜ ਵਿਚ ਇਕ ਵਾਰ ਮੁੜ "ਅਕਾਲ ਤਖਤ ਤੇ ਹਰਿਮੰਦਰ ਸਾਹਿਬ" ਨੂੰ ਤਬਾਹ ਕਰਨਾ ਚਾਹੁੰਦੀ ਹੈ। ਜੇ ਅਜਿਹਾ ਕੀਤਾ ਗਿਆ ਤਾਂ ਇੰਟਰਨੈਸ਼ਨਲ ਬੱਬਰ ਖਾਲਸਾ ਪਾਕਿਸਤਾਨ ਦੀ ਮਦਦ ਕਰੇਗਾ।

56 ਵਿਅਕਤੀ ਨੌਬਲ ਇਨਾਮ ਲਈ ਨਾਮਜਦ

ਓਸਲੋ — 1987 ਦੇ ਨੌਬਲ ਪੀਸ ਇਨਾਮ ਲਈ 56 ਵਿਅਕਤੀਆਂ ਅਤੇ 28 ਸੰਸਥਾਵਾਂ ਨੂੰ ਨਾਮਜ਼ਦ ਕੀਤਾ ਗਿਆ ਹੈ। ਇਹ ਜਾਣਕਾਰੀ ਨਾਰਵੇ ਦੀ ਨੌਬਲ ਕਮੇਟੀ ਨੇ 1 ਫਰਵਰੀ ਦੀ ਡੈਡ ਡਾਈਨ ਲੰਘ ਜਾਣ ਤੋਂ ਬਾਅਦ ਦਿੱਤੀ।

ਕਮੇਟੀ ਦੇ ਸਕੱਤਰ ਜੈਕਬ ਸਵਰਡਰੱਪ ਨੇ ਕਿਹਾ ਕਿ ਇਹ ਗਿਣਤੀ 1985 ਨਾਲੋਂ ਕਾਫੀ ਘੱਟ ਹੈ ਜਦੋਂ ਕਿ ਇਨਾਮ ਪ੍ਰਾਪਤ ਕਰਨ ਲਈ 101 ਨਾਮਜ਼ਦਗੀਆਂ ਹੋਈਆਂ ਸਨ।

ਕਮੇਟੀ ਕੋਲ ਨਾਮ ਦਰਜ ਕਰਵਾਉਣ ਵਾਲਿਆਂ ਵਿਚ ਐਂਗਲੋ ਚਰਚ ਦਾ ਦੂਤ ਟੈਰੀ ਵੇਟ ਵੀ ਸ਼ਾਮਲ ਹੈ ਜੋ ਬੈਰੂਤ 'ਚ ਅਗਵਾ ਕੀਤੇ ਬਿਦੇਸ਼ੀ ਨਾਗਰਿਕਾਂ ਨੂੰ ਰਿਹਾ ਕਰਾਉਣ ਗਿਆ ਆਪ ਵੀ 20 ਜਨਵਰੀ ਤੋਂ ਲਾਪਤਾ ਹੈ।

ਫਿਲਪਾਈਨ ਦੀ ਪ੍ਰਧਾਨ ਕਰਾਜੋਨ ਅਕੀਨੋ, ਦੱਖਣੀ ਅਫਰੀਕਾ ਦੀ ਆਜ਼ਾਦੀ ਲਈ ਜੇਲ੍ਹ 'ਚ ਬੰਦ ਨੈਲਸਨ ਮੰਡੇਲਾ ਅਤੇ ਬਾਬ ਗੈਲਡਫ, ਆਇਰਲੈਂਡ ਦਾ ਰਾਕ ਸੰਗੀਤਕਾਰ ਵਰਗਿਆਂ ਦੇ ਨਾਂ ਵੀ ਵੱਖ ਵੱਖ ਜਥੇਬੰਦੀਆਂ ਵਲੋਂ ਨਾਮਜ਼ਦ ਕੀਤੇ ਗਏ ਹਨ।

ਭਾਰਤ-ਕਨੇਡਾ ਸੰਧੀ ਦੀਆਂ ਧਾਰਾਵਾਂ

6 ਫਰਵਰੀ 1987 ਨੂੰ ਭਾਰਤ ਅਤੇ ਕੈਨੇਡਾ ਵਿਚਕਾਰ ਅਪਰਾਧੀਆਂ ਨੂੰ ਇਕ ਦੂਜੇ ਦੇਸ਼ ਦੇ ਹਵਾਲੇ ਕਰਨ ਦੀ ਸੰਧੀ ਦੀਆਂ ਮੁੱਖ ਧਾਰਾਵਾਂ ਹੇਠ ਲਿਖੇ ਅਨੁਸਾਰ ਹਨ :

ਹਵਾਲਗੀ ਸਮੇਂ ਅਪਰਾਧ ਭਾਰਤ ਦੇ ਕਾਨੂੰਨ ਅਤੇ ਕੈਨੇਡਾ ਦੇ ਕਾਨੂੰਨ ਅਨੁਸਾਰ ਸਜ਼ਾ-ਯਾਫ਼ਤਾ ਹੋਵੇ। ਸੰਧੀ ਵਿਚ ਕਿਹਾ ਗਿਆ ਹੈ ਕਿ ਜੋ ਅਪਰਾਧ ਇਕ ਸਾਲ ਤੋਂ ਵੱਧ ਦੀ ਸਜ਼ਾ ਵਾਲਾ ਹੋਵੇ ਉਥੇ ਦੋਸ਼ੀ ਇਕ ਦੂਜੇ ਦੇਸ਼ ਨੂੰ ਸੌਂਪੇ ਜਾ ਸਕਦੇ ਹਨ। ਟੈਕਸ ਅਤੇ ਰੈਵੇਨੀਊ ਦੇ ਦੋਸ਼ ਵੀ ਹਵਾਲਗੀ ਲਈ ਲਾਗੂ ਹੋਣਗੇ।

ਸੰਧੀ ਵਿਚ ਗੰਭੀਰ ਅਪਰਾਧਾਂ ਦੀ ਸੂਚੀ ਵਿਚ ਇਹ ਸ਼ਾਮਲ ਹਨ :

- ਸਿਵਲ ਹਵਾਬਾਜ਼ੀ ਨੂੰ ਖਤਰਾ ਪਹੁੰਚਾਣਾ
- ਹਵਾਈ ਜਹਾਜ਼ ਉਤੇ ਗੈਰਕਾਨੂੰਨੀ ਢੰਗ ਨਾਲ ਕਬਜ਼ਾ
- ਡਿਪਲੋਮੈਟਾਂ ਉਤੇ ਹਮਲੇ
- ਦਹਿਸ਼ਤਗਰਦੀ ਨਾਲ ਸਬੰਧਤ ਅਪਰਾਧ
- ਕਤਲ, ਸਮੂਹਕ ਕਤਲ, ਸਰੀਰਕ ਹਮਲੇ, ਅਗਵਾ, ਬੰਦੀ ਬਣਾਉਣਾ ਜਿਸ ਵਿਚ ਜਾਇਦਾਦ ਦਾ ਨੁਕਸਾਨ, ਪਬਲਿਕ ਥਾਵਾਂ ਦਾ ਨੁਕਸਾਨ।
- ਹਥਿਆਰਾਂ ਤੇ ਬਾਰੂਦ ਦੇ ਕਾਨੂੰਨਾਂ ਦੀ ਉਲੰਘਣਾ
- ਅਪਰਾਧ ਕਰਨ ਦੀ ਕੋਸ਼ਿਸ਼ ਜਾਂ ਸਾਜ਼ਿਸ਼ ਜੋ ਸਿਆਸੀ ਅਪਰਾਧ ਨਾ ਹੋਣ ਜਾਂ ਸਿਆਸੀ ਕਿਰਦਾਰ ਦੇ ਨਾ ਹੋਣ।
- ਸੰਧੀ ਅਨੁਸਾਰ ਅਪਰਾਧੀਆਂ ਦੀ ਹਵਾਲਗੀ ਸੰਧੀ ਦੇ ਲਾਗੂ ਹੋਣ ਤੋਂ ਪਹਿਲਾਂ ਦੇ ਅਪਰਾਧਾਂ ਉਤੇ ਵੀ ਲਾਗੂ ਹੋਵੇਗੀ।
- ਸੰਧੀ ਅਨੁਸਾਰ ਦੋਵਾਂ ਦੇਸ਼ਾਂ ਨੂੰ ਹੱਕ ਹਾਸਿਲ ਹੈ ਕਿ ਉਹ ਆਪਣੇ ਆਪਣੇ ਦੇਸ਼ ਵਿਚ ਅਪਰਾਧੀਆਂ ਨੂੰ ਸਜ਼ਾ ਦੇ ਸਕਣ ਜੇ ਅਪਰਾਧੀ ਉਸ ਦੇਸ਼ ਵਿਚ ਫੜਿਆ ਗਿਆ ਹੈ। ਦੋਵੇਂ ਦੇਸ਼ ਅਪਰਾਧ ਦੀ ਗੰਭੀਰਤਾ ਨੂੰ ਦੇਖਕੇ ਹਵਾਲਗੀ ਵੀ ਕਰ ਸਕਦੇ ਹਨ।
- ਸੰਧੀ ਦੋਸ਼ੀਆਂ ਦੀਆਂ ਕਾਨੂੰਨੀ ਸੁਵਿਧਾਵਾਂ ਦਾ ਖਿਆਲ ਰੱਖੇਗੀ ਅਤੇ ਇਹ ਯਕੀਨੀ ਬਣਾਵੇਗੀ ਕਿ ਕਿਸੇ ਨਸਲ, ਧਰਮ, ਰੰਗ ਜਾਂ ਐਥਨਿਕ ਮੂਲ ਨਾਲ ਵਿਤਕਰਾ ਨਾ ਹੋਵੇ।
- ਭਾਰਤੀ ਅਤੇ ਕੈਨੇਡੀਅਨ ਵਿਧਾਨਕ ਕਾਨੂੰਨਾਂ ਅਨੁਸਾਰ ਹਵਾਲਗੀ ਰੋਕੀ ਵੀ ਜਾ ਸਕਣ ਦੀ ਸੁਵਿਧਾ ਹੋਵੇਗੀ।
- ਜਿਥੇ ਹਵਾਲਗੀ ਮੁਮਕਿਨ ਨਾ ਹੋਵੇ ਉਥੇ ਸਬੰਧਤ ਅਧਿਕਾਰੀਆਂ ਨੂੰ ਕੇਸ ਚਲਾਉਣ ਦੀ ਬੇਨਤੀ ਕੀਤੀ ਜਾਵੇਗੀ।



ਭਾਰਤ ਦੇ ਵਿਦੇਸ਼ ਮੰਤਰੀ ਐਨ. ਡੀ. ਤਿਵਾੜੀ ਕੈਨੇਡਾ ਦੇ ਵਿਦੇਸ਼ੀ ਮਾਮਲਿਆਂ ਦੇ ਮੰਤਰੀ ਜੋਅ ਕਲਾਰਕ ਨਾਲ ਸੰਧੀ ਤੇ ਦਸਤਖਤ ਕਰਨ ਪਿਛੋਂ

- ਸੰਧੀ ਅਨੁਸਾਰ ਅਪਰਾਧ ਕਰਨ ਵਾਲੇ ਸ਼ੱਕੀ ਵਿਅਕਤੀ ਨੂੰ ਗ੍ਰਿਫਤਾਰ ਵੀ ਕੀਤਾ ਜਾ ਸਕਦਾ ਹੈ।
- ਸੰਧੀ ਵਿਚ ਹਵਾਲਗੀ ਦੇ ਪੱਕੇ ਸਿਧਾਂਤ ਵੀ ਸੰਮਿਲਤ ਕੀਤੇ ਗਏ ਹਨ।

ਅਵਤਾਰ ਸਿੰਘ ਮਲਹੋਤਰਾ ਵਲੋਂ ਅਸਤੀਫਾ

ਚੰਡੀਗੜ੍ਹ — ਭਾਰਤੀ ਕਮਿਊਨਿਸਟ ਪਾਰਟੀ ਦੀ ਪੰਜਾਬ ਇਕਾਈ ਦੇ ਸਕੱਤਰ ਅਵਤਾਰ ਸਿੰਘ ਮਲਹੋਤਰਾ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਦੀ ਥਾਂ ਪਾਰਟੀ ਨੇ ਸ੍ਰੀ ਪਿਆਰਾ ਸਿੰਘ ਦਿਉਸੀ ਨੂੰ ਸਕੱਤਰ ਚੁਣ ਲਿਆ ਹੈ। ਸ੍ਰੀ ਮਲਹੋਤਰਾ ਨੇ ਪਾਰਟੀ ਕੌਂਸਲ ਵਿਚ ਕਈ ਵਾਰ ਇਸ ਅਹੁਦੇ ਤੋਂ ਸਵੈ-ਇਛਾ ਨਾਲ ਹਟਣ ਦੀ ਪੇਸ਼ਕਸ਼ ਕੀਤੀ ਸੀ ਜਿਸ ਨੂੰ ਕੌਂਸਲ ਨੇ ਲੰਮੇ ਵਿਚਾਰ ਵਟਾਂਦਰੇ ਪਿਛੋਂ ਆਖਰ ਪ੍ਰਵਾਨ ਕਰ ਲਿਆ। ਸ੍ਰੀ ਮਲਹੋਤਰਾ ਪਾਰਟੀ ਸਕੱਤਰੇਤ ਦੇ ਮੈਂਬਰ ਬਣੇ ਰਹਿਣਗੇ। ਪਾਰਟੀ ਨੇ ਸ੍ਰੀ ਭੁਪਿੰਦਰ ਸਾਂਭਰ ਨੂੰ ਸਹਾਇਕ ਸਕੱਤਰ ਚੁਣ ਲਿਆ ਹੈ।

ਪਾਰਟੀ ਦੇ ਇਹ ਮਹੱਤਵਪੂਰਨ ਫੈਸਲੇ 24 ਜਨਵਰੀ ਤੋਂ ਸ਼ੁਰੂ ਹੋਈ ਦੋ ਰੋਜ਼ਾ ਕੌਂਸਲ ਦੀ ਮੀਟਿੰਗ ਵਿਚ ਲਏ ਗਏ। ਮੀਟਿੰਗ ਦੀ ਪ੍ਰਧਾਨਗੀ ਸ੍ਰੀ ਭੁਪਿੰਦਰ ਸਾਂਭਰ, ਮੱਖਣ ਸਿੰਘ ਅਤੇ ਹਰਚੰਦ ਬਾਠ ਨੇ ਕੀਤੀ। ਕੌਂਸਲ ਵਿਚ ਪਾਰਟੀ ਦੇ ਜਨਰਲ ਸਕੱਤਰ ਸ੍ਰੀ ਰਾਜੇਸ਼ਵਰ ਰਾਉ ਵੀ ਸ਼ਾਮਲ ਸਨ। ਸ੍ਰੀ ਮਲਹੋਤਰਾ ਨੇ ਕੌਂਸਲ ਦੀ ਮੀਟਿੰਗ ਵਿਚ ਅਸਤੀਫਾ ਦੇਣ ਦੀ ਪੇਸ਼ਕਸ਼ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਇਸ ਵੱਡੀ ਜ਼ਿਮੇਵਾਰੀ ਵਾਲੇ ਅਹੁਦੇ ਤੋਂ ਮੁਕਤ ਕੀਤਾ ਜਾਵੇ ਤਾਂ ਜੋ ਆਪਣੇ ਵਿਚਾਰਧਾਰਕ ਅਤੇ ਸਿਧਾਂਤਕ ਕੰਮ ਨੂੰ ਵਧੇਰੇ ਜ਼ਿਮੇਵਾਰੀ ਨਾਲ ਨਿਭਾ ਸਕਣ। ਉਹ ਪੰਜਾਬ ਦੇ ਇਤਿਹਾਸ ਉਤੇ ਵੀ ਲਿਖਣਾ ਚਾਹੁੰਦੇ ਹਨ। ਇਸ ਤੋਂ ਪਹਿਲਾਂ ਤਿੰਨ ਕੌਂਸਲ ਮੀਟਿੰਗਾਂ ਵਿਚ ਬੇਨਤੀ ਕੀਤੀ ਜਾ ਚੁੱਕੀ ਸੀ। ਕੌਂਸਲ ਨੇ ਸ੍ਰੀ ਮਲਹੋਤਰਾ ਵਲੋਂ 40 ਸਾਲ ਤੋਂ ਵੀ ਵਧੇਰੇ ਸਮਾਂ ਪਾਰਟੀ ਵਿਚ ਮੋਹਰੀ ਰਹਿੰਦੇ ਹੋਏ ਲੋਕਾਂ ਦੀ ਸੇਵਾ ਕਰਨ ਦੀ ਸ਼ਲਾਘਾ ਕੀਤੀ।

ਇਕ ਵੱਖਰੇ ਮਤੇ ਰਾਹੀਂ ਕੌਂਸਲ ਨੇ ਅਤਿਵਾਦੀਆਂ ਹੱਥੋਂ ਭੋਲੇ ਭਾਲੇ ਲੋਕਾਂ ਦੇ ਕਤਲਾਂ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ। ਪਾਰਟੀ ਨੇ ਵੱਖਵਾਦ ਅਤੇ ਅਤਿਵਾਦ ਦੇ ਮਨਸੂਬਿਆਂ ਵਿਰੁੱਧ ਸਾਰੀਆਂ ਰਾਜਸੀ ਅਤੇ ਦੇਸ਼ ਭਗਤ ਤਾਕਤਾਂ ਨੂੰ ਸਾਂਝੀ ਰਾਜਸੀ ਮੁਹਿੰਮ ਛੇੜਨ ਦਾ ਸੱਦਾ ਦਿੱਤਾ ਹੈ।

ਖਾਲਿਸਤਾਨੀਆਂ ਲਈ ਜਰਮਨ ਦਰਵਾਜ਼ੇ ਬੰਦ

ਬੋਨ — ਹਾਈ ਕੋਰਟ ਦੇ ਹਾਲ ਵਿਚ ਹੀ ਕੀਤੇ ਇਕ ਫੈਸਲੇ ਨਾਲ ਖਾਲਿਸਤਾਨ ਦੇ 500 ਕੱਟੜ ਸਮਰਥਕਾਂ ਨੂੰ ਪੱਛਮੀ ਜਰਮਨੀ ਵਿਚ ਸ਼ਰਨ ਲੈਣੀ ਮੁਸ਼ਕਲ ਹੋ ਜਾਏਗੀ। ਚੇਤੇ ਰਹੇ ਕਿ ਅਦਾਲਤ ਨੇ ਫੈਸਲਾ ਦਿੱਤਾ ਹੈ ਕਿ "ਭਾਰਤ ਤੋਂ ਆਉਣ ਵਾਲੇ ਸਿੱਖਾਂ ਨੂੰ ਸ਼ਰਨ ਦੇਣ ਪਿਛੇ ਕੋਈ ਪੱਕਾ ਰਾਜਸੀ ਕਾਰਨ ਨਜ਼ਰ ਨਹੀਂ ਆਉਂਦਾ।" ਪੰਜਾਬ ਤੋਂ 2 ਹਜ਼ਾਰ ਸਿੱਖਾਂ ਨੇ ਪੱਛਮੀ ਜਰਮਨੀ ਦੇ ਕਾਨੂੰਨ ਅਨੁਸਾਰ ਦੇਸ਼ ਵਿਚ ਰਾਜਸੀ ਸ਼ਰਨ ਮੰਗੀ ਹੈ। ਪੱਛਮੀ ਜਰਮਨੀ ਦਾ ਆਪਣੇ ਆਪ ਵਿਚ ਇਹ ਨਿਵੇਕਲਾ ਕਾਨੂੰਨ ਸੰਸਾਰ ਦੇ ਕਿਸੇ ਵੀ ਵਿਅਕਤੀ ਨੂੰ ਰਾਜਸੀ ਕਾਰਨਾਂ ਕਰਕੇ ਦੇਸ਼ ਵਿਚ ਸ਼ਰਨ ਦਿੰਦਾ ਹੈ। ਪਰ ਨਵੇਂ ਫੈਸਲੇ ਨਾਲ ਰਾਜਸੀ ਸ਼ਰਨ ਦੇ ਚਾਹਵਾਨ ਸਿੱਖਾਂ ਲਈ ਸਮੱਸਿਆ ਖੜ੍ਹੀ ਹੋ ਜਾਏਗੀ। 500 ਕੱਟੜ ਅਤਿਵਾਦੀਆਂ ਵਿਚ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ, ਬੱਬਰ ਖਾਲਸਾ ਅਤੇ ਡਾਕਟਰ ਜਗਜੀਤ ਸਿੰਘ ਚੌਹਾਨ ਦੇ ਸਮਰਥਕ ਸ਼ਾਮਲ ਹਨ ਜੋ ਪੱਛਮੀ ਜਰਮਨੀ ਦੇ ਸ਼ਹਿਰਾਂ — ਕੋਲੋਨ, ਫਰੈਂਕਫਰਟ ਤੇ ਡਿਊਰਨ ਵਿਚ ਫੈਲੇ ਹੋਏ ਹਨ। ਬਾਕੀ ਸਿਖ ਮੁਖ ਤੌਰ 'ਤੇ ਟਰੈਵਲ ਏਜੰਟਾਂ ਰਾਹੀਂ ਇਥੇ ਨੌਕਰੀ ਲਈ ਆਏ। ਇਹ ਲੋਕ ਟਰੈਵਲ ਏਜੰਟਾਂ ਵਲੋਂ ਉਨ੍ਹਾਂ ਨੂੰ ਇਥੇ ਪਹੁੰਚਾਉਣ ਵਿਚ ਕੀਤੀਆਂ ਗਈਆਂ ਠੱਗੀਆਂ ਦਾ ਜ਼ਿਕਰ ਕਰਦੇ ਹਨ ਅਤੇ ਕਈ ਗੱਲਾਂ ਤਾਂ ਦਿਲ ਨੂੰ ਹਿਲਾ ਦੇਣ ਵਾਲੀਆਂ ਹੁੰਦੀਆਂ ਹਨ। ਇਨ੍ਹਾਂ ਸਿੱਖਾਂ ਨੇ ਆਪਣੀ ਜ਼ਮੀਨ ਵੇਚ ਕੇ ਰਕਮ ਏਜੰਟਾਂ ਦੀ ਝੋਲੀ ਵਿਚ ਪਾਈ। ਕੁਝ ਲੋਕ ਡੈਨਮਾਰਕ ਰਾਹੀਂ ਪੱਛਮੀ ਜਰਮਨੀ ਵਿਚ ਦਾਖਲ ਹੋਏ।

ਇਨ੍ਹਾਂ ਮਾਸੂਮ ਨੌਜਵਾਨਾਂ ਲਈ ਪੱਛਮੀ ਜਰਮਨੀ ਵਿਚ ਰੁਕਣ ਲਈ ਇਕੋ ਇਕ ਰਾਹ ਇਹ ਰਹਿ ਗਿਆ ਸੀ ਕਿ ਉਹ ਇਸ ਦੇਸ਼ ਵਿਚ ਰਾਜਸੀ ਸ਼ਰਨ ਲੈਣ। ਇਹ ਯੁਵਕ ਹੁਣ ਘਰਾਂ ਨੂੰ ਪਰਤਣ ਵਿਚ ਬੜੀ ਸ਼ਰਮ ਮਹਿਸੂਸ ਕਰਦੇ ਹਨ। ਕਈਆਂ ਨੇ ਕੇਸ ਕਟਾ ਦਿੱਤੇ ਹਨ ਅਤੇ ਨਿੱਕਾ-ਮੋਟਾ ਕੰਮ ਕਰ ਕੇ ਪੈਸਾ ਕਮਾਉਂਦੇ ਹਨ।

ਕੱਟੜ ਅਤਿਵਾਦੀਆਂ ਦੀਆਂ ਸਰਗਰਮੀਆਂ ਵਿਚ ਭਾਰਤੀ ਦੂਤਘਰ ਅੱਗੇ ਵਿਖਾਵੇ ਕਰਨੇ, ਖਾਲਿਸਤਾਨ ਪੱਖੀ ਨਾਅਰੇ ਲਾਉਣ ਤੇ ਇਸ਼ਤਿਹਾਰ ਵੰਡਣ ਦੀਆਂ ਕਾਰਵਾਈਆਂ ਸ਼ਾਮਲ ਹਨ। ਪਰ ਭਾਰਤੀ ਸੂਤਰਾਂ ਅਨੁਸਾਰ ਪੱਛਮੀ ਜਰਮਨੀ ਨੇ ਇਨ੍ਹਾਂ ਲੋਕਾਂ ਨੂੰ ਆਪਣੀ ਧਰਤੀ ਉਤੇ ਫੌਜਦਾਰੀ ਕਿਸਮ ਦੀਆਂ ਕਾਰਵਾਈਆਂ ਕਰਨ ਦੀ ਆਗਿਆ ਨਹੀਂ ਦਿੱਤੀ। ਹਾਲ ਹੀ ਵਿਚ ਅਧਿਕਾਰੀਆਂ ਨੇ ਕੁਝ ਗਰੁਪਾਂ ਵਲੋਂ ਗਣਤੰਤਰ ਦਿਵਸ ਦੀ ਮੌਕੇ 'ਤੇ ਭਾਰਤੀ ਦੂਤਘਰ ਅੱਗੇ ਰੈਲੀ ਕਰਨ ਦੇ ਯਤਨ ਨੂੰ ਨਾਕਾਮ ਬਣਾ ਦਿੱਤਾ।

ਪੱਛਮੀ ਜਰਮਨੀ ਵਿਚ ਭਾਰਤੀਆਂ ਤੋਂ ਇਲਾਵਾ ਸ੍ਰੀਲੰਕਾ ਦੇ ਤਾਮਿਲ ਵੀ ਹਨ ਜੋ ਸ਼ਰਨ ਮੰਗ ਰਹੇ ਹਨ। ਇਨ੍ਹਾਂ ਦੀ ਗਿਣਤੀ 4 ਹਜ਼ਾਰ ਦੇ ਕਰੀਬ ਹੈ। ਪਿਛੇ ਜਿਹੇ ਜਦੋਂ ਤਾਮਿਲਨਾਡੂ ਸਰਕਾਰ ਨੇ ਬੰਗਲੌਰ ਵਿਖੇ 'ਸਾਰਕ' ਸੰਮੇਲਨ ਦੇ ਮੌਕੇ 'ਤੇ ਕੁਝ ਤਾਮਿਲ ਖਾੜਕੂ ਫੜ ਲਏ ਸਨ ਤਾਂ ਪੱਛਮੀ ਜਰਮਨੀ ਵਿਚ ਸ਼ਰਨ ਲੈ ਰਹੇ ਤਾਮਿਲਾਂ ਨੇ ਭਾਰਤੀ ਮਿਸ਼ਨ ਅੱਗੇ ਵਿਖਾਵਾ ਕੀਤਾ ਸੀ। ਸਮਾਜੀ ਮਾਮਲਿਆਂ ਬਾਰੇ ਵਿਭਾਗ ਦੇ ਇਕ ਤਰਜਮਾਨ ਅਨੁਸਾਰ ਇਰਾਨ, ਟਰਕੀ, ਬੰਗਲਾ ਦੇਸ਼, ਪਾਕਿਸਤਾਨ, ਈਥੋਪੀਆ, ਅਫਗਾਨਿਸਤਾਨ, ਪੋਲੈਂਡ ਤੇ ਯੂਰਪ ਦੇ ਹੋਰ ਮੁਲਕਾਂ ਦੇ ਨਾਗਰਿਕਾਂ ਨੇ ਵੀ ਪੱਛਮੀ ਜਰਮਨੀ ਵਿਚ ਸ਼ਰਨ ਮੰਗੀ ਹੈ।

ਪਿਛਲੇ ਸੱਤ ਸਾਲਾਂ ਵਿਚ ਦੇਸ਼ ਵਿਚ ਆਏ ਸ਼ਰਨਾਰਥੀਆਂ ਵਿਚੋਂ 90 ਫੀਸਦੀ ਅਸਲ ਵਿਚ ਸਹੀ ਰੂਪ ਵਿਚ ਸ਼ਰਨਾਰਥੀ ਹਨ ਅਤੇ ਬਾਕੀ ਆਰਥਿਕ ਕਾਰਨਾਂ ਕਰਕੇ ਆਏ ਹਨ। ਪੱਛਮੀ ਜਰਮਨੀ ਵਿਚ ਆਏ ਸ਼ਰਨਾਰਥੀਆਂ ਦੇ ਖਰਚੇ ਦਾ ਬੋਝ ਉਥੋਂ ਦੀਆਂ ਰਾਜ ਸਰਕਾਰਾਂ ਦਿੰਦੀਆਂ ਹਨ ਅਤੇ ਉਨ੍ਹਾਂ ਲਈ ਬਜਟ ਵਿਚ ਬਕਾਇਦਾ ਰਕਮ ਰੱਖੀ ਜਾਂਦੀ ਹੈ।

ਹੁਕਮਰਾਨ ਕਰਿਸਚਨ ਡੈਮੋਕਰੈਟਿਕ ਯੂਨੀਅਨ ਦੇ ਚਾਂਸਲਰ ਹੈਲਮਟ ਕੋਲ "ਰਾਜਸੀ ਸ਼ਰਨ" ਬਾਰੇ ਕਾਨੂੰਨ ਨੂੰ ਸਖਤ ਕਰਨ ਦੇ ਹੱਕ ਵਿਚ ਹਨ ਪਰ "ਫਰੀ ਡੈਮੋਕਰੈਟਿਕ ਪਾਰਟੀ" ਇਸ ਸਬੰਧ ਵਿਚ ਖੁਲ੍ਹਦਿਲੀ ਵਾਲਾ ਵਤੀਰਾ ਅਖਤਿਆਰ ਕਰਨ ਦੇ ਹੱਕ ਵਿਚ ਹੈ। ਇੰਝ ਜਾਪਦਾ ਹੈ ਜਿਵੇਂ ਇਹ ਪਾਰਟੀ "ਰਾਜਸੀ ਸ਼ਰਨ" ਮੰਗਣ ਵਾਲਿਆਂ ਪ੍ਰਤੀ ਹਮਦਰਦੀ ਵਾਲਾ ਵਤੀਰਾ ਰੱਖਣ ਲਈ ਸਰਕਾਰ ਨੂੰ ਰਾਜ਼ੀ ਕਰ ਲਏਗੀ।

ਕੈਨੇਡੀਅਨ ਇੰਜਨੀਅਰ ਈਰਾਨੀ ਜੇਲ੍ਹ 'ਚੋਂ ਰਿਹਾ



ਟਰਾਂਟੋ — ਈਰਾਨ ਦੀ ਜੇਲ੍ਹ 'ਚ 69 ਦਿਨ ਰਹਿਣ ਬਾਅਦ 29 ਸਾਲਾ ਕੈਨੇਡੀਅਨ ਫਿਲਿਪ ਇੰਗ ਨੂੰ ਰਿਹਾਈ ਮਿਲ ਗਈ।

ਇੰਗ ਈਰਾਨ 'ਚ ਕੰਮ ਕਰਦੀ ਇਕ ਬਦੇਸ਼ੀ ਕੰਪਨੀ 'ਚ ਇੰਜਨੀਅਰ ਸੀ। ਉਸ ਕੋਲੋਂ ਕੁਝ ਤਸਵੀਰਾਂ ਮਿਲਣ 'ਤੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ।

ਇੰਗ ਅਨੁਸਾਰ 7 ਜਨਵਰੀ ਨੂੰ ਦੱਸਿਆ ਗਿਆ ਸੀ ਕਿ ਉਸਨੂੰ ਰਿਹਾ ਕਰ ਦਿੱਤਾ ਜਾਏਗਾ। ਇੰਗ ਜਦ 10 ਫਰਵਰੀ ਨੂੰ ਟਰਾਂਟੋ ਏਅਰਪੋਰਟ 'ਤੇ ਪਹੁੰਚਿਆ ਤਾਂ ਉਸ ਦਾ ਨਿੱਘਾ ਸੁਆਗਤ ਕੀਤਾ ਗਿਆ ਈਰਾਨੀ ਅਧਿਕਾਰੀਆਂ ਨੇ ਉਨ੍ਹਾਂ ਤਸਵੀਰਾਂ ਦੀ ਪੂਰੀ ਜਾਂਚ ਕੀਤੀ ਅਤੇ ਬੇਕਸੂਰ ਹੋਣ 'ਤੇ ਰਿਹਾ ਕੀਤਾ।

ਇੰਗ ਦਾ ਕਹਿਣਾ ਹੈ ਕਿ ਜੇਲ੍ਹ ਵਿਚ ਉਸ ਨਾਲ ਚੰਗਾ ਵਰਤਾਉ ਕੀਤਾ ਗਿਆ।

ਬੰਬ ਧਮਾਕੇ 'ਚ 15 ਮਰੇ

ਬੈਰੂਤ — ਬੈਰੂਤ 'ਚ ਇਕ ਕਾਰ ਬੰਬ ਧਮਾਕਾ ਹੋਣ 'ਤੇ 15 ਵਿਅਕਤੀ ਹਲਾਕ ਅਤੇ 80 ਤੋਂ ਵੱਧ ਜ਼ਖਮੀ ਹੋ ਗਏ।

ਇਹ ਬੰਬ ਧਮਾਕਾ ਸ਼ੀਆ ਮੁਸਲਮਾਨਾਂ ਦੀ ਬਹੁਗਿਣਤੀ ਵਾਲੇ ਇਲਾਕੇ ਵਿਚ ਹੋਇਆ। ਇਹ ਬੰਬ ਬਹੁਤ ਸ਼ਕਤੀਸ਼ਾਲੀ 'ਤੇ ਇਸ ਦਾ ਭਾਰ 160 ਪੌਂਡ ਸੀ।

ਇਸ ਧਮਾਕੇ ਦੀ ਜ਼ਿਮੇਵਾਰੀ ਅਜੇ ਕਿਸੇ ਗਰੁੱਪ ਨੇ ਨਹੀਂ ਲਈ।

ਕਰਮਜੀਤ 'ਤੇ ਸੁਨਾਮ 'ਚ ਵੀ 7 ਕੇਸ

ਸੁਨਾਮ — ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਉਤੇ ਬੀਤੇ ਸਾਲ 2 ਅਕਤੂਬਰ ਨੂੰ ਨਵੀਂ ਦਿੱਲੀ ਵਿਚ ਕਾਤਲਾਨਾ ਹਮਲਾ ਕਰਨ ਦੇ ਜ਼ੁਰਮ ਅਧੀਨ ਗ੍ਰਿਫਤਾਰ ਕੀਤੇ ਗਏ ਨੌਜਵਾਨ ਕਰਮਜੀਤ ਸਿੰਘ ਅਤੇ ਇਸ ਹਮਲੇ ਦੀ ਸਾਜ਼ਿਸ਼ ਦੇ ਜ਼ੁਰਮ ਵਿਚ ਗ੍ਰਿਫਤਾਰ ਕੀਤੇ ਪ੍ਰੇਮ ਸਿੰਘ, ਸ਼ੇਰ ਸਿੰਘ ਤੇ ਅਮਰਜੀਤ ਸਿੰਘ ਨੂੰ ਸਥਾਨਕ ਥਾਣੇ ਵਿਚ ਦਰਜ ਹੋਏ ਕੁਝ ਮੁਕੱਦਮਿਆਂ ਨਾਲ ਜੋੜਿਆ ਜਾ ਰਿਹਾ ਹੈ। ਮਿਲੀ ਇਤਲਾਹ ਅਨੁਸਾਰ ਪੁਲੀਸ ਨੇ ਸਥਾਨਕ ਅਦਾਲਤ ਨੂੰ ਬੇਨਤੀ ਕੀਤੀ ਹੈ ਕਿ ਕਰਮਜੀਤ ਸਿੰਘ ਤੇ ਉਸ ਦੇ ਸਾਥੀ 7 ਵੱਖ ਵੱਖ ਮੁਕੱਦਮਿਆਂ ਵਿਚ ਲੋੜੀਂਦੇ ਹਨ ਜਿਸ ਕਰਕੇ ਇਨ੍ਹਾਂ ਨੂੰ ਤਿਹਾੜ ਜੇਲ੍ਹ ਵਿਚੋਂ ਲਿਆ ਕੇ ਇਥੇ ਪੇਸ਼ ਕਰਾਇਆ ਜਾਣਾ ਜ਼ਰੂਰੀ ਹੈ। ਅਦਾਲਤ ਵਲੋਂ ਤਿਹਾੜ ਜੇਲ੍ਹ ਦੇ ਸੁਪਰਡੈਂਟ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਇਨ੍ਹਾਂ ਚਾਰੇ ਵਿਅਕਤੀਆਂ ਨੂੰ 21 ਮਾਰਚ ਨੂੰ ਸਥਾਨਕ ਅਦਾਲਤ ਵਿਚ ਪੇਸ਼ ਕਰਨ।

ਇਨ੍ਹਾਂ 7 ਮੁਕੱਦਮਿਆਂ ਵਿਚ 6.3.85 ਨੂੰ ਡਾਕਖਾਨੇ ਨੂੰ ਅੱਗ ਲਗਾਉਣਾ, ਦੋ ਵਾਰ ਨਗਰਪਾਲਿਕਾ ਦੇ ਦਫਤਰ ਵਿਚ ਅੱਗ ਲਗਾਉਣਾ, ਸਕੂਟਰ ਚੋਰੀ, ਇਕ ਧਾਰਮਿਕ ਅਸਥਾਨ ਵਿਚ ਪਟਾਕਾ ਚਲਾ ਕੇ ਦਹਿਸ਼ਤ ਫੈਲਾਉਣਾ, ਨਵੀਂ ਅਨਾਜ ਮੰਡੀ ਨੇੜੇ ਇਕ ਵਿਅਕਤੀ ਫੂਲ ਰਾਮ ਨੂੰ ਫੱਟੜ ਕਰਨਾ ਤੇ ਇਥੋਂ ਦੇ ਇਕ ਦੁਕਾਨਦਾਰ ਸੁਖਦੇਵ ਰਾਮ ਦੀ ਪਤਨੀ ਨੂੰ ਜ਼ਖਮੀ ਕਰਨ ਦੇ ਮੁਕੱਦਮੇ ਸ਼ਾਮਲ ਹਨ। ਵਰਨਣਯੋਗ ਹੈ ਕਿ ਇਨ੍ਹਾਂ ਸੱਤ ਮੁਕੱਦਮਿਆਂ ਵਿਚ ਪਹਿਲਾਂ ਮੁਜਰਮਾਂ ਦੇ ਨਾਮ ਨਹੀਂ ਲਿਖਾਏ ਗਏ ਸਨ ਤੇ ਸਥਾਨਕ ਪੁਲੀਸ ਵਲੋਂ ਇਨ੍ਹਾਂ ਮੁਕੱਦਮਿਆਂ ਦੇ ਦੋਸ਼ੀਆਂ ਦਾ ਪਤਾ ਨਾ ਲੱਗਣ ਕਾਰਨ ਤਫਤੀਸ਼ ਅਧੂਰੀ ਸੀ।

ਇਹ ਵੀ ਪਤਾ ਲੱਗਾ ਹੈ ਕਿ ਕਰਮਜੀਤ ਸਿੰਘ ਤੇ ਉਸ ਦੇ ਸਾਥੀਆਂ ਨੂੰ ਸਥਾਨਕ ਅਦਾਲਤ ਵਿਚ ਪੇਸ਼ ਕਰਾਉਣ ਦੀ ਕਾਰਵਾਈ ਸਿਰਫ ਜ਼ਾਬਤੇ ਨੂੰ ਪੂਰਾ ਕਰਨ ਲਈ ਕੀਤੀ ਜਾ ਰਹੀ ਹੈ ਅਤੇ ਸਥਾਨਕ ਪੁਲੀਸ ਦੋਸ਼ੀਆਂ ਨੂੰ ਪੰਜਾਬ ਲਿਆਉਣ ਲਈ ਗੰਭੀਰ ਨਹੀਂ। ਕਰਮਜੀਤ ਸਿੰਘ ਦਾ ਸਾਰੇ 7 ਮੁਕੱਦਮਿਆਂ ਨਾਲ ਸਬੰਧ ਦਰਸਾਇਆ ਜਾ ਰਿਹਾ ਹੈ ਜਦ ਕਿ ਪ੍ਰੇਮ ਸਿੰਘ ਦਾ 2, ਸ਼ੇਰ ਸਿੰਘ ਦਾ 2 ਤੇ ਅਮਰਜੀਤ ਸਿੰਘ ਦਾ 2 ਮੁਕੱਦਮਿਆਂ ਨਾਲ ਸਬੰਧ ਦਿਖਾਇਆ ਜਾ ਰਿਹਾ ਹੈ।

ਪ੍ਰੋ: ਦਰਸ਼ਨ ਸਿੰਘ ਵਲੋਂ 'ਰਾਜ ਕਰੇਗਾ ਖਾਲਸਾ' ਦੀ ਵਿਆਖਿਆ


ਸੰਗਰੂਰ — ਗੁਰਦੁਆਰਾ ਮਸਤੂਆਣਾ ਸਾਹਿਬ ਅੰਦਰ ਬਣੀ ਧਾਰਮਿਕ ਸਟੇਜ ਤੋਂ ਕੀਰਤਨ ਸਮੇਂ ਅਕਾਤ ਤਖਤ ਦੇ ਜਥੇਦਾਰ ਪ੍ਰੋ: ਦਰਸ਼ਨ ਸਿੰਘ ਨੇ 'ਰਾਜ ਕਰੇਗਾ ਖਾਲਸਾ' ਪੰਕਤੀ ਦੀ ਵਿਆਖਿਆ ਵਰਤਮਾਨ ਸਮੇਂ ਵਿਚ ਸਿੱਖਾਂ ਦੀ ਦੁਰਦਸ਼ਾ ਤੇ ਦੇਸ਼ ਦੇ ਰਾਜਨੀਤਕ ਹਾਲਾਤ ਨੂੰ ਮੁੱਖ ਰੱਖ ਕੇ ਕੀਤੀ। ਪ੍ਰੋ: ਦਰਸ਼ਨ ਸਿੰਘ ਨੇ ਕਿਹਾ ਕਿ ਜੋ ਲੋਕ ਸਦੀਆਂ ਤੋਂ ਉਪਰੋਕਤ ਪੰਕਤੀ ਪੜ੍ਹਦੇ ਆਏ ਹਨ ਅੱਜੇ ਉਹ ਇਸ ਪੰਕਤੀ ਨੂੰ ਸੁਣਨ ਲਈ ਵੀ ਤਿਆਰ ਨਹੀਂ। ਪ੍ਰੋ: ਦਰਸ਼ਨ ਸਿੰਘ ਦਾ ਇਸ਼ਾਰਾ ਅਸਿੱਧੇ ਤੌਰ 'ਤੇ ਬਰਨਾਲਾ ਅਕਾਲੀ ਦਲ ਦੇ ਨੇਤਾਵਾਂ ਵੱਲ ਸੀ। ਅਕਾਲ ਤਖਤ ਦੇ ਜਥੇਦਾਰ ਨੇ ਕਿਹਾ ਕਿ ਖਾਲਸਾ ਰਾਜ ਇਕ ਅਜਿਹਾ ਰਾਜ ਹੋਵੇਗਾ ਜਿਸ ਵਿਚ ਬ੍ਰਾਮਣ ਦੀ ਧੀ ਭੈਣ ਦੀ ਇਜ਼ਤ ਪੂਰਨ ਤੌਰ 'ਤੇ ਸੁਰੱਖਿਅਤ ਹੋਵੇਗੀ ਪਰ ਅੱਜ ਸਿੱਖਾਂ ਦੀ ਧੀ ਭੈਣ ਦੀ ਇਜ਼ਤ ਸੁਰੱਖਿਅਤ ਨਹੀਂ ਹੈ। ਪ੍ਰੋ: ਦਰਸ਼ਨ ਸਿੰਘ ਨੇ ਕੇਂਦਰ ਦੇ ਕਾਂਗਰਸ (ਆਈ) ਨੇਤਾਵਾਂ ਨੂੰ ਪੱਥਰ ਦੇ ਪੁਜਾਰੀ ਅਤੇ ਬਾਦਲ ਅਕਾਲੀ ਦਲ ਦੇ ਨੇਤਾਵਾਂ ਨੂੰ ਲੋਹੇ ਦੇ ਪੁਜਾਰੀ ਦੱਸਦਿਆਂ ਕਿਹਾ ਕਿ ਅੰਤ ਵਿਚ ਲੋਹੇ ਦੀ ਹਥੌੜੀ ਪੱਥਰ ਦੇ ਟੁਕੜੇ ਕਰ ਦੇਵੇਗੀ।

ਪ੍ਰੋ: ਦਰਸ਼ਨ ਸਿੰਘ ਨੇ ਰਾਜੀਵ ਗਾਂਧੀ ਦੇ ਕਥਿਤ ਕਾਤਲ ਕਰਮਜੀਤ ਸਿੰਘ ਦੀ ਮਾਤਾ ਸ੍ਰੀਮਤੀ ਹਰਦਿਆਲ ਕੌਰ ਨੂੰ ਸਟੇਜ 'ਤੇ ਸਿਰੋਪਾ ਭੇਟ ਕੀਤਾ ਇਸ ਤੋਂ ਪਹਿਲਾਂ ਬਾਦਲ ਦੀ ਸਟੇਜ ਉਤੇ ਵੀ ਸ੍ਰੀਮਤੀ ਹਰਦਿਆਲ ਕੌਰ ਨੂੰ ਸਿਰੋਪਾ ਭੇਟ ਕੀਤਾ ਗਿਆ। ਸ੍ਰੀਮਤੀ ਹਰਦਿਆਲ ਕੌਰ ਨੂੰ ਦੋਹਾਂ ਸਟੇਜਾਂ ਉਤੇ ਕੁਛ ਨੌਜੁਆਨ ਆਗੂਆਂ ਨੇ ਨੰਗੀਆਂ ਤਲਵਾਰਾਂ ਦੀ ਛਾਂ ਹੇਠ ਐਸਕੋਟ ਕਰਕੇ ਲਿਆਂਦਾ ਤੇ ਗਾਰਡ ਆਫ ਆਨਰਜ਼ ਦਿਤਾ। ਕੀਰਤਨ ਵਿਖਿਆਨ ਉਪਰੰਤ ਪ੍ਰੋ: ਦਰਸ਼ਨ ਸਿੰਘ ਨੇ ਪ੍ਰੈਸ ਨਾਲ ਘੱਟੋ ਘੱਟ ਦਸ ਕੁ ਦਿਨ ਤੱਕ ਗੱਲਬਾਤ ਕਰਨ ਤੋਂ ਇਨਕਾਰ ਕਰ ਦਿੱਤਾ।

■ ■ ■

ਜੱਜ: 'ਮੇਰੇ ਵਿਚਾਰ ਵਿਚ ਇਹ ਪੰਜਵਾਂ ਆਦਮੀ ਹੈ, ਜਿਸ ਨੂੰ ਤੁਸੀਂ ਆਪਣੀ ਮੋਟਰ ਹੇਠ ਕੁਚਲਿਆ ਹੈ।'

ਅਪਰਾਧੀ: 'ਤੁਸੀਂ ਭੁੱਲ ਰਹੇ ਹੋ ਹਜ਼ੂਰ, ਇਹ ਪੰਜਵਾਂ ਨਹੀਂ ਬਲਕਿ ਚੌਥਾ ਹੈ। ਇਕ ਕੰਬਖਤ ਤਾਂ ਦੋ ਵਾਰ ਕੁਚਲਿਆ ਗਿਆ ਸੀ।'



ਸ੍ਰੀ ਦਰਬਾਰ ਸਾਹਿਬ ਵਿਚ ਗੁਪਤ ਏਜੰਸੀਆਂ

ਹਰਵੀਰ ਸਿੰਘ ਭੰਵਰ

ਸ੍ਰੀ ਦਰਬਾਰ ਸਾਹਿਬ ਉਤੇ ਜਾਬਰਾਨਾ ਫੌਜੀ ਹਮਲੇ ਪਿਛੋਂ ਕੰਪਲੈਕਸ ਅੰਦਰ ਸਰਗਰਮੀਆਂ ਦੀਆਂ 'ਸੂਹਾਂ'ਲੈਣ ਲਈ ਕਈ 'ਗੁਪਤ'ਏਜੰਸੀਆਂ ਨੇ ਆਪਣੇ 'ਸੈਲ'ਸਥਾਪਤ ਕੀਤੇ ਹਨ। ਅਕਾਲੀ ਦਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੰਘ ਸਾਹਿਬਾਨ ਦੀਆਂ ਸਾਰੀਆਂ ਸਰਗਰਮੀਆਂ ਤੇ ਹਰ ਸਮੇਂ 'ਨਜ਼ਰ'ਰਖੀ ਜਾ ਰਹੀ ਹੈ।

ਇਸ ਸਮੇਂ ਕੰਪਲੈਕਸ ਵਿਚ ਪੰਜਾਬ ਦੀ ਸੀ.ਆਈ.ਡੀ. ਅਤੇ ਕੇਂਦਰੀ ਗੁਪਤ ਏਜੰਸੀਆਂ ਆਈ.ਬੀ.ਅਤੇ ਰਾਅ (ਆਰ.ਏ.ਡਬਲਿਊ) ਤੋਂ ਬਿਨਾਂ ਪੰਜਾਬ ਪੁਲਸ ਸੀ.ਬੀ.ਆਈ.ਬੀ.ਐਸ.ਐਫ. ਮਿਲਟਰੀ ਅਤੇ ਸੀ.ਆਰ.ਪੀ. ਦੀਆਂ ਆਪਣੀਆਂ ਗੁਪਤ ਏਜੰਸੀਆਂ ਨੇ ਕੰਪਲੈਕਸ ਅੰਦਰ ਆਪਣੇ 'ਸੈਲ'ਬਣਾਏ ਹੋਏ ਹਨ। ਅਤੇ ਆਪਣੇ ਕਈ 'ਬੰਦਿਆਂ'ਨੂੰ ਮਾਸਿਕ ਭੱਤਾ ਵੀ ਦਿੰਦੇ ਹਨ। ਇਸ ਕੰਮ ਲਈ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੇ ਕੁਝ ਕਰਮਚਾਰੀਆਂ ਨੂੰ ਵੀ ਇਹ ਪੈਸੇ ਦਿੰਦੇ ਰਹਿੰਦੇ ਹਨ

ਕਈ ਏਜੰਸੀਆਂ ਨੇ ਆਪਣੇ ਇਕ ਤੋਂ ਵੱਧ ਕਰਮਚਾਰੀ ਕੰਪਲੈਕਸ ਉਤੇ 'ਨਜ਼ਰ' ਰਖਣ ਲਈ ਨਿਯੁਕਤ ਕੀਤੇ ਹੋਏ ਹਨ—ਇਕ ਸ੍ਰੀ ਦਰਬਾਰ ਸਾਹਿਬ (ਪਰਕਰਮਾ ਅਤੇ ਘੰਟਾ ਘਰ ਵਾਲੇ ਪਾਸੇ) ਲਈ ਅਤੇ ਇਕ ਜਿਧਰ ਦੋਨਾਂ ਅਕਾਲੀ ਦਲਾਂ ਅਤੇ ਸ਼੍ਰੋਮਣੀ ਕਮੇਟੀ ਦੇ ਦਫਤਰ ਅਤੇ ਦੋਨੋਂ ਸਰਾਵਾਂ (ਨਿਵਾਸ) ਹਨ। ਲਗਭਗ ਹਰ ਏਜੰਸੀ ਨੇ ਇਸ ਔਖੇ ਕੰਮ ਲਈ ਆਪਣੇ ਸਿਖ ਕਰਮਚਾਰੀਆਂ ਨੂੰ ਇਧਰ ਲਗਾਇਆ ਹੈ। ਇਹ ਅਕਸਰ ਨੀਲੀ ਅਤੇ ਕੇਸਰੀ ਦਸਤਾਰ ਪਹਿਣਦੇ ਹਨ, ਤਾਂ ਜੋ ਕੰਪਲੈਕਸ ਅੰਦਰ ਯਾਤਰੀਆਂ ਅਤੇ ਆਮ ਸਿੱਖਾਂ ਵਿਚ ਘੁਲ ਮਿਲ ਸਕਣ। ਗੁਪਤ ਏਜੰਸੀਆਂ ਦੇ ਇਹ ਕਰਮਚਾਰੀ ਕੰਪਲੈਕਸ ਨੂੰ ਵੰਡ ਰਹੀ ਸੜਕ ਜਾਂ ਗੇਟਾਂ ਦੇ ਬਾਹਰਲੀਆਂ ਦੁਕਾਨਾਂ ਤੇ ਬੈਠੇ ਦਿਖਾਈ ਦਿੰਦੇ ਹਨ ਤਾਂ ਜੋ ਕੰਪਲੈਕਸ ਅੰਦਰ ਆਉਣ ਜਾਣ ਵਾਲਿਆਂ ਤੇ ਨਜ਼ਰ ਰੱਖ ਸਕਣ। ਲੋੜ ਪੈਣ ਤੇ ਇਹ ਇਹਨਾਂ ਹੀ ਦੁਕਾਨਦਾਰਾਂ ਦਾ ਟੈਲੀਫੋਨ ਵਰਤ ਕੇ ਆਪਣੇ ਦਫਤਰ ਨੂੰ ਪਛੇਤੀ ਤੋਂ ਪਛੇਤੀ ਸੂਚਨਾ ਦਸਦੇ ਰਹਿੰਦੇ ਹਨ।

ਇਹਨਾਂ ਗੁਪਤ ਏਜੰਸੀਆਂ ਦੇ ਕੁਝ ਕਰਮਚਾਰੀਆਂ ਨੇ ਕੁਝ ਸਥਾਨਕ ਪੱਤਰਕਾਰਾਂ ਨਾਲ ਦੋਸਤਾਨਾਂ ਸਬੰਧ ਰਖੇ ਹੋਏ ਹਨ। ਕਈ ਵਾਰੀ ਜਦੋਂ ਕੋਈ ਪੱਤਰਕਾਰ ਕੋਈ ਪ੍ਰੈਸ ਕਾਨਫਰੰਸ ਆਦਿ 'ਕਵਰ' ਕਰਕੇ ਆਉਂਦਾ ਹੈ ਤਾਂ ਇਹ ਕਰਮਚਾਰੀ ਉਸ ਤੋਂ ਲੋੜੀਂਦੀ ਜਾਣਕਾਰੀ ਪ੍ਰਾਪਤ ਕਰਨ ਦਾ ਯਤਨ ਕਰਦੇ ਹਨ। ਅੰਦਰ ਦੀਆਂ ਸਰਗਰਮੀਆਂ ਬਾਰੇ ਪੁੱਛਦੇ ਹਨ। ਗੁਪਤ ਏਜੰਸੀਆਂ ਦੇ ਇਹ ਮੁਲਾਜ਼ਮ ਖੁਦ ਵੀ ਪੱਤਰਕਾਰਾਂ ਨਾਲ ਆਪਣੇ 'ਸੋਰਸ' ਤੋਂ ਮਿਲੀ ਜਾਣਕਾਰੀ ਸਾਂਝੀ ਕਰ ਲੈਂਦੇ ਹਨ। ਸਾਰੇ ਜ਼ਿਲ੍ਹੇ ਵਿਚ ਵਪਾਰੀ ਕੋਈ ਵੀ ਘਟਨਾ 'ਲਾਅ ਐਂਡ ਆਰਡਰ'ਬਾਰੇ ਜਾਣਕਾਰੀ ਦਿੰਦੇ ਹਨ।

ਗੁਪਤ ਏਜੰਸੀਆਂ ਦੇ ਇਨ੍ਹਾਂ ਬੰਦਿਆਂ ਦੀ ਕੰਪਲੈਕਸ ਵਿਚ ਮੌਜੂਦਗੀ 'ਓਪਰੇਸ਼ਨ ਬਲਿਊ ਸਟਾਰ' ਤੋਂ ਪਿਛੋਂ ਦੀ 'ਡੀਵੈਲਪਮੈਂਟ' ਹੈ। ਇਸ ਤੋਂ ਪਹਿਲਾਂ ਇਹ ਕਰਮਚਾਰੀ, ਜੋ ਆਮ ਤੌਰ ਤੇ 'ਇੰਸਪੈਕਟਰ' ਰੈਂਕ ਤਕ ਹੁੰਦੇ ਹਨ, ਕੰਪਲੈਕਸ ਅੰਦਰ ਜਾਣਾ ਤਾਂ ਇਕ ਪਾਸੇ ਨੇੜੇ ਫਟਕਣ ਤੋਂ ਵੀ ਡਰਦੇ ਸਨ, ਖਾਸ ਕਰ ਇਕ ਦੋ ਵਾਰੀ ਜਦੋਂ ਸੀ.ਆਈ.ਡੀ. ਦੇ ਕਰਮਚਾਰੀਆਂ ਨੂੰ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਚੋਂ ਬੰਦੂਕ ਦੀ ਨੋਕ ਤੇ ਗੁਰੂ ਨਾਨਕ ਨਿਵਾਸ ਲਿਜਾ ਕੇ 'ਪੁੱਛਗਿਛ'(ਇੰਟੈਰੋਗੇਸ਼ਨ) ਕੀਤੀ ਗਈ।

ਗੁਰੂ ਨਾਨਕ ਨਿਵਾਸ ਦੀ ਪਿਛਲੀ ਗਲੀ—ਗਲੀ ਬਾਗ ਵਾਲੀ ਦੇ 'ਗਟਰ' (ਗੰਦੀ ਨਾਲੀ ਦਾ ਢੱਕਣ) ਵਿਚੋਂ 16 ਅਤੇ 23 ਮਈ ਅਤੇ 2 ਸਤੰਬਰ 1983 ਨੂੰ ਇਕ ਇਕ ਲਾਸ਼ ਮਿਲਣ ਤੋਂ ਪਿਛੋਂ ਤਾਂ ਗੁਪਤ ਏਜੰਸੀਆਂ ਦੇ ਇਹ ਕਰਮਚਾਰੀ ਜਲ੍ਹਿਆਂ ਵਾਲਾ ਤੋਂ ਅੱਗੇ ਜਾਣ ਤੋਂ ਘਬਰਾਉਂਦੇ ਸਨ।

ਆਪਣੇ ਬੰਦੇ ਇਥੇ ਨਿਯੁਕਤ ਕਰਨ ਅਤੇ ਕੰਪਲੈਕਸ ਅੰਦਰ ਕੁਝ ਕਰਮਚਾਰੀਆਂ ਨੂੰ 'ਖਰੀਦਣ' ਤੋਂ ਬਿਨਾਂ ਇਹ ਏਜੰਸੀਆਂ ਵਿਸ਼ੇਸ਼ ਕਰਕੇ ਸੀ.ਆਈ.ਡੀ. ਵਾਲੇ ਕੰਪਲੈਕਸ ਅੰਦਰ ਲਗੇ ਸਾਰੇ ਟੈਲੀਫੋਨਾਂ ਤੇ ਹੋ ਰਹੀ ਗੱਲਬਾਤ 'ਟੇਪ' ਕਰਦੇ ਹਨ ਅਤੇ ਕੰਪਲੈਕਸ ਅੰਦਰ ਜਾਣ ਵਾਲੀ ਸਾਰੀ ਡਾਕ ਵੀ ਸੈਂਸਰ ਕਰਦੇ ਹਨ।

ਫੌਜੀ ਕਾਰਵਾਈ ਤੋਂ ਪਹਿਲਾਂ ਹਰਿਆਣਾ ਦੇ ਮੁਖ ਮੰਤਰੀ ਸ੍ਰੀ ਭਜਨ ਲਾਲ ਦੀ ਸੀ.ਆਈ.ਡੀ. ਦੇ ਬੰਦੇ ਵੀ ਕੰਪਲੈਕਸ ਵਿਚ ਨਿਯੁਕਤ ਕੀਤੇ ਹੋਏ ਸਨ। ਸ੍ਰੀ ਭਜਨ ਲਾਲ ਦੀ ਸਰਕਾਰ ਨੇ ਸਿੱਖਾਂ ਤੇ ਬੜੇ ਜ਼ੁਲਮ ਕੀਤੇ ਹਨ, ਇਸ ਲਈ ਉਨ੍ਹਾਂ ਦਾ ਨਾਂ ਸੰਤ ਭਿੰਡਰਾਂਵਾਲਿਆਂ ਦੀ 'ਹਿਟ ਲਿਸਟ' ਉਤੇ ਸੀ। ਹਰਿਆਣਾ ਸੀ.ਆਈ.ਡੀ. ਦੇ ਇਹ ਮੁਲਾਜ਼ਮ ਇਥੇ ਇਸ ਲਈ ਭੇਜੇ ਗਏ ਸਨ ਤਾਂ ਜੋ ਉਹ ਇਹ ਸੂਹ ਲਗਾਉਂਦੇ ਰਹਿਣ ਕਿ ਕੋਈ 'ਦਸਤਾ' ਜਾਂ ਕਥਿਤ ਅੱਤਵਾਦੀ ਉਨ੍ਹਾਂ ਨੂੰ ਕਤਲ ਕਰਨ ਲਈ ਤਾਂ ਨਹੀਂ ਰਵਾਨਾ ਹੋ ਰਿਹਾ।

ਕਥਿਤ ਅਤਿਵਾਦੀਆਂ ਦੀਆਂ ਸਰਗਰਮੀਆਂ ਤੇ ਨਜ਼ਰ ਰੱਖਣ ਲਈ ਸਿੱਖ ਭੇਸ ਵਿਚ ਆਰ.ਐਸ.ਐਸ. ਦੇ ਚਾਰ ਪੰਜ ਵਰਕਰ ਹਮੇਸ਼ਾ ਅੰਦਰ ਰਹਿੰਦੇ ਹਨ। ਮੇਰੇ ਇਕ ਮਿਤਰ ਪੱਤਰਕਾਰ ਨੇ ਮੈਨੂੰ ਦਸਿਆ ਸੀ ਕਿ ਅਸੀਂ ਇਨ੍ਹਾਂ ਨੂੰ ਫੌਜੀ ਹਮਲੇ ਵੇਲੇ ਬਾਹਰ ਨਹੀਂ ਕੱਢ ਸਕੇ ਅਤੇ ਖਿਆਲ ਹੈ ਕਿ ਇਹ ਅੰਦਰ ਹੀ ਮਾਰੇ ਗਏ ਹਨ।

ਦਿਲਚਸਪੀ ਵਾਲੀ ਗੱਲ ਇਹ ਹੈ ਕਿ ਸ਼ਰੋਮਣੀ ਕਮੇਟੀ ਅਤੇ ਦੋਨਾਂ ਅਕਾਲੀ ਦਲਾਂ ਨੂੰ ਗੁਪਤ ਏਜੰਸੀਆਂ ਦੇ ਇਨ੍ਹਾਂ ਮੁਲਾਜ਼ਮਾਂ ਦੀ ਕੰਪਲੈਕਸ ਵਿਚ ਮੌਜੂਦਗੀ ਬਾਰੇ ਪੂਰਾ ਗਿਆਨ ਹੈ ਪਰ ਉਹ ਇਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਰੋਕ ਨਹੀਂ ਸਕਦੇ।

ਬਰਨਾਲਾ ਸਰਕਾਰ ਦੀ ਬਰਤਰਫੀ ਦੀ ਮੰਗ

ਅਮਲੋਹ — ਸ੍ਰੀ ਗੁਰਦੇਵ ਸਿੰਘ ਚੇਅਰਮੈਨ ਤੇ ਲਾਲ ਸਿੰਘ ਟੌਹੜਾ ਜਨਰਲ ਸਕੱਤਰ ਜ਼ਿਲਾ ਕਾਂਗਰਸ ਪਟਿਆਲਾ (ਹਰੀਜਨ ਸੈਲ) ਅਤੇ ਸ੍ਰੀ ਦਰਸ਼ਨ ਸਿੰਘ ਘੁੰਮਣ ਜਨਰਲ ਸਕੱਤਰ ਜ਼ਿਲਾ ਕਾਂਗਰਸ (ਦਿਹਾਤੀ) ਪਟਿਆਲਾ ਨੇ ਪ੍ਰਧਾਨ ਮੰਤਰੀ ਤੋਂ ਮੰਗ ਕੀਤੀ ਹੈ ਕਿ ਪੰਜਾਬ ਵਿਚੋਂ ਬਰਨਾਲਾ ਸਰਕਾਰ ਨੂੰ ਫੌਰੀ ਚਲਦਾ ਕੀਤਾ ਜਾਵੇ ਕਿਉਂਕਿ ਇਹ ਹਰ ਪੱਖੋਂ ਫੇਲ੍ਹ ਹੋ ਚੁੱਕੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਵਿਚ ਰੋਜ਼ਾਨਾ ਹੀ ਨਿਰਦੋਸ਼ ਲੋਕਾਂ, ਔਰਤਾਂ ਅਤੇ ਬੱਚਿਆਂ ਦੇ ਕਤਲ ਹੋ ਰਹੇ ਹਨ ਪ੍ਰੰਤੂ ਅਤਿਵਾਦੀ ਅਨਸਰਾਂ ਖਿਲਾਫ ਕੋਈ ਸਖਤ ਕਾਰਵਾਈ ਨਹੀਂ ਕੀਤੀ ਜਾ ਰਹੀ। ਆਗੂਆਂ ਨੇ ਦੋਸ਼ ਲਾਇਆ ਕਿ ਮੌਜੂਦਾ ਨਿਯੁਕਤੀਆਂ ਵਿਚ ਗਰੀਬਾਂ ਅਤੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਦੇ ਮੰਤਰੀ ਲੋਕਾਂ ਵਿਚ ਗਲਤ ਬਿਆਨਬਾਜ਼ੀ ਕਰ ਕੇ ਉਨ੍ਹਾਂ ਨੂੰ ਗੁੰਮਰਾਹ ਕਰ ਰਹੇ ਹਨ ਜਦੋਂ ਕਿ ਅਸਲ ਵਿਚ ਸਭ ਕੁਝ ਇਸ ਦੇ ਉਲਟ ਹੋ ਰਿਹਾ ਹੈ।

ਸ੍ਰੀ ਵੈਂਕਟਾਰਮਨ ਦੇ ਰਾਸ਼ਟਰਪਤੀ ਬਣਨ ਦੀ ਚਰਚਾ

ਨਵੀਂ ਦਿੱਲੀ — ਰਾਜਧਾਨੀ ਦੇ ਰਾਜਸੀ ਹਲਕਿਆਂ ਵਿਚ ਇਸ ਗੱਲ ਦੀ ਚਰਚਾ ਹੈ ਕਿ ਕਾਂਗਰਸ (ਇ) ਵਲੋਂ ਭਾਰਤ ਦੇ ਨਵੇਂ ਰਾਸ਼ਟਰਪਤੀ ਲਈ ਆਪਣੇ ਉਮੀਦਵਾਰ ਦੇ ਨਾਂ ਦਾ ਐਲਾਨ ਦੇਸ਼ ਦੇ ਪੰਜ ਰਾਜਾਂ ਹਰਿਆਣਾ, ਪੱਛਮੀ ਬੰਗਾਲ, ਕੇਰਲਾ, ਜੰਮੂ ਕਸ਼ਮੀਰ ਅਤੇ ਮਿਜ਼ੋਰਮ ਵਿਚ ਹੋਣ ਵਾਲੀਆਂ ਅਸੰਬਲੀ ਚੋਣਾਂ ਪਿਛੋਂ ਕੀਤਾ ਜਾਵੇਗਾ। ਮੌਜੂਦਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵਲੋਂ ਪਾਰਲੀਮੈਂਟ ਵਲੋਂ ਪਾਸ ਕੀਤੇ ਡਾਕ ਸੋਧ ਬਿੱਲ ਨੂੰ ਵਾਪਸ ਕਰਨ ਨਾਲ ਜੋ ਵਿਵਾਦ ਪੈਦਾ ਹੋਇਆ ਹੈ, ਉਸ ਤੋਂ ਸਪੱਸ਼ਟ ਹੈ ਕਿ ਗਿਆਨੀ ਜ਼ੈਲ ਸਿੰਘ ਦਾ ਨਾਂ ਦੂਜੀ ਵਾਰ ਇਸ ਅਹੁਦੇ ਲਈ ਤਜਵੀਜ਼ ਨਹੀਂ ਕੀਤਾ ਜਾਏਗਾ। ਰਾਜਸੀ ਹਲਕਿਆਂ ਵਿਚ ਇਹ ਵੀ ਕਿਹਾ ਜਾ ਰਿਹਾ ਹੈ ਕਿ ਉਪ ਰਾਸ਼ਟਰਪਤੀ ਸ੍ਰੀ ਵੈਂਕਟਾਰਮਨ ਨੂੰ ਰਾਸ਼ਟਰਪਤੀ ਬਣਾਏ ਜਾਣ ਦੀ ਸੰਭਾਵਨਾ ਹੈ ਤੇ ਉਨ੍ਹਾਂ ਦੀ ਥਾਂ ਘੱਟ ਗਿਣਤੀਆਂ ਦੇ ਪ੍ਰਤੀਨਿਧਾਂ ਵਲੋਂ ਕਿਸੇ ਮੁਸਲਮ ਜਾਂ ਈਸਾਈ ਨੂੰ ਉਪ ਰਾਸ਼ਟਰਪਤੀ ਬਣਾਏ ਜਾਣ ਦੀ ਸੰਭਾਵਨਾ ਹੈ।

ਸਿੰਘ ਸਾਹਿਬਾਨ ਦੀ ਸਿਆਸਤ 'ਤੇ ਗੁੱਸੇ ਦਾ ਪ੍ਰਗਟਾਵਾ

ਜਲੰਧਰ — ਸੀਨੀਅਰ ਅਕਾਲੀ ਨੇਤਾ ਜੀਵਨ ਸਿੰਘ ਉਮਰਾਨੰਗਲ ਨੇ ਅਕਾਲ ਤਖਤ ਦੇ ਜਥੇਦਾਰ ਪ੍ਰੋਫੈਸਰ ਦਰਸ਼ਨ ਸਿੰਘ ਤੇ ਦੋਸ਼ ਲਾਇਆ ਹੈ ਕਿ ਉਹ ਆਪਣੇ ਅਹੁਦੇ ਦੀ ਗਲਤ ਵਰਤੋਂ ਕਰ ਰਹੇ ਹਨ।

ਜਲੰਧਰ ਵਿਚ ਬੋਲਦਿਆਂ ਉਮਰਾਨੰਗਲ ਨੇ ਕਿਹਾ ਕਿ ਸਿੰਘ ਸਾਹਿਬਾਨ ਨੇ ਪੰਥਕ ਮਸਲਿਆਂ ਨੂੰ ਹੋਰ ਗੁੰਝਲਦਾਰ ਬਣਾ ਦਿੱਤਾ ਹੈ। ਅਕਾਲੀ ਨੇਤਾ ਨੇ ਇਸ ਗੱਲ ਤੇ ਅਫ਼ਸੋਸ ਪ੍ਰਗਟ ਕੀਤਾ ਕਿ ਅਕਾਲੀ ਦਲ ਦੀ ਸਬ ਕਮੇਟੀ ਨੂੰ ਅੰਮ੍ਰਿਤਸਰ ਵਿਚ ਪੰਜ ਸਿੰਘ ਸਾਹਿਬਾਨ ਨਾਲ ਗੱਲਬਾਤ ਕਰਨ ਲਈ ਹਰਿਮੰਦਰ ਸਾਹਿਬ ਕੰਪਲੈਕਸ 'ਚ ਦਾਖਲ ਨਹੀਂ ਹੋਣ ਦਿੱਤਾ ਗਿਆ।

ਉਮਰਾਨੰਗਲ ਨੇ ਹੋਰ ਕਿਹਾ ਕਿ ਸਿੰਘ ਸਾਹਿਬਾਨ ਨੂੰ ਸਮਾਜ ਵਿਰੋਧੀ ਅਨਸਰਾਂ ਨੂੰ ਕੰਪਲੈਕਸ 'ਚ ਜਾਣ ਤੋਂ ਰੋਕਣਾ ਚਾਹੀਦਾ ਹੈ ਅਤੇ ਅਪਰਾਧੀਆਂ ਨੂੰ ਅੱਡੇ ਵਜੋਂ ਵਰਤਣ ਦੀ ਖੁਲ੍ਹ ਨਹੀਂ ਦੇਣੀ ਚਾਹੀਦੀ। ਅਜਿਹਾ ਹੋਣ ਤੇ ਪੰਜਾਬ ਸਮੱਸਿਆ ਦਾ ਹੱਲ ਹੋਣ 'ਚ ਸਹਾਇਤਾ ਮਿਲੇਗੀ

ਭਾਰਤ ਕੈਨੇਡਾ ਨਾਲ ਤਕਨੀਕੀ ਖੇਤਰ 'ਚ ਸਹਿਯੋਗ ਦਾ ਇੱਛਕ

ਨਵੀਂ ਦਿੱਲੀ — ਭਾਰਤ ਨੇ ਕੈਨੇਡਾ ਨਾਲ ਆਧੁਨਿਕ ਤਕਨੀਕ ਅਤੇ ਸਾਇੰਟੇਫਿਕ ਖੋਜ ਦੇ ਖੇਤਰ ਵਿਚ ਸਹਿਯੋਗ ਕਰਨ ਦੀ ਇੱਛਾ ਪ੍ਰਗਟ ਕੀਤੀ ਹੈ। ਇਹ ਗੱਲ ਭਾਰਤ ਦੇ ਵਿਦੇਸ਼ ਮੰਤਰੀ ਐਨ ਡੀ. ਤਿਵਾੜੀ ਨੇ ਕੈਨੇਡਾ ਦੇ ਵਿਦੇਸ਼ੀ ਮਾਮਲਿਆਂ ਦੇ ਮੰਤਰੀ ਜੋਅ ਕਲਾਰਕ ਦੇ ਮਾਣ ਵਿਚ ਦਿੱਤੇ ਖਾਣੇ ਸਮੇਂ ਬੋਲਦਿਆਂ ਕਹੀ। ਤਿਵਾੜੀ ਨੇ ਕਿਹਾ ਕਿ ਭਾਰਤ ਕੈਨੇਡਾ ਨਾਲ ਆਰਥਿਕ ਸਬੰਧ ਹੋਰ ਸੁਧਾਰਨਾ ਚਾਹੁੰਦਾ ਹੈ। ਭਾਰਤ ਅਤੇ ਕੈਨੇਡਾ ਦੀ ਵਿਦੇਸ਼ ਨੀਤੀ ਵੀ ਇਕੋ ਜਿਹੀ ਹੀ ਹੈ। ਤਿਵਾੜੀ ਨੇ ਹੋਰ ਕਿਹਾ ਕਿ ਦੋਨੋਂ ਦੇਸ਼ ਦੱਖਣੀ ਅਫਰੀਕਾ ਦੇ ਕਾਲੇ ਲੋਕਾਂ ਦੇ ਨਾਲ ਹਨ ਅਤੇ ਪ੍ਰਮਾਣੂ ਜੰਗ ਦੇ ਖਤਰੇ ਨੂੰ ਟਾਲਣ ਲਈ ਕੋਸ਼ਿਸ਼ ਕਰ ਰਹੇ ਹਨ।

ਸਾਰੇ ਅਤਿਵਾਦੀ ਹੁਸ਼ਿਆਰਪੁਰ ਦੀ ਜੇਲ੍ਹ 'ਚ ?

ਹੁਸ਼ਿਆਰਪੁਰ — ਪੰਜਾਬ ਸਰਕਾਰ ਨੇ ਹੁਸ਼ਿਆਰਪੁਰ ਦੀ ਜੇਲ੍ਹ ਨੂੰ ਸਭ ਤੋਂ ਵੱਧ ਸੁਰੱਖਿਅਤ ਜੇਲ੍ਹ ਕਰਾਰ ਦੇ ਦਿੱਤਾ ਹੈ। ਇਸ ਜੇਲ੍ਹ ਵਿਚ ਸਜ਼ਾਵਾਂ ਭੁਗਤਣ ਵਾਲਿਆਂ ਨੂੰ ਹੋਰਨਾਂ ਜੇਲ੍ਹਾਂ ਵਿਚ ਭੇਜ ਦਿੱਤਾ ਗਿਆ ਹੈ ਤੇ ਤਕਰੀਬਨ ਜੇਲ੍ਹ ਖਾਲੀ ਕਰਾ ਲਈ ਗਈ ਹੈ। ਹੁਣ ਇਸ ਨੂੰ ਹੋਰ ਮਜ਼ਬੂਤ ਬਣਾਇਆ ਜਾ ਰਿਹਾ ਹੈ। ਬਾਹਰ ਕੰਧ ਬਣਾਈ ਜਾ ਰਹੀ ਹੈ ਤੇ ਹੋਰ ਲੋੜੀਂਦੀ ਮੁਰੰਮਤ ਕੀਤੀ ਜਾ ਰਹੀ ਹੈ।

ਮਾਲਕ ਵਲੋਂ ਮਕਾਨ ਸੇਲ ਉਤੇ

ਈਸਟ ਵੈਨਕੂਵਰ ਦੇ ਨਾਈਟ ਅਤੇ ਕਿੰਗਜ਼ਵੇ ਦੇ ਇਲਾਕੇ ਵਿਚ ਇਕ ਕਾਫ਼ੀ ਵੱਡਾ ਮਕਾਨ ਮਾਲਕ ਵਲੋਂ ਸੇਲ ਉਤੇ ਹੈ। ਉਤਲੇ ਹਿੱਸੇ ਵਿਚ 2 ਬੈੱਡ ਰੂਮ, ਕਿਚਨ, ਲਿਵਿੰਗ ਰੂਮ, ਫਾਇਰ ਪਲੇਸ, ਸਾਰੇ ਕਾਰਪੇਟ, ਫਰਿਜ਼, ਸਟੋਵ ਅਤੇ ਡਰੇਪਸ ਸ਼ਾਮਲ ਹਨ।

ਥੱਲੇ ਦੇ ਹਿੱਸੇ ਵਿਚ ਤਿੰਨ ਕਮਰੇ — ਵਾਸ਼ ਰੂਮ ਸਮੇਤ ਹਨ। ਪ੍ਰਾਈਵੇਟ ਇੰਨਟਰੈਂਸ ਹੈ।

ਮਕਾਨ ਦਾ ਟਾਈਟਲ ਕਲੀਅਰ ਹੈ। ਕੀਮਤ ਸਿਰਫ਼ $94,900

ਹੋਰ ਜਾਣਕਾਰੀ ਲਈ ਫੋਨ ਕਰੋ :

273-0278

ਪੰਜਾਬ ਵਿਚ ਰਾਸ਼ਟਰਪਤੀ ਰਾਜ ਦੇ ਸਵਾਲ ਉਤੇ ਮਤਭੇਦ

ਲੁਧਿਆਣਾ — ਪੰਜਾਬ ਦੇ ਰਾਜਪਾਲ ਐਸ. ਐਸ. ਰੇਅ ਦੇ ਦੌਰੇ ਦੌਰਾਨ ਇਥੇ ਕੋਈ ਇਕ ਦਰਜਨ ਤੋਂ ਵਧੇਰੇ ਵਫਦਾਂ ਨੇ ਉਨ੍ਹਾਂ ਨਾਲ ਮੁਲਾਕਾਤ ਕੀਤੀ। ਇਨ੍ਹਾਂ ਵਫਦਾਂ ਨੇ ਪੰਜਾਬ ਵਿਚ ਹਿੰਸਕ ਵਾਰਦਾਤਾਂ ਵਿਚ ਵਾਧਾ ਹੋਣ ਕਾਰਨ ਪੈਦਾ ਹੋਈ ਸਥਿਤੀ ਉਤੇ ਚਿੰਤਾ ਦਾ ਪ੍ਰਗਟਾਵਾ ਕੀਤਾ। ਪੱਤਰਕਾਰਾਂ ਵਲੋਂ ਪੁਛੇ ਜਾਣ ਉਤੇ ਵੀ ਗਵਰਨਰ ਨੇ ਦਿੱਲੀ ਦੌਰੇ ਦੌਰਾਨ ਹੋਈ ਗੱਲਬਾਤ ਬਾਰੇ ਕੋਈ ਜਾਣਕਾਰੀ ਦੇਣ ਤੋਂ ਨਾਂਹ ਕਰ ਦਿੱਤੀ।

ਦੋਵਾਂ ਕਮਿਉਨਿਸਟ ਪਾਰਟੀਆਂ ਦੇ ਵਫਦਾਂ ਨੇ ਪੰਜਾਬ ਸਮਝੌਤੇ ਨੂੰ ਲਾਗੂ ਕਰਨ ਦੀ ਮੰਗ ਕੀਤੀ ਪਰ ਰਾਜ ਵਿਚ ਰਾਸ਼ਟਰਪਤੀ ਰਾਜ ਲਾਗੂ ਕੀਤੇ ਜਾਣ ਦਾ ਵਿਰੋਧ ਕੀਤਾ ਪਰ ਭਾਰਤੀ ਜਨਤਾ ਪਾਰਟੀ ਨੇ ਬਰਨਾਲਾ ਸਰਕਾਰ ਨੂੰ ਬਰਤਰਫ ਕੀਤੇ ਜਾਣ ਅਤੇ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਮੰਗ ਕੀਤੀ। ਦੋਵਾਂ ਅਕਾਲੀ ਦਲਾਂ ਦੇ ਵਫਦਾਂ ਨੇ ਗੁਰਦੁਆਰਿਆਂ ਵਿਚ ਪੁਲੀਸ ਦਾਖਲੇ ਦਾ ਵਿਰੋਧ ਕੀਤਾ। ਉਨ੍ਹਾਂ ਜੋਧਪੁਰ ਦੇ ਕੈਦੀਆਂ ਦੀ ਰਿਹਾਈ ਅਤੇ ਬੈਰਕਾਂ ਛੱਡਣ ਵਾਲੇ ਫੌਜੀਆਂ ਦੀ ਬਹਾਲੀ ਦੀ ਮੰਗ ਕੀਤੀ। ਬਾਦਲ ਅਕਾਲੀ ਦਲ ਦੇ ਵਫਦ ਨੇ ਪਾਰਟੀ ਦੇ ਗ੍ਰਿਫਤਾਰ ਕੀਤੇ ਗਏ ਨੇਤਾਵਾਂ ਦੀਆਂ ਰਿਹਾਈਆਂ ਦੀ ਮੰਗ ਕੀਤੀ।

ਕਾਂਗਰਸ ਪਾਰਟੀ ਨੇ ਰਾਜਪਾਲ ਦਾ ਧਿਆਨ ਲੋਕਾਂ ਵਿਚ ਪਾਈ ਜਾਂਦੀ ਅਸੁਰੱਖਿਅਤਾ ਵੱਲ ਦਿਵਾਇਆ। ਹਿੰਦੂ ਸ਼ਿਵ ਸੈਨਾ ਨੇ ਵੀ ਬਰਨਾਲਾ ਸਰਕਾਰ ਨੂੰ ਬਰਤਰਫ ਕੀਤੇ ਜਾਣ ਉਤੇ ਜ਼ੋਰ ਦਿੱਤਾ।

ਚੈਂਬਰਜ ਆਫ ਕਾਮਰਸ, ਸਨਅਤੀ ਅਦਾਰਿਆਂ, ਪੰਜਾਬ ਵਪਾਰ ਮੰਡਲ ਅਤੇ ਯੂਨਾਈਟਿਡ ਸਾਈਕਲ ਪਾਰਟਸ ਮੈਨੂਫੈਕਚਰਜ ਐਸੋ: ਨੇ ਰਾਜ ਵਿਚ ਅਮਨ ਕਾਨੂੰਨ ਦੀ ਨਿਘਾਰੀ ਦਸ਼ਾ ਦਾ ਜ਼ਿਕਰ ਕਰਦਿਆਂ ਲੋਕਾਂ ਦੇ ਜਾਨ-ਮਾਲ ਦੀ ਰਾਖੀ ਕੀਤੇ ਜਾਣ ਦੀ ਮੰਗ ਕੀਤੀ ਅਤੇ ਪੰਜਾਬ ਨੂੰ ਸਨਅਤੀ ਤੌਰ 'ਤੇ ਪਛੜਿਆ ਇਲਾਕਾ ਕਰਾਰ ਦਿੱਤੇ ਜਾਣ ਦੀ ਵਕਾਲਤ ਕੀਤੀ।

ਬੰਗਾਲ ਚੋਣਾਂ ਲੜਨ ਲਈ ਸਾਂਝਾ ਫਰੰਟ

ਨਵੀਂ ਦਿੱਲੀ — ਬੰਗਾਲ ਦੀਆਂ ਆਉਂਦੀਆਂ ਚੋਣਾਂ ਲੜਨ ਲਈ ਕਈ ਰਾਜਨੀਤਕ ਪਾਰਟੀਆਂ ਨੇ ਸਾਂਝਾ ਮੋਰਚਾ ਬਣਾ ਲਿਆ ਹੈ ਅਤੇ ਇਸ ਦਾ ਨਾਂ "ਜੈਤਿਆ ਗਨਾ ਫਰੰਟ" ਰੱਖਿਆ ਗਿਆ ਹੈ।

ਇਸ ਗਠਜੋੜ ਵਿਚ ਪ੍ਰਨਾਬ ਮੁਕਰਜੀ ਦੀ ਰਾਸ਼ਟਰੀ ਸਮਾਜਵਾਦੀ ਕਾਂਗਰਸ, ਜਨਤਾ ਪਾਰਟੀ, ਸ਼ੋਸ਼ਲਿਸਟ, ਪਾਰਟੀ, ਲੋਕ ਦਲ ਅਤੇ ਚਾਰ ਹੋਰ ਗਰੁੱਪ ਸ਼ਾਮਲ ਹੋਏ ਹਨ। ਫਰੰਟ ਨੇ ਬੰਗਾਲ ਵਿਧਾਨ ਸਭਾ ਦੀਆਂ ਆਉਂਦੀਆਂ ਚੋਣਾਂ ਲੜਨ ਦਾ ਫੈਸਲਾ ਕੀਤਾ ਹੈ। ਪ੍ਰਨਾਬ ਮੁਕਰਜੀ ਨੂੰ ਕਾਂਗਰਸ ਵਿਚੋਂ ਕੱਢ ਦਿਤਾ ਗਿਆ ਸੀ ਅਤੇ ਉਸ ਨੇ ਕੁਝ ਸਮਾਂ ਪਹਿਲਾਂ ਹੀ ਨਵੀਂ ਪਾਰਟੀ ਬਣਾਈ ਹੈ।

ਬੰਗਾਲ 'ਚ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੀ ਸਰਕਾਰ ਹੈ ਅਤੇ ਉਸ ਦਾ ਅਧਾਰ ਰਾਜ 'ਚ ਕਾਫੀ ਮਜ਼ਬੂਤ ਹੈ।

ਕੈਲਗਰੀ ਦੀ ਇਕ ਔਰਤ ਨੂੰ ਸਾਲ ਦੀ ਕੈਦ

ਕੈਲਗਰੀ — ਕੈਲਗਰੀ ਦੀ ਇਕ ਤਲਾਕਸ਼ੁਦਾ 29 ਸਾਲਾ ਔਰਤ ਨੂੰ ਇਕ 9 ਸਾਲਾ ਲੜਕੇ ਨਾਲ ਵਾਰ ਵਾਰ ਕਾਮੁਕ ਸਬੰਧ ਕਾਇਮ ਕਰਨ ਦੇ ਦੋਸ਼ 'ਚ ਇਕ ਸਾਲ ਕੈਦ ਦੀ ਸਜ਼ਾ ਦਿੱਤੀ ਗਈ ਹੈ।

ਦੋ ਬੱਚਿਆਂ ਦੀ ਮਾਂ ਇਸ ਔਰਤ ਵਾਰੇ ਪ੍ਰੋਵਿੰਸ਼ਲ ਕੋਰਟ ਦੇ ਜੱਜ ਨੇ ਫੈਸਲਾ ਸੁਣਾਉਂਦਿਆਂ ਕਿਹਾ ਕਿ ਤੂੰ ਦਿਮਾਗੀ ਤੌਰ 'ਤੇ ਪਰੇਸ਼ਾਨ ਔਰਤ ਏਂ।

ਇਸ ਔਰਤ ਨੇ ਆਪਣੀ ਸਹੇਲੀ ਦੇ 9 ਸਾਲਾ ਮੁੰਡੇ ਨੂੰ ਆਪਣੀ ਹਵਸ ਲਈ ਵਰਤਿਆ ਅਤੇ ਉਸ ਨਾਲ ਵਾਰ ਵਾਰ ਕਾਮਕ ਸਬੰਧ ਕਾਇਮ ਕੀਤੇ। ਦੋਸ਼ੀ ਸਾਬਤ ਹੋਣ 'ਤੇ ਅਦਾਲਤ ਨੇ ਇਕ ਸਾਲ ਦੀ ਸਜ਼ਾ ਦੇ ਦਿੱਤੀ।


ਮਰ ਹੀ ਨਾ ਗਿਆ ਹੋਵੇ ਰੋ ਰੋ ਕੇ ਤੇਰਾ 'ਆਰਿਫ਼'
ਉਸ ਹਿਜਰ ਦੇ ਮਾਰੇ ਦਾ ਲੈਣਾ ਸੀ ਪਤਾ ਮੁੜ ਕੇ।







ਸਿਆਸੀ ਵਿਅੰਗ



ਗੁਰਨਾਮ ਸਿੰਘ ਤੀਰ

ਗਿਆਨੀ ਜੀ ਦੀ ਨਾਂਹ

ਗਿਆਨੀ ਜ਼ੈਲ ਸਿੰਘ ਜਦੋਂ ਦੇ ਰਾਸ਼ਟਰਪਤੀ ਬਣੇ ਹਨ, ਉਨ੍ਹਾਂ ਨੇ ਪਹਿਲੀ ਵਾਰ ਪਾਰਲੀਮੈਂਟ ਦੇ ਪਾਸ ਕੀਤੇ ਇਕ ਬਿੱਲ 'ਤੇ ਦਸਤਖਤ ਕਰਨ ਤੋਂ ਇਨਕਾਰ ਕੀਤਾ ਹੈ।

ਇਸ ਬਿੱਲ ਰਾਹੀਂ ਭਾਰਤ ਸਰਕਾਰ ਲੋਕਾਂ ਦੀਆਂ ਚਿੱਠੀਆਂ ਉਤੇ ਸੈਂਸਰਸ਼ਿਪ ਵਧਾਉਣਾ ਚਾਹੁੰਦੀ ਸੀ। ਕਿਸੇ ਬੰਦੇ ਦੀ ਡਾਕ ਰੋਕੀ, ਖੋਲ੍ਹੀ ਤੇ ਪੜ੍ਹੀ ਜਾ ਸਕਦੀ ਸੀ। ਹੁਣ ਕੇਵਲ ਉਨ੍ਹਾਂ ਲੋਕਾਂ ਦੀ ਡਾਕ ਸੈਂਸਰ ਹੁੰਦੀ ਹੈ, ਜਿਹੜੇ ਸਰਕਾਰ ਦੀ ਨਜ਼ਰ ਵਿਚ ਮੁਸ਼ਤਬੇ ਗਿਣੇ ਜਾਂਦੇ ਹਨ। ਬਾਕੀ ਲੋਕਾਂ ਦੀ ਡਾਕ ਨੂੰ ਕੋਈ ਨਹੀਂ ਫਰੋਲਦਾ।

ਗਿਆਨੀ ਜ਼ੈਲ ਸਿੰਘ ਨੇ ਬਿੱਲ 'ਤੇ ਦਸਤਖਤ ਕਰਨ ਤੋਂ ਇਨਕਾਰ ਕਰਦਿਆਂ ਆਪਣੀ ਰਾਏ ਵੀ ਲਿਖ ਕੇ ਭੇਜੀ ਹੈ ਕਿ ਭਾਰਤ ਦੇ ਵਿਧਾਨ ਅਨੁਸਾਰ ਜਿਵੇਂ ਲੋਕਾਂ ਨੂੰ ਬੋਲਣ ਦੀ ਆਜ਼ਾਦੀ ਹੈ, ਉਸੇ ਤਰ੍ਹਾਂ ਲਿਖਣ ਦੀ ਆਜ਼ਾਦੀ ਵੀ ਹੋਣੀ ਚਾਹੀਦੀ ਹੈ। ਫਿਰ ਚਿੱਠੀਆਂ ਰਾਹੀਂ ਜੋ ਲੋਕ ਆਪਣੇ ਮਿੱਤਰਾਂ-ਪਿਆਰਿਆਂ ਨੂੰ ਲਿਖਦੇ ਹਨ, ਦੇਸ਼ ਨੂੰ ਉਸ ਨਾਲ ਕੋਈ ਖਤਰਾ ਖੜ੍ਹਾਂ ਨਹੀਂ ਹੁੰਦਾ।

ਗਿਆਨੀ ਜੀ ਇਹ ਵੀ ਸੋਚਦੇ ਹੋਣਗੇ ਕਿ ਜਿਹੜੇ ਲੋਕ ਫਜ਼ੂਲ ਚਿੱਠੀਆਂ ਆਪਣੇ ਵਿਰੋਧੀਆਂ ਨੂੰ ਲਿਖਦੇ ਰਹਿੰਦੇ ਹਨ, ਉਨ੍ਹਾਂ ਨੇ ਉਨ੍ਹਾਂ ਤੇ ਕਦੇ ਆਪਣਾ ਐਡਰੈਸ ਨਹੀਂ ਲਿਖਿਆ ਹੁੰਦਾ। ਨਹੀਂ ਤਾਂ ਗੁੱਸੇ-ਗਿੱਲੇ ਦਾ ਸਪਸ਼ਟੀਕਰਣ ਦਿੱਤਾ ਜਾ ਸਕਦਾ ਹੈ। ਇਹੋ ਜਿਹੀਆਂ ਚਿੱਠੀਆਂ ਸੈਂਸਰ ਹੋਣ ਤੋਂ ਪਿਛੋਂ ਵੀ ਕਿਸੇ ਦੀ ਕੋਈ ਸਹਾਇਤਾ ਨਹੀਂ ਕਰ ਸਕਦੀਆਂ।

ਭਾਰਤ ਦੇ ਵਿਧਾਨ ਮੁਤਾਬਿਕ ਰਾਸ਼ਟਰਪਤੀ ਵਲੋਂ ਮੋੜਿਆ ਹੋਇਆ ਬਿਲ ਜੇ ਸਰਕਾਰ ਨੇ ਜ਼ਰੂਰ ਪਾਸ ਕਰਾਉਣਾ ਹੋਇਆ ਤਾਂ ਦੂਜੀ ਵਾਰ ਪਾਰਲੀਮੈਂਟ ਵਿਚੋਂ ਪਾਸ ਕਰ ਕੇ ਨਵੇਂ ਸਿਰੇ ਰਾਸ਼ਟਰਪਤੀ ਦੇ ਦਸਤਖਤਾਂ ਲਈ ਭੇਜਿਆ ਜਾਵੇਗਾ। ਜਦੋਂ ਨੂੰ ਇਹ ਪਾਸ ਹੋਣਾ ਹੈ, ਉਦੋਂ ਤਕ ਸ਼ਾਇਦ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਆਪਣੇ ਅਹੁਦੇ ਦਾ ਕਲਮਦਾਨ ਛੱਡ ਦੇਣ।

ਕੁਝ ਸੱਜਣ, ਜੋ ਗਿਆਨੀ ਜ਼ੈਲ ਸਿੰਘ ਜੀ ਨੂੰ ਏਡੀ ਵੱਡੀ "ਨਾਂਹ" ਉਤੇ ਵਧਾਈ ਦੇਣਾ ਚਾਹੁੰਦੇ ਸਨ, ਇਹ ਵੀ ਕਹਿੰਦੇ ਸੁਣੇ ਗਏ ਕਿ ਕੀ ਚੰਗਾ ਹੁੰਦਾ। 1984 ਵਿਚ, ਜਦੋਂ ਅਕਾਲ ਤਖਤ ਸਾਹਿਬ ਨੂੰ ਢਾਹੁਣ ਦੀ ਵਿਉਂਤ ਹੋਈ ਸੀ ਉਦੋਂ ਗਿਆਨੀ ਜ਼ੈਲ ਸਿੰਘ ਪੰਜਾਬ ਨੂੰ ਗੜਬੜ ਵਾਲਾ ਇਲਾਕਾ ਕਰਾਰ ਦਿੱਤੇ ਜਾਣ ਵਾਲੇ ਬਿਲ ਬਾਰੇ ਏਨੀ ਦਲੇਰੀ ਤੋਂ ਕੰਮ ਲੈਂਦੇ ਜਿੰਨੀ ਦਲੇਰੀ ਉਨ੍ਹਾਂ ਨੇ ਹੁਣ ਵਿਖਾਈ ਹੈ।

ਨੌਂ ਦਿਨਾਂ ਵਿਚ ਕਰਾਮਾਤ

ਹਰਿਆਣੇ ਦੇ ਸਾਬਕਾ ਮੁੱਖ ਮੰਤਰੀ ਚੌਧਰੀ ਭਜਨ ਲਾਲ ਨੇ ਪਿਛਲੇ ਦਿਨੀਂ ਦੋ ਦਿਲਚਸਪ ਬਿਆਨ ਦਿੱਤੇ ਹਨ। ਇਕ ਵਿੱਚ ਕਿਹਾ ਗਿਆ ਹੈ ਕਿ ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਨੂੰ ਮੁੜ ਇਕੱਠੇ ਕਰ ਕੇ ਸਾਂਝਾ ਪੰਜਾਬ ਬਣਾ ਦਿੱਤਾ ਜਾਵੇ। ਇਸ ਤੋਂ ਉਨ੍ਹਾਂ ਦੀ ਮੁਰਾਦ ਸ਼ਾਇਦ ਇਹ ਹੋਵੇ ਕਿ ਚੌਧਰੀ ਬੰਸੀ ਲਾਲ ਦੀ ਚੀਫ ਮਨਿਸਟਰੀ ਦਾ ਕੀਰਤਨ ਸੋਹਿਲਾ ਪੜ੍ਹਿਆ ਜਾਵੇ। ਨਵੇਂ ਸਿਰੇ ਬਣੇ ਵੱਡੇ ਪੰਜਾਬ ਦਾ ਮੁੱਖ ਮੰਤਰੀ ਲਾਜ਼ਮੀ ਤੌਰ 'ਤੇ ਕੋਈ ਨਾ ਕੋਈ ਜੱਟ-ਸਿੱਖ ਹੋਵੇਗਾ ਤੇ ਬੰਸੀ ਲਾਲ ਦੀ ਗੱਦੀ ਆਪਣੇ ਆਪ ਖਤਮ ਹੋ ਜਾਵੇਂਗੀ। ਜੇ ਸ਼ਰੀਕ ਦੀਆਂ ਦੋ ਅੱਖਾਂ ਜਾਂਦੀਆਂ ਹੋਣ ਤਾਂ ਆਪਣੀ ਇਕ ਅੱਖ ਗਵਾ ਲੈਣੀ ਕੋਈ ਹਰਜ਼ ਵਾਲੀ ਗੱਲ ਨਹੀਂ ਸਮਝੀ ਜਾਂਦੀ।

ਦੂਜੇ ਬਿਆਨ ਵਿਚ ਚੌਧਰੀ ਭਜਨ ਲਾਲ ਨੇ ਕਿਹਾ ਹੈ ਕਿ ਮੈਂ 9 ਦਿਨਾਂ ਦੇ ਅੰਦਰ ਅੰਦਰ ਪੰਜਾਬ ਵਿਚੋਂ ਅਤਿਵਾਦ ਖਤਮ ਕਰ ਸਕਦਾ ਹਾਂ। ਭਾਰਤ ਸਰਕਾਰ ਮੇਰੇ ਨਾਲ ਸ਼ਰਤ ਲਗਾ ਕੇ ਇਹ ਕੰਮ ਮੈਨੂੰ ਸੰਭਾਲ ਦੇਵੇ ਤੇ ਫਿਰ ਵੇਖੇ ਕਿ ਮੈਂ ਕਿਵੇਂ ਕੰਮ ਨਿਪਟਾਉਂਦਾ ਹਾਂ। ਚੌਧਰੀ ਭਜਨ ਲਾਲ ਨੇ ਵਿਸਥਾਰ ਨਹੀਂ ਦਿੱਤਾ ਕਿ ਕੀ ਉਹ ਨੌਂ ਦਿਨਾਂ ਦੇ ਅੰਦਰ ਅੰਦਰ ਸਾਰੇ ਅਤਿਵਾਦੀ ਖਤਮ ਕਰ ਦੇਣਗੇ ਜਾਂ ਉਨ੍ਹਾਂ ਦੀਆਂ ਮੰਗਾਂ ਮੰਨ ਕੇ ਉਨ੍ਹਾਂ ਨੂੰ ਸੁਚੱਜਾ ਜੀਵਨ ਜਿਉਣ ਦੇਣਗੇ।

ਭਾਰਤ ਸਰਕਾਰ ਤੇ ਸ. ਬਰਨਾਲਾ ਨੂੰ ਚਾਹੀਦਾ ਹੈ ਕਿ ਜਦੋਂ ਮਰਜ਼ ਲਾਇਲਾਜ ਹੁੰਦਾ ਦਿੱਸੇ ਤਾਂ ਕਿਸੇ ਮਾੜੇ ਤੋਂ ਮਾੜੇ ਫਕੀਰ ਦੀ ਦਵਾ ਲੈਣ ਦਾ ਯਤਨ ਕਰਨਾ ਚਾਹੀਦਾ ਹੈ। ਭਜਨ ਲਾਲ ਦਾ ਬਿਆਨ ਮਾੜੇ ਫਕੀਰ ਵਰਗਾ ਹੈ। ਇਸ ਲਈ ਬੱਚੇ ਸੱਕੇ ਵਾਂਗ ਇਨ੍ਹਾਂ ਨੂੰ 9 ਦਿਨਾਂ ਲਈ ਚੰਮ ਦੀਆਂ ਚਲਾਉਣ ਦਾ ਅਧਿਕਾਰ ਦੇ ਵੇਖਣਾ ਚਾਹੀਦਾ ਹੈ। ਜੇ ਇਹ ਪੰਜਾਬ ਵਿਚ ਸਫਲ ਹੋ ਜਾਣ ਤਾਂ ਫਿਰ ਲੰਕਾ ਵਾਲਿਆਂ ਨੂੰ ਵੀ ਸੁਝਾਉ ਦੇ ਦੇਣਾ ਚਾਹੀਦਾ ਹੈ ਕਿ ਉਹ ਆਪਣੇ ਅਤਿਵਾਦ ਦਾ ਨਿਪਟਾਰਾ ਕਰਵਾਉਣ ਲਈ ਚੌਧਰੀ ਭਜਨ ਲਾਲ ਨੂੰ ਉਥੇ ਮੰਗਵਾ ਸਕਣ।

ਪੰਜਾਬ ਦੇ ਛੜੇ

ਯੂਨੇਸਕੋ ਨੇ ਪੰਜਾਬ ਦੀ ਮਰਦਮਸ਼ੁਮਾਰੀ ਬਾਰੇ ਜੋ ਅੰਕੜੇ ਛਾਪੇ ਹਨ, ਉਨ੍ਹਾਂ ਤੋਂ ਇਹ ਗੱਲ ਸਿੱਧ ਹੁੰਦੀ ਹੈ ਕਿ ਪੰਜਾਬ ਵਿਚ ਮਰਦਾਂ ਦੀ ਗਿਣਤੀ ਇਸਤਰੀਆਂ ਨਾਲੋਂ ਵਧੇਰੇ ਹੈ। ਇਸ ਕਰ ਕੇ ਬਹੁਤ ਸਾਰੇ ਮਰਦ ਗ੍ਰਹਿਸਥੀ ਬਣਨ ਤੋਂ ਬਾਂਝੇ ਰਹਿ ਜਾਂਦੇ ਹਨ। ਇਨ੍ਹਾਂ ਉਮਰ ਤੋਂ ਵੱਧ ਕੁਆਰੇ ਹੋ ਚੁੱਕੇ ਸੱਜਣਾਂ ਨੂੰ 'ਛੜੇ' ਕਹਿ ਕੇ ਯਾਦ ਕੀਤਾ ਜਾਂਦਾ ਹੈ। ਇਨ੍ਹਾਂ ਛੜਿਆਂ ਨੂੰ ਲੋਕ ਅਕਸਰ ਟਿਚਰਾਂ ਕਰਦੇ ਰਹਿੰਦੇ ਹਨ। ਕੋਈ ਕਹਿੰਦਾ ਹੈ:

ਛੜੇ ਜੁੱਤੀਆਂ ਖਾਣ ਦੇ ਮਾਰੇ, ਲੰਘਦੇ ਖੰਘੂਰਾ ਮਾਰ ਕੇ।

ਤੇ ਕੋਈ ਕਹਿੰਦਾ ਹੈ:

ਰੰਨਾਂ ਵਾਲਿਆਂ ਦੇ ਪੱਕਣ ਪਰੌਂਠੇ, ਛੜਿਆਂ ਦੀ ਅੱਗ ਨਾ ਬਲੇ।

ਕੁਝ ਲੋਕ ਛੜਿਆਂ ਨੂੰ ਸਬਰ ਕਰਨ ਲਈ ਤਕੀਦ ਕਰਦੇ ਕਹਿੰਦੇ ਹਨ:

ਰੰਨਾਂ ਵਾਲਿਆਂ ਚੇਤ ਨੂੰ ਮਰਨਾ, ਛੜਿਓ ਸਬਰ ਕਰੋ।

ਭਲਾ ਚੇਤ ਨੂੰ ਐਸੀ ਕਿਹੜੀ ਬਿਮਾਰੀ ਪੈਣੀ ਹੈ ਜਿਸ ਨਾਲ ਵਿਆਹਿਆਂ ਦੀ ਮੌਤ ਹੋ ਜਾਂਦੀ ਹੈ ਤੇ ਛੜਿਆਂ ਲਈ ਮੈਦਾਨ ਖਾਲੀ ਹੋ ਜਾਣਾ ਹੈ? ਪੰਜਾਬ ਦੇ ਇਕ ਪ੍ਰਸਿੱਧ ਵਿਦਵਾਨ ਨੇ ਆਪਣੀ ਪੁਸਤਕ ਵਿਚ ਛੜਿਆਂ ਬਾਰੇ ਇਕ ਅਜਿਹੀ ਬੋਲੀ ਪੇਸ਼ ਕੀਤੀ ਹੈ ਜਿਸ ਦੀ ਸੂਖਮਤਾਈ ਉਤੇ ਮੁੜ ਮੁੜ ਹਾਸਾ ਆਉਂਦਾ ਹੈ:

ਐਥੋਂ ਲਿਆਈਂ ਨੀਂ ਛੜੇ ਦੀ ਮੁੱਛ ਫੜ ਕੇ, ਛਿਟੀਆਂ ਦੀ ਅੱਗ ਨਾ ਬਲੇ।

ਅਜਿਹੀ ਟਿਕਚਰ ਕਰਨ ਵਾਲੀਆਂ ਬੀਬੀਆਂ ਛੜੇ ਦੀ ਮੁੱਛ ਨੂੰ ਪੇਟਰੋਲ ਦੀ ਪੀਪੀ ਸਮਝਦੀਆਂ ਹੋਣ ਪਰ 'ਛੜੇ ਮੁਸੀਬਤ ਨੂੰ ਫੜੇ' ਹੋਣ ਦੇ ਬਾਵਜੂਦ ਵਾਹ ਲੱਗਦਿਆਂ ਹਥਿਆਰ ਨਹੀਂ ਸੁੱਟਦੇ। ਸਮਾਜ ਦੀਆਂ ਸਾਰੀਆਂ ਵਧੀਕੀਆਂ ਸਹਿੰਦੇ ਤੁਰੇ ਜਾਂਦੇ ਹਨ। ਇਸ ਲਈ ਸਮਾਜ ਨੂੰ ਸੋਚਣਾ ਪਵੇਗਾ ਕਿ ਆਪਣੇ ਇਸ ਵਰਗ ਨਾਲ ਕਿਸ ਤਰ੍ਹਾਂ ਇਨਸਾਫ ਕਰਨਾ ਬਣਦਾ ਹੈ।

ਕਹਾਣੀ ਕਿਵੇਂ ਬਣਦੀ ਹੈ

ਚਾਚਾ ਚੰਡੀਗੜ੍ਹੀਆ ਨੂੰ 'ਪੰਜਾਬੀ ਟ੍ਰਿਬਿਊਨ' ਲਈ 'ਪੋਸਟ ਮਾਰਟਮ' ਲਿਖਣ ਲੱਗਿਆਂ ਕੋਈ ਸਿਆਸੀ ਜਾਂ ਗੈਰ-ਸਿਆਸੀ ਖੋਜ ਨਹੀਂ ਕਰਨੀ ਪੈਂਦੀ। ਆਪਣੇ ਆਪ ਪਾਤਰ ਸਾਹਮਣੇ ਆ ਜਾਂਦੇ ਹਨ। ਜਿਨ੍ਹਾਂ ਦੀਆਂ ਚੂਲਾਂ ਕੁਝ ਢਿੱਲੀਆਂ ਹੁੰਦੀਆਂ ਹਨ, ਉਹ ਪਲ ਦੀ ਪਲ ਕੱਸ ਦਿੱਤੀਆਂ ਜਾਂਦੀਆਂ ਹਨ। "ਨਾ ਕੋ ਬੈਰੀ ਨਾਹਿ ਬੇਗਾਨਾ ਸਗਲ ਸੰਗ ਹਮ ਕੋ ਬਨ ਆਈ" ਦੇ ਉਦੇਸ਼ ਨੂੰ ਸਾਹਮਣੇ ਰੱਖਿਆ ਜਾਂਦਾ ਹੈ। ਇਸ ਗੱਲ ਦਾ ਸਿਰਤੋੜ ਯਤਨ ਕੀਤਾ ਜਾਂਦਾ ਹੈ ਕਿ ਕਿਸੇ ਪਾਤਰ ਦਾ ਨਿੱਜੀ ਅਪਮਾਨ ਨਾ ਹੋ ਜਾਵੇ।

'ਪੰਜਾਬੀ ਟ੍ਰਿਬਿਊਨ' ਦਾ ਹਾਕਰ ਕਈ ਵਾਰ ਚਾਚਾ ਚੰਡੀਗੜ੍ਹੀਆ ਨੂੰ ਪਰਚਾ ਪਹੁੰਚਾਉਣ ਦੀ ਥਾਂ ਰਸਤੇ ਵਿਚ ਹੀ ਛਕ ਲੈਂਦਾ ਹੈ। ਕਈ ਵਾਰ ਤਾਂ ਘਰ ਮੂਹਰੇ ਆ ਕੇ ਸਵੇਰੋ-ਸਵੇਰੀ ਜਿਹੜੀਆਂ ਦੂਜੀਆਂ ਅਖਬਾਰਾਂ ਪਈਆਂ ਹੁੰਦੀਆਂ ਹਨ, ਉਨ੍ਹਾਂ ਵਿਚੋਂ ਵੀ ਇਕ-ਅੱਧੀ ਚੁੱਕ ਲੈ ਜਾਂਦਾ ਹੈ।

ਹਫਤੇ ਵਿਚ ਇਕ ਦੋ ਵਾਰ ਚਾਚੇ ਨੂੰ ਅੱਡੇ ਤੋਂ ਪਰਚਾ ਮੰਗਵਾਉਣਾ ਪੈਂਦਾ ਹੈ। ਚਾਚਾ ਚੰਡੀਗੜ੍ਹੀਆ ਦੇ ਇਕ ਨੌਕਰ ਨੂੰ ਦੋ ਰੁਪਏ ਦਾ ਨੋਟ ਦਿਤਾ ਗਿਆ ਅਤੇ ਨਾਲ ਹੀ ਕਿਹਾ ਗਿਆ ਕਿ ਜਾ ਬੱਸ ਸਟੈਂਡ ਤੋਂ ਇਕ 'ਪੰਜਾਬੀ ਟ੍ਰਿਬਿਊਨ' ਲੈ ਆ। ਉਸ ਨੂੰ 'ਪੰਜਾਬੀ ਟ੍ਰਿਬਿਊਨ' ਸਮਝ ਨਾ ਪਿਆ। ਚਾਚਾ ਚੰਡੀਗੜ੍ਹੀਆ ਨੇ ਬਾਹਰੋਂ ਆਏ ਇਕ ਲਿਫਾਫੇ ਦੇ ਇਕ ਪਾਸੇ 'ਪੰਜਾਬੀ ਟ੍ਰਿਬਿਊਨ' ਪੰਜਾਬੀ ਵਿਚ ਲਿਖ ਦਿੱਤਾ ਅਤੇ ਦੋ ਰੁਪਏ ਦਾ ਨੋਟ ਦੇ ਕੇ ਨੌਕਰ ਨੂੰ ਅੱਡੇ 'ਤੇ ਭੇਜਿਆ। ਉਸ ਨੇ ਜਾ ਕੇ ਚਿੱਠੀ ਵਾਲਾ ਲਿਫਾਫਾ ਅਤੇ ਦੋ ਰੁਪਏ ਦਾ ਨੋਟ ਅਖਬਾਰਾਂ ਵਾਲੇ ਨੂੰ ਦੇ ਦਿੱਤਾ। ਅਖਬਾਰ ਵਾਲੇ ਨੇ ਨੋਟ ਆਪਣੀ ਜੇਬ ਵਿਚ ਪਾ ਲਿਆ ਤੇ ਜਿਸ ਪਾਸੇ ਚਾਚਾ ਚੰਡੀਗੜ੍ਹੀਆ ਦਾ ਐਡਰੈਸ ਲਿਖਿਆ ਹੋਇਆ ਸੀ, ਉਹ ਪੜ੍ਹ ਕੇ ਕਹਿਣ ਲੱਗਾ, "ਉਰੇ ਆ, ਤੈਨੂੰ ਸਮਝਾਵਾਂ। ਇਹਦੇ ਉਤੇ ਸਾਫ ਲਿਖਿਆ ਹੋਇਆ ਹੈ। ਉਹ ਸਾਹਮਣੇ ਵਾਲੀ ਕੋਠੀ ਚਾਚਾ ਚੰਡੀਗੜ੍ਹੀਆ ਦੀ ਹੈ। ਸਮਝ ਗਿਆ ਨਾ? ਉਡ ਜਾ।" ਉਹ ਚਿੱਠੀ ਵਾਲਾ ਲਿਫਾਫਾ ਵਾਪਸ ਲੈ ਕੇ ਆ ਗਿਆ। ਦੋ ਰੁਪਏ ਦਾ ਨੋਟ ਵੀ ਦੇ ਆਇਆ ਤੇ 'ਪੰਜਾਬੀ ਟ੍ਰਿਬਿਊਨ' ਵੀ ਨਾ ਲਿਆਇਆ। ਚਾਚਾ ਫਿਰ ਵੀ ਖੁਸ਼ ਸੀ ਕਿ ਨੌਕਰ ਘੱਟੋ-ਘੱਟ ਇਹ ਤਾਂ ਸਮਝ ਗਿਆ ਕਿ ਚਾਚੇ ਦਾ ਸਿਰਨਾਵਾਂ ਕੀ ਹੈ।

ਕੈਨੇਡਾ-ਭਾਰਤ ਸੰਧੀ ਕਾਰਨ ਕਈਆਂ ਨੂੰ ਭਾਰਤ ਭੇਜੇ ਜਾਣ ਦਾ ਡਰ

ਵੈਨਕੂਵਰ — ਭਾਰਤ ਅਤੇ ਕੈਨੇਡਾ ਵਿਚਕਾਰ ਹੋਈ ਨਵੀਂ ਸੰਧੀ ਨੇ ਲੋਅਰ ਮੇਨਲੈਂਡ ਦੇ ਕਈ ਵਿਅਕਤੀਆਂ 'ਚ ਵਾਪਸ ਭਾਰਤ ਭੇਜੇ ਜਾਣ ਦਾ ਡਰ ਪੈਦਾ ਕਰ ਦਿੱਤਾ ਹੈ।

8 ਫਰਵਰੀ ਦੇ ਪ੍ਰੋਵਿੰਸ ਦੀ ਇਕ ਰਿਪੋਰਟ ਅਨੁਸਾਰ ਦਰਜਨਾਂ ਸਿੱਖਾਂ ਨੂੰ ਭਾਰਤ ਦੇ ਸਪੁਰਦ ਕੀਤੇ ਜਾਣ ਲਈ ਕੇਸ ਅਦਾਲਤਾਂ ਵਿਚ ਆ ਸਕਦੇ ਹਨ।

ਵੈਨਕੂਵਰ ਦੇ ਹਰਪਾਲ ਸਿੰਘ ਘੁੰਮਣ ਜਿਸ ਉਪਰ ਭਾਰਤ ਵਿਚ ਕਈ ਕੇਸ ਦਰਜ ਹਨ ਦਾ ਕਹਿਣਾ ਹੈ ਕਿ ਕੈਨੇਡਾ ਆਪਣੇ ਆਰਥਿਕ ਹਿੱਤਾਂ ਲਈ ਸਿੱਖਾਂ ਦੇ ਅਧਿਕਾਰਾਂ ਦਾ ਵਪਾਰ ਕਰ ਰਿਹਾ ਹੈ ਜੋ ਕਿ ਆਜ਼ਾਦ ਦੇਸ਼ ਲਈ ਜੱਦੋ ਜਹਿਦ ਕਰ ਰਹੇ ਹਨ।

ਘੁੰਮਣ ਜੋ ਕਿ ਹਰਜਿੰਦਰਪਾਲ ਸਿੰਘ ਨਾਗਰਾ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ ਮਈ 1984 ਤੋਂ ਬਾਅਦ ਭਾਰਤ ਵਿਚੋਂ ਆਇਆ।

ਉਸ ਨੂੰ ਡਰ ਹੈ ਕਿ ਭਾਰਤ ਉਸ ਦੀ ਵਾਪਸੀ ਦੀ ਮੰਗ ਕਰੇਗਾ। ਉਸ ਦਾ ਕਹਿਣਾ ਹੈ ਕਿ ਕੈਨੇਡਾ ਭਾਰਤ ਨਾਲ ਚੰਗੇ ਵਪਾਰਕ ਸਬੰਧ ਚਾਹੁੰਦਾ ਹੈ ਪਰ ਕੈਨੇਡਾ ਨੂੰ ਮਨੁੱਖੀ ਅਧਿਕਾਰਾਂ ਦਾ ਵਪਾਰ ਨਹੀਂ ਕਰਨਾ ਚਾਹੀਦਾ

ਅਟਵਾ 'ਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਸੰਧੀ ਅਧੀਨ ਕੈਨੇਡੀਅਨ ਲਾਅ ਦੀ ਪੂਰੀ ਰੱਖਿਆ ਕੀਤੀ ਗਈ ਹੈ ਅਤੇ ਇਹ ਸੰਧੀ ਕਿਸੇ ਐਥਨਿਕ ਗਰੁੱਪ ਦੇ ਖਿਲਾਫ਼ ਨਹੀਂ।

ਸਿਆਸੀ ਘਰੂਟ — ਘਰੂਟਾਂ ਵਾਲੇ ਦੀ ਕਲਮ ਤੋਂ

- ਅਕਾਲੀ ਦਲ ਭੰਗ

— ਭੰਗ ਕਰਨ ਅਤੇ ਭੰਗ ਪੀਣ ’ਚ ਬੜਾ ਫਰਕ ਹੈ !

- ਆਬੂਧਾਬੀ ਸਿੱਖਾਂ ਲਈ ਬੰਦ

— ਤੁਹਾਡੀ ਕਿਰਪਾ ਨਾਲ ਪੰਜ ਹਜ਼ਾਰ ਪੱਛਮੀ ਜਰਮਨੀ ਵਿਚ ਵੀ ਤੁਹਾਡੀ ਜਾਨ ਨੂੰ ਰੋ ਰਹੇ ਹਨ !

- ਪੰਜਾਬ ਪੁਲਸ ਸਰਕਾਰ ਤੋਂ ਬਾਗ਼ੀ

— ਬਾਗ਼ੀ ਹੋਣ ’ਚ ਹੀ ਭਲਾ ਹੈ ਨਹੀਂ ਤਾਂ ਰਿਸ਼ਵਤਖੋਰੀ ਵਿਚ ਸਾਰੇ ਹੀ ਅੰਦਰ ਹੋਣ ਵਾਲੇ ਹਨ !

- ਬਰਨਾਲਾ ਮੁਰਦਾਬਾਦ

— ਕੇਂਦਰ ਸਰਕਾਰ ਨੂੰ ਮੁਰਦਾਬਾਦ ਕਹਿੰਦਿਆਂ ਤੁਹਾਨੂੰ ਸ਼ਰਮ ਆਉਂਦੀ ਹੈ ?

- ਸਿੰਘਾਂ ਬਾਰੇ ਜਾਣਕਾਰੀ ......

— ਪੁਸ਼ਪਿੰਦਰ ਸਿੰਘ ਏਥੇ ਹੀ ਖਾਲਿਸਤਾਨੀਆਂ ਕੋਲ ਰਿਹਾ ਹੈ। ਹੋਰ ਕਿੰਨੇ ਕੁ ਇਹ ਜਾਣਕਾਰੀ ਭਰ ਰਹੇ ਹਨ ਉਨ੍ਹਾਂ ਬਾਰੇ ਵੀ ਦੱਸ ਦਿਉਂ ਤਾਂ ਚੰਗਾ ਹੈ !

- ਸ਼ਾਹ ਮੁਹੰਮਦਾ ....

— ਅਕਲ ਨੂੰ ਲਾ ਤਾਲੇ — ਅਸੀਂ ਆਪਣੇ ਹੀ ਸਿੰਗ ਭੋਰ ਦਿੱਤੇ !

- ਤੁਸੀਂ ਵੀ ਅਜ਼ਮਾਓ ....

— ਕਿ ਘਿਓ ਖਾਧਿਆਂ ਬਲੱਡ ਪ੍ਰੈਸ਼ਰ ਹੋਰ ਵਧਦਾ ਹੈ !

- ਕੁੱਤਿਆਂ ਦੀ ਲੜਾਈ ....

— ਜਨੂੰਨੀ ਪੱਤਰਕਾਰ ਦਾ ਦਿਲਚਸਪ ਸ਼ੌਂਕ

- ਅਤਿਵਾਦੀਆਂ ਦਾ ਗੜ੍ਹ ......

— ਹੁਣ ਤਾਂ ਬਣ ਕੇ ਵੀ ਟੁੱਟ ਗਿਆ ਹੈ — ਕਾਹਨੂੰ ਐਵੇਂ ਭਰਮ ਪਾਲੀ ਜਾ ਰਿਹੈਂ ਹੈਂ !

- ਦਿਲ-ਕੰਬਾਊ ਰੀਪੋਰਟ ....

— ਕਿ ‘ਗੱਪਸਤਾਨ’ ਦਿਨੋਂ ਦਿਨ ਬਦਨਾਮ ਹੁੰਦਾ ਜਾ ਰਿਹੈ !

- ਮਾਪਿਆਂ ਵਿਰੁੱਧ ਬਗਾਵਤ

— ਅਕਸਰ ਨਵੀਂ ਪੀੜ੍ਹੀ ਕਰਦੀ ਹੈ ਤੁਸੀਂ ਤਾਂ ਜ਼ਾਤੀ ਤਜਰਬੇ ਦੇ ਆਧਾਰ ਉਤੇ ਵੀ ਕਹਿ ਸਕਦੇ ਹੋ !

- ਊਠ ਦਾ ਬੁਲ੍ਹ .....

— ਆਪਣੀ ਗੱਲ ਕਰ ਰਹੇ ਹੋ?

- ਅਮਰੀਕਾ ਦੇ ਰਾਸ਼ਟਰਪਤੀ ....

— ਦਾ ਹਾਲ ਹੁਣ ਖਾਲਿਸਤਾਨ ਦੇ ਰਾਸ਼ਟਰਪਤੀ ਵਾਲਾ ਹੀ ਜਾਪਦਾ ਹੈ।

- ਰਾਜੀਵ ’88 ਦਾ ਸੂਰਜ ਨਹੀਂ ਦੇਖੇਗਾ

— ਕਿਉਂ ਬੋਦੀ ਵਾਲਾ ਤਾਰਾ ਚੜ੍ਹ ਰਿਹਾ ਹੈ ?

- ਆਰਮੀ — ਭਗੌੜੇ ....

— ਸਾਰੇ ਤੇਰੇ ਵਰਗੇ ਨਹੀਂ ਹੁੰਦੇ ! ਫੌਜੀ ਫੌਜੀ ਵਿਚ ਵੀ ਫਰਕ ਹੈ !

ਵਰਦੀਆਂ ਗੋਲੀਆਂ ’ਚ ਘਰ ਕੌਣ ਮੁੜੇਗਾ

ਪੀ. ਪੀ. ਐਸ. ਗਿੱਲ

ਤਰਨਤਾਰਨ — ਅਤਿਵਾਦੀ ਕਾਰਵਾਈਆਂ ਤੋਂ ਡਰ ਕੇ ਤੇ ਸਰਕਾਰੀ ਅਧਿਕਾਰੀਆਂ ਦੀ ਅਣਗਹਿਲੀ ਦੇ ਸਤਾਏ ਇੱਥੋਂ ਲਗਭਗ 4 ਕਿਲੋਮੀਟਰ ਦੂਰ ਨੂਰਦੀ ਪਿੰਡ ਦੇ ਇਕ ਦਰਜਨ ਦੇ ਕਰੀਬ ਹਿੰਦੂ ਪਰਿਵਾਰ ਆਪਣੇ ਵਸਦੇ-ਰਸਦੇ ਘਰ ਛੱਡ ਕੇ ਇਸ ਕਸਬੇ ਵਿਚ ਪਨਾਹ ਲੈਣ ਲਈ ਮਜ਼ਬੂਰ ਹੋਏ ਹਨ। ਇਨ੍ਹਾਂ ਵਿਚੋਂ 7 ਪਰਿਵਾਰ, ਜਿਨ੍ਹਾਂ ਦੇ ਰਲਾ-ਮਿਲਾ ਕੇ 47 ਜੀਅ ਹਨ, ਠਾਕਰ ਦੁਆਰਾ ਮਦਨ ਮੋਹਨ ਮੰਦਰ ਵਿਚ ਠਹਿਰੇ ਹੋਏ ਹਨ ਜਦੋਂ ਕਿ ਅੱਧੀ ਦਰਜਨ ਦੇ ਕਰੀਬ ਦੂਜੇ ਪਰਿਵਾਰਾਂ ਨੇ ਕਸਬੇ ਵਿਚ ਵੱਖ ਵੱਖ ਥਾਈਂ ਕਿਰਾਏ ਉਤੇ ਮਕਾਨ ਲੈ ਕੇ ਦਿਨ ਕਟੀ ਸ਼ੁਰੂ ਕਰ ਦਿੱਤੀ ਹੈ।

ਨੂਰਦੀ ਪਿੰਡ ਵਿਚ ਕਈ ਦਹਾਕਿਆਂ ਤੋਂ ਵਸਦੇ ਆ ਰਹੇ ਇਨ੍ਹਾਂ ਹਿੰਦੂ ਪਰਿਵਾਰਾਂ ਨੂੰ ਇਸ ਸਾਲ ‘ਲੋਹੜੀ’ ਦੇ ਇਰਦ-ਗਿਰਦ ਆਪਣੇ ਛੋਟੇ ਛੋਟੇ ਮਕਾਨਾਂ ਤੇ ਦੁਕਾਨਾਂ ਨੂੰ ਜੰਦਰੇ ਲਾ ਕੇ ਇਸ ਕਸਬੇ ਵਿਚ ਪਨਾਹ ਲੈਣ ਦਾ ਫੈਸਲਾ ਕਰਨਾ ਪਿਆ ਜਦੋਂ ਅਤਿਵਾਦੀ 31 ਦਸੰਬਰ ਨੂੰ ਪਿੰਡ ਦੇ ਰਾਜਿੰਦਰ ਕੁਮਾਰ ਨਾਮੀ ਇਕ ਨੌਜਵਾਨਾਂ ਨੂੰ ਗੋਲੀ ਮਾਰ ਕੇ ਮਾਰ ਗਏ। ਉਸ ਗੋਲੀ ਕਾਂਡ ਵਿਚ ਜਤਿੰਦਰ ਕੁਮਾਰ ਨਾਮੀ ਇਕ ਹੋਰ ਵਿਅਕਤੀ ਜ਼ਖਮੀ ਹੋਇਆ ਸੀ। ਰਾਜਿੰਦਰ ਕੁਮਾਰ ਦੀ ਮਾਤਾ ਸ੍ਰੀਮਤੀ ਕੈਲਾਸ਼ਵਤੀ ਤੇ ਦਾਦੀ ਸ੍ਰੀਮਤੀ ਦੁਰਗਾ ਦੇਵੀ ਆਪਣੇ ਪਰਿਵਾਰ ਦੇ ਦੂਜੇ ਜੀਆਂ ਨਾਲ ਮੰਦਰ ਵਿਚ ਠਹਿਰੇ ਹੋਏ ਹਨ। ਜਦੋਂ ਇਸ ਨਾਮਾਨਿਗਾਰ ਨੇ ਮੰਦਰ ਦਾ ਦੌਰਾ ਕੀਤਾ ਤਾਂ ਸ੍ਰੀਮਤੀ ਕੈਲਾਸ਼ਵਤੀ ਡਾਕਘਰ ਗਈ ਹੋਈ ਸੀ। ਉਸ ਦੀ ਇਕ ਰਿਸ਼ਤੇਦਾਰ ਸ੍ਰੀਮਤੀ ਰਾਣੀ, ਪਤੀ ਰਾਣਾ ਰਾਮ ਤੇ ਤਿੰਨ ਛੋਟੇ ਬੱਚੇ ਉਥੇ ਹਾਜ਼ਰ ਸਨ। ਉਤਰੇ ਹੋਏ ਚਿਹਰੇ ਤੇ ਕੰਬਦੀ ਆਵਾਜ਼ ਵਿਚ ਰਾਣੀ ਨੇ ਕਿਹਾ, “ਸਾਡਾ ਹੁਣ ਆਪਣੇ ਪਿੰਡ ਵਾਪਸ ਪਰਤਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਭਾਵੇਂ ਸਰਕਾਰ ਉਥੇ ਕੇਂਦਰੀ ਰਿਜਰਵ ਪੁਲੀਸ ਦੀ ਪਲਟਨ ਤਾਇਨਾਤ ਕਰ ਦੇਵੇ।”

ਮੌਤ ਦੇ ਸਾਏ ਹੇਠ ਕੱਟੇ ਪਿਛਲੇ ਦਿਨਾਂ ਦਾ ਚੇਤਾ ਕਰਦਿਆਂ ਰਾਣੀ ਨੇ ਦੱਸਿਆ ਕਿ ਸਾਨੂੰ ਪਲ ਪਲ ਮਾਰੇ ਜਾਣ ਦਾ ਭੈਅ ਰਹਿੰਦਾ ਸੀ। ਅਤਿਵਾਦੀਆਂ ਦੇ ਹਮਲੇ ਤੋਂ ਡਰ ਕੇ ਅਸੀਂ ਹਫਤੇ ’ਚ ਕਈ ਰਾਤਾਂ ਆਪਣੇ ਘਰੀਂ ਬਿਜਲੀ ਦੀਆਂ ਬੱਤੀਆਂ ਨਹੀਂ ਜਗਾਉਂਦੇ ਸੀ ਤੇ ਮਿੱਟੀ ਦੇ ਤੇਲ ਦੀ ਦੀਵਾ ਜਗਾ ਕੇ ਰੋਟੀਆਂ ਪਕਾਉਂਦੇ। ਜਿੰਨੀ ਦੇਰ ਅਸੀਂ ਉਥੇ ਰਹੇ ਸੀ. ਆਰ. ਪੀ. ਵਾਲਿਆਂ ਨੇ ਕਦੇ ਮੂੰਹ ਨਹੀਂ ਸੀ ਦਿਖਾਇਆ। ਹੁਣ ਜਦੋਂ ਸਾਡਾ ਰਾਜਿੰਦਰ ਸਾਥੋਂ ਖੁਸ ਗਿਆ ਹੈ, ਸਾਨੂੰ ਇਸ ਦੀ ਸੁਰੱਖਿਆ ਦਾ ਕੀ ਲਾਭ ?

ਮੰਦਰ ਵਿਚ ਠਹਿਰੇ ਜਿੰਨੇ ਵੀ ਮਰਦਾਂ ਤੇ ਔਰਤਾਂ ਨਾਲ ਨੁਮਾਇੰਦੇ ਨੇ ਗੱਲਬਾਤ ਕੀਤੀ ਸਾਰੇ ਹੀ ਨੂਰਦੀ ਵਾਪਸ ਮੁੜਨੋਂ ਘਬਰਾਉਂਦੇ ਹਨ। ਪੰਜਾਬ ਰਾਜ ਬਿਜਲੀ ਬੋਰਡ ਦੇ ਇਕ ਮੁਲਾਜ਼ਮ ਰਾਮ ਮੂਰਤੀ ਦੀ ਪਤਨੀ ਸ੍ਰੀਮਤੀ ਕੈਲਾਸ਼ ਨੇ ਕਿਹਾ ਕਿ ਜਦੋਂ ਉਸ ਨੂੰ ਤੇ ਉਸ ਦੇ ਪਰਿਵਾਰ ਦੇ ਦੂਜੇ ਮੈਂਬਰਾਂ ਨੂੰ ਧਮਕੀ ਪੱਤਰ ਮਿਲ ਰਹੇ ਸਨ ਤਾਂ ਸਰਕਾਰੀ ਅਧਿਕਾਰੀਆਂ ਨੇ ਕੋਈ ਕਾਰਵਾਈ ਨਾ ਕੀਤੀ। ਜਦੋਂ ਅਸੀਂ ਸੀ. ਆਰ. ਪੀ. ਵਾਲਿਆਂ ਨੂੰ ਉਹ ਪੱਤਰ ਵਿਖਾਏ ਤਾਂ ਉਨ੍ਹਾਂ ਉਲਟਾ ਝਿੜਕਦਿਆਂ ਕਿਹਾ, “ਐਵੇਂ ਰੌਲਾ ਨਾ ਪਾਓ। ਜਦੋਂ ਕਿਸੇ ਦੇ ਗੋਲੀ ਵੱਜੂ ਅਸੀਂ ਉਦੋਂ ਆ ਜਾਵਾਂਗੇ।” ਉਸ ਨੇ ਰਤਾ ਅਟਕਦਿਆਂ ਉਲਟਾ ਸਵਾਲ ਕੀਤਾ, “ਜਦੋਂ ਅਸੀਂ ਸਾਰੇ ਪਿੰਡੋਂ ਉਜੜ ਕੇ ਇਥੇ ਆ ਗਏ ਹਾਂ ਹੁਣ ਉਥੇ ਨਾਕੇ ਲਾਉਣ ਦਾ ਕੀ ਮਤਲਬ ?”

60 ਸਾਲਾ ਖੇਤ ਮਜ਼ਦੂਰ ਖੁਸ਼ੀ ਰਾਮ, ਜਿਹੜਾ ਸਬਜ਼ੀਆਂ ਬੀਜਣ ਵੱਢਣ ਰਾਹੀਂ ਗੁਜ਼ਾਰਾ ਚਲਾਉਂਦਾ ਸੀ, ਵੀ ਆਪਣੀ ਪਤਨੀ ਸ੍ਰੀਮਤੀ ਲੀਲਾਵਤੀ ਅਤੇ ਦੋ ਪੁੱਤਰਾਂ ਵਿਨੋਦ ਕੁਮਾਰ ਅਤੇ ਓਪ ਪ੍ਰਕਾਸ਼ ਸਮੇਤ ਮੰਦਰ ਵਿਚ ਆ ਠਹਿਰਿਆ ਹੈ। ਉਸ ਨੇ ਕਿਹਾ ਕਿ ਜਿੰਨੀ ਦੇਰ ਪ੍ਰਬੰਧਕ ਇਜ਼ਾਜਤ ਦੇਣਗੇ ਉਹ ਮੰਦਰ ਵਿਚ ਟਿਕੇ ਰਹਿਣਗੇ। ਫਿਰ ਕੋਈ ਹੋਰ ਥਾਂ ਭਾਲਣਗੇ। ਖੁਸ਼ੀ ਰਾਮ ਨੇ ਕਿਹਾ ਕਿ ਨੂਰਦੀ ਵਾਪਸ ਜਾ ਕੇ ਗੋਲੀਆਂ ਦੇ ਡਰ ਹੇਠ ਰਾਤਾਂ ਕੱਟਣ ਦਾ ਕੌਣ ਹੀਆ ਕਰ ਸਕਦਾ ਹੈ।

ਰਾਮ ਲੁਭਾਇਆ (50 ਸਾਲ) ਦੇ ਪਰਿਵਾਰ ਲਈ ਇਹ ਮੁੜ ਬਿਪਤਾ ਦਾ ਸਮਾਂ ਹੈ। ਉਹ, ਉਸ ਦਾ ਪੁੱਤਰ ਰਾਮ ਮੂਰਤੀ ਤੇ ਪਰਿਵਾਰ ਇਥੇ ਆ ਕੇ ਟਿਕੇ ਹਨ। ਰਾਮ ਮੂਰਤੀ ਪੰਜਾਬ ਰਾਜ ਬਿਜਲੀ ਬੋਰਡ ਦੇ ਗੋਲਵੜ ਦਫਤਰ ’ਚ ਨੌਕਰੀ ਕਰਦਾ ਰਿਹਾ ਹੈ ਜਿਥੇ ਕੁਝ ਸਮਾਂ ਪਹਿਲਾਂ ਅਤਿਵਾਦੀਆਂ ਨੇ ਗੋਲੀਆਂ ਚਲਾ ਕੇ 8 ਵਿਅਕਤੀ ਮਾਰ ਦਿੱਤੇ ਸਨ। ਹੁਣ ਉਹ ਤਰਨਤਾਰਨ ਵਿਚ ਹੈ ਪਰ ਉਸ ਦੀ ਪਤਨੀ ਨੇ ਹਉਕਾ ਲੈਂਦਿਆਂ ਕਿਹਾ, “ਇਥੇ ਕਿਹੜਾ ਚੈਨ ਮਿਲਣਾ ਹੈ।”

ਇਨ੍ਹਾਂ “ਸ਼ਰਨਾਰਥੀ” ਪਰਿਵਾਰਾਂ ਨੇ ਚਾਰ ਘਟਨਾਵਾਂ ਦਾ ਜ਼ਿਕਰ ਕੀਤਾ ਜਿਨ੍ਹਾਂ ਨੇ ਉਨ੍ਹਾਂ ਨੂੰ ਆਪਣੇ ਘਰ-ਬਾਰ ਛੱਡਣ ਲਈ ਮਜ਼ਬੂਰ ਕੀਤਾ। ਪਹਿਲੀ ਘਟਨਾ ਰਿਟਾਇਰਡ ਸੂਬੇਦਾਰ ਇੰਦਰ ਸਿੰਘ ਨੂੰ ਕਤਲ ਕਰਨ ਦੀ ਹੈ। ਇਸ ਤੋਂ ਬਾਅਦ ਡਾਕਟਰ ਹਰਬੰਸ ਲਾਲ ਦੀ ਹੱਤਿਆ ਹੋਈ। ਫਿਰ ਬਾਰੂ ਪਿੰਡ ਦੇ ਵਸਨੀਕ ਸੁਰਜੀਤ ਸਿੰਘ ਨੂੰ ਅਗਵਾ ਕਰ ਕੇ ਨੂਰਦੀ ਵਿਖੇ ਗੋਲੀ ਮਾਰੀ ਗਈ। ਤਾਜ਼ਾ ਘਟਨਾ ਰਾਜਿੰਦਰ ਕੁਮਾਰ ਦੀ ਹੱਤਿਆ ਦੀ ਹੈ।

ਬਹੁਤ ਬਜ਼ੁਰਗ ਔਰਤ ਮੇਲਾ ਦੇਵੀ, ਜਿਹੜੀ ਕੈਲਾਸ਼ਵਤੀ ਦੇ ਪਰਿਵਾਰ ਕੋਲ ਵਿਛਾਈ ਬੋਰੀ ਉਤੇ ਬੈਠੀ ਸੀ, ਆਪਣੇ ਤੀਹ ਸਾਲਾ ਪੁੱਤਰ ਰਘਬੀਰ ਚੰਦ ਦੇ ਮੌਤ ਦੇ ਮੂੰਹੋਂ ਬਚਣ ਦੀ ਕਹਾਣੀ ਸੁਣਾਉਂਦਿਆਂ ਕੰਬ ਰਹੀ ਸੀ। ਇੰਨੇ ’ਚ ਕੋਈ ਜਣਾ ਘਿਓ ਵਾਲਾ ਉਹ ਖਾਲੀ ਪੀਪਾ ਚੁੱਕ ਲਿਆਇਆ ਜਿਸ ਵਿਚ ਗੋਲੀਆਂ ਲਗੀਆਂ ਸਨ।

ਖੁਸ਼ੀ ਰਾਮ ਤੇ ਕਈ ਔਰਤਾਂ ਨੇ ਇਕ ਆਵਾਜ਼ ’ਚ ਕਿਹਾ ਕਿ ਉਨ੍ਹਾਂ ਦੇ ਪਿੰਡ ਦੇ ਸਰਪੰਚ ਸ੍ਰੀ ਬੰਤਾ ਸਿੰਘ ਵਲੋਂ ਘਰੀਂ ਮੁੜਨ ਦੀ ਬੇਨਤੀ ਠੁਕਰਾ ਦਿੱਤੀ ਹੈ।

ਸਬ ਡਿਵੀਜ਼ਨਲ ਮੈਜਿਸਟਰੇਟ ਸ੍ਰੀ ਬੀ. ਐਸ. ਸੂਦਨ ਨੇ ਸੰਪਰਕ ਕੀਤੇ ਜਾਣ ਉਤੇ ਦੱਸਿਆ ਕਿ ਮੰਦਰ ਵਿਚ ਠਹਿਰੇ ਪਰਿਵਾਰ ਵਾਪਸ ਜਾਣਾ ਨਹੀਂ ਮੰਨ ਰਹੇ। ਇਥੋਂ ਤੱਕ ਕਿ ਡਿਪਟੀ ਕਮਿਸ਼ਨਰ ਸ੍ਰੀ ਰਮੇਸ਼ਇੰਦਰ ਸਿੰਘ ਤੇ ਸੀ. ਆਰ. ਪੀ. ਦੇ ਅਫਸਰਾਂ ਦੇ ਭਰੋਸੇ ਵੀ ਇਨ੍ਹਾਂ ਪਰਿਵਾਰਾਂ ਨੂੰ ਮਨਾਉਣ ਵਿਚ ਅਸਫਲ ਰਹੇ ਹਨ। ਸ੍ਰੀ ਸੂਦਨ ਅਨੁਸਾਰ ਪਿੰਡ ਵਿਚ ਸੀ. ਆਰ. ਪੀ. ਦੀ ਪਲਟਨ ਠਹਿਰਾਉਣ ਲਈ ਢੁਕਵੀਂ ਥਾਂ ਲੱਭੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਲਗਭਗ 2500 ਦੀ ਵਸੋਂ ਵਾਲੇ ਨੂਰਦੀ ਪਿੰਡ ਵਿਚ ਹਿੰਦੂਆਂ ਦੀ ਵਸੋਂ 20 ਪ੍ਰਤੀਸ਼ਤ ਤੋਂ ਵੀ ਥੋੜ੍ਹਾ ਵੱਧ ਹੈ ਇਹ ਹਿੰਦੂ ਪਰਿਵਾਰ ਦੇਸ਼ ਦੀ ਵੰਡ ਤੋਂ ਲੈ ਕੇ ਹੁਣ ਤੱਕ ਬਿਨਾਂ ਕਿਸੇ ਖਤਰੇ ਜਾਂ ਮੁਸ਼ਕਲ ਦੇ ਉਥੇ ਰਹਿੰਦੇ ਆਏ ਹਨ। ਇਥੋਂ ਤੱਕ ਕਿ ਅਤਿਵਾਦੀ ਹਿੰਸਾ ਦੇ ਸਿਖਰ ਤੇ ਹਿੰਦੂ, ਪਰਿਵਾਰਾਂ ਦੇ ਰਾਜ ਵਿਚੋਂ ਪਰਵਾਸ ਸ਼ੁਰੂ ਹੋਣ ਸਮੇਂ ਵੀ ਨੂਰਦੀ ਉਤੇ ਕੋਈ ਅਸਰ ਨਹੀਂ ਪਿਆ।

ਇਸੇ ਦੌਰਾਨ ਆਸੇ ਪਾਸੇ ਤੋਂ ਪਤਾ ਕਰਨ ਉਤੇ ਇਹ ਗੱਲ ਸਾਹਮਣੇ ਆਈ ਹੈ ਕਿ ਕੁਝ ਰਾਜਸੀ ਪਾਰਟੀਆਂ ਇਨ੍ਹਾਂ ਪਰਿਵਾਰਾਂ ਨੂੰ ਇਥੇ ਹੀ ਠਹਿਰਣ ਲਈ “ਚੁੱਕ” ਰਹੀਆਂ ਹਨ ਤਾਂ ਜੋ ਇਹ ਪਰਿਵਾਰ ਬੇਘਰ ਹੋਣ ਦੀ ਆੜ ਵਿਚ ਸਰਕਾਰ ਤੋਂ ਕੋਈ ਲਾਹਾ ਲੈ ਸਕਣ।

ਅਮਰੀਕਾ ਅਤੇ ਰੂਸ ’ਚ ਸੰਧੀ ਨਾ ਹੋਣਾ ਮੰਦਭਾਗੀ ਗੱਲ

ਨਵੀਂ ਦਿੱਲੀ — ਕੈਨੇਡਾ ਦੇ ਬਦੇਸ਼ੀ ਮਾਮਲਿਆਂ ਦੇ ਮੰਤਰੀ ਜੋਅ ਕਲਾਰਕ ਨੇ ਅਮਰੀਕਾ ਅਤੇ ਸੋਵੀਅਤ ਯੂਨੀਅਨ ਦੀ ਪ੍ਰਮਾਣੂ ਹਥਿਆਰਾਂ ਦੇ ਸਬੰਧ ’ਚ ਕੋਈ ਸੰਧੀ ਨਾ ਹੋਣ ਨੂੰ ਮੰਦਭਾਗਾ ਦੱਸਿਆ ਹੈ।

ਆਪਣੀ ਭਾਰਤ ਫੇਰੀ ਸਮੇਂ ਮੰਤਰੀ ਨੇ ਨਵੀਂ ਦਿੱਲੀ ’ਚ ਇਹ ਗੱਲ ਕਹੀ। ਮੰਤਰੀ ਨੇ ਸੋਵੀਅਤ ਯੂਨੀਅਨ ਨੂੰ ਅਪੀਲ ਕੀਤੀ ਕਿ ਉਹ ਅਫਗਾਨਿਸਤਾਨ ’ਚੋਂ ਆਪਣੀਆਂ ਫੌਜਾਂ ਵਾਪਸ ਲਵੇ। ਕਲਾਰਕ ਦੀ ਇਸ ਫੇਰੀ ਦੌਰਾਨ ਭਾਰਤ ਅਤੇ ਕੈਨੇਡਾ ਦਰਮਿਆਨ ਦੋਸ਼ੀਆਂ ਨੂੰ ਸਪੁਰਦ ਕਰਨ ਦੀ ਮਹੱਤਵਪੂਰਨ ਸੰਧੀ ’ਤੇ ਵੀ ਦਸਤਖਤ ਕੀਤੇ ਗਏ ਹਨ।

ਕਾਫਲੇ ਵਾਲੇ ਤੋੜ ਗਏ ਨੇ,
ਸਾਡੇ ਨਾਲੋਂ ਯਾਰੀ।
ਦੋਸਤਾਂ ਪੁੱਤਰਾਂ ਘੂਰੀ ਪਾ ਕੇ,
ਖੋਹ ਲਈ ਹੈ ਸਰਦਾਰੀ।
ਸੇਵਕ ਜਹੀ ਕੁਝ ਬਣਕੇ ਰਹਿ ਗਈ,
ਦਿਲ ਦੀ ਮਹਿਰਮ ਨਾਰੀ।
ਪਿਛਲੀ ਉਮਰੇ ਸੱਚੀ ਮਿੱਤਰ,
ਰਹਿ ਗਈ ਕਲਮ ਵਿਚਾਰੀ।

—ਜਸਵੰਤ ਸਿੰਘ ਰਾਹੀ

ਯੂਬਾ ਸਿਟੀ ਗਾਈਡ

ਰਜਨੀਸ਼ ਵਿਰੁੱਧ ਮੁਹਿੰਮ

ਪੁਨੇ — ਨੌਜਵਾਨ ਜਥੇਬੰਦੀ ਹਿੰਦੂ ਏਕਤਾ ਅੰਦੋਲਨ ਨੇ ਇਥੇ ਅਚਾਰੀਆ ਰਜਨੀਸ਼ ਅਤੇ ਉਨ੍ਹਾਂ ਦੇ ਪੈਰੋਕਾਰਾਂ ਵਿਰੁਧ ਇਕ ਮੁਹਿੰਮ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਇਹ ਜਥੇਬੰਦੀ ਰਜਨੀਸ਼ ਵਿਰੁੱਧ ਇਸ ਲਈ ਮੁਹਿੰਮ ਲਾਮਬੰਦ ਕਰ ਰਹੀ ਹੈ ਕਿਉਂਕਿ ਉਨ੍ਹਾਂ (ਸ੍ਰੀ ਰਜਨੀਸ਼) ਦੀਆਂ ਸਰਗਰਮੀਆਂ 'ਖਾਲਿਸਤਾਨ ਪੱਖੀ ਦੇਸ਼ ਵਿਰੋਧੀ' ਹਨ । 'ਕੌਮਾਂਤਰੀ ਭਗਵਾਨ' ਅਮਰੀਕਾ ਤੇ ਹੋਰਨਾਂ ਥਾਵਾਂ ਤੋਂ ਕੱਢੇ ਜਾਣ ਪਿਛੋਂ ਮੁੜ ਇਥੇ ਆਪਣੇ ਪਹਿਲੇ ਕਮਿਊਨ 'ਰਜਨੀਸ਼ ਧਾਮ' ਵਿਚ ਪੁਜੇ ਹਨ । ਪਰ ਪੁਨੇ ਦੇ ਲੋਕ ਉਨ੍ਹਾਂ ਦੇ ਵਿਰੁੱਧ ਜਾਪਦੇ ਹਨ ਅਤੇ ਉਨ੍ਹਾਂ ਵਿਚੋਂ ਕੁਝ ਰਜਨੀਸ਼ ਨੂੰ ਕੱਢਣ ਲਈ ਅਦਾਲਤ ਵਿਚ ਵੀ ਗਏ ਹਨ ।

ਹਿੰਦੂ ਏਕਤਾ ਅੰਦੋਲਨ ਦੇ ਨੇਤਾ ਸ੍ਰੀ ਵਿਲਾਸ ਤੁਪੇ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪੁਨੇ ਦੇ ਹੋਟਲ ਮਾਲਕਾਂ ਨੂੰ ਕਿਹਾ ਜਾਵੇਗਾ ਕਿ ਉਹ ਰਜਨੀਸ਼ ਦੇ ਪੈਰੋਕਾਰਾਂ ਨੂੰ ਰਿਹਾਇਸ਼ ਨਾ ਦੇਣ ਅਤੇ ਆਟੋ ਰਿਕਸ਼ਾ ਸਕੂਟਰ ਮਾਲਕ ਉਨ੍ਹਾਂ ਨੂੰ ਆਪਣੇ ਸਕੂਟਰਾਂ ਉਤੇ ਨਾ ਚੜ੍ਹਾਉਣ । ਪੁਲੀਸ ਕਮਿਸ਼ਨਰ ਨੂੰ ਕਿਹਾ ਜਾਵੇਗਾ ਕਿ ਉਹ ਭਗਵਾਨ ਰਜਨੀਸ਼ ਕੋਲੋਂ ਉਨ੍ਹਾਂ ਦੀਆਂ 'ਕੌਮ ਵਿਰੋਧੀ ਸਰਗਰਮੀਆਂ' ਬਾਰੇ ਦਸ ਦਿਨਾਂ ਦੇ ਵਿਚ ਵਿਚ ਸਪਸ਼ਟੀਕਰਨ ਮੰਗਣ ਨਹੀਂ ਤਾਂ ਹਿੰਦੂ ਏਕਤਾ ਅੰਦੋਲਨ ਦੇ ਜੂਡੋ ਤੇ ਕਰਾਟੀ ਦੇ ਮਾਹਿਰ 'ਕਮਾਂਡੋ' ਆਸ਼ਰਮ ਉਤੇ ਹਮਲਾ ਕਰ ਦੇਣਗੇ ਤੇ ਰਜਨੀਸ਼ ਨਾਲ ਟੱਕਰ ਲੈਣਗੇ । ਸ੍ਰੀ ਤੁਪੇ ਨੇ ਜਿਸ ਨੂੰ 5 ਸਾਲ ਪਹਿਲਾਂ ਰਜਨੀਸ਼ ਉਤੇ ਚਾਕੂ ਨਾਲ ਹਮਲਾ ਕਰਨ ਪਿਛੋਂ ਗ੍ਰਿਫਤਾਰ ਕੀਤਾ ਗਿਆ ਸੀ, ਦੋਸ਼ ਲਾਇਆ ਹੈ ਕਿ ਭਗਵਾਨ ਰਜਨੀਸ਼ ਅਪਰਾਧੀ ਹੈ ਅਤੇ ਜਦੋਂ ਉਹ ਅਮਰੀਕਾ ਲਈ ਰਵਾਨਾ ਹੋਇਆ ਸੀ ਤਾਂ ਉਸ ਨੇ ਖੁੱਲ੍ਹੇਆਮ ਭਾਰਤ ਦੀ ਨੁਕਤਾਚੀਨੀ ਕੀਤੀ ਸੀ। ਉਸ ਨੇ ਕਿਹਾ ਕਿ ਜਥੇਬੰਦੀ ਇਸ ਗੱਲ ਦੀ ਵੀ ਮੰਗ ਕਰੇਗੀ ਕਿ ਰਜਨੀਸ਼ ਦੇ 500 ਪੈਰੋਕਾਰਾਂ ਦਾ ਡਾਕਟਰੀ ਮੁਆਇਨਾ ਕਰਾਇਆ ਜਾਵੇ ਤਾਂ ਜੋ ਕਿਸੇ ਨੂੰ 'ਏਡਜ਼' ਦੀ ਬੀਮਾਰੀ ਨਾ ਹੋਵੇ ।

ਅਚਾਰੀਆ ਰਜਨੀਸ਼ ਨੇ ਪਿਛੇ ਜਿਹੇ ਖਾੜਕੂ ਸਿੱਖਾਂ ਦੀ ਲਹਿਰ ਦੀ ਹਮਾਇਤ ਕੀਤੀ ਸੀ ਤੇ ਕਿਹਾ ਸੀ ਕਿ ਭਾਰਤ ਵਿਚ ਮੁਕੰਮਲ ਤੌਰ 'ਤੇ ਫੈਡਰਲ ਢਾਂਚਾ ਕਾਇਮ ਕਰ ਦਿੱਤਾ ਜਾਵੇ ਅਤੇ ਹਰ ਇਕ ਰਾਜ ਨੂੰ ਪੂਰੀ ਪੂਰੀ ਆਜ਼ਾਦੀ ਦਿੱਤੀ ਜਾਵੇ ।

ਸੀਖਾਂ ਪਿੱਛੇ ਰੁਲਦੇ ਧਰਮੀ ਫੌਜੀਆਂ ਦੀ ਦਾਸਤਾਨ

ਜਗਤਾਰ ਸਿੰਘ ਸਿੱਧੂ

ਚੰਡੀਗੜ੍ਹ — ਸ੍ਰੀ ਦਰਬਾਰ ਸਾਹਿਬ ਕੰਪਲੈਕਸ ਉਪਰ ਫੌਜੀ ਕਾਰਵਾਈ ਵਿਰੁੱਧ ਬੈਰਕਾਂ ਛੱਡਣ ਵਾਲੇ ਉਤਰ ਪ੍ਰਦੇਸ਼ ਦੀਆਂ ਜੇਲ੍ਹਾਂ ਵਿਚ ਸਜ਼ਾਵਾਂ ਭੁਗਤ ਰਹੇ ਫੌਜੀਆਂ ਨਾਲ ਅਣਮਨੁੱਖੀ ਵਰਤਾਓ ਕੀਤਾ ਜਾ ਰਿਹਾ ਹੈ । ਕੇਂਦਰ ਸਰਕਾਰ ਉਨ੍ਹਾਂ ਨੂੰ ਪੰਜਾਬ ਦੀਆਂ ਜੇਲ੍ਹਾਂ ਵਿਚ ਤਬਦੀਲ ਕਰਨ ਬਾਰੇ ਬਰਨਾਲਾ ਸਰਕਾਰ ਦੀ ਬੇਨਤੀ ਵੀ ਰੱਦ ਕਰ ਚੁੱਕੀ ਹੈ । ਇਹ ਜਾਣਕਾਰੀ ਸਰਕਾਰੀ ਸੂਤਰਾਂ ਨੇ ਦਿੱਤੀ ਹੈ ।

ਇਸ ਸਮੇਂ ਲਗਪਗ 86 ਫੌਜੀ ਯੂ. ਪੀ. ਦੀਆਂ ਜੇਲ੍ਹਾਂ ਵਿਚ ਨਜ਼ਰਬੰਦ ਹਨ । ਇਨ੍ਹਾਂ ਵਿਚੋਂ ਇਕੱਲੀ ਬਰੇਲੀ ਜੇਲ੍ਹ ਵਿਚ 42 ਨਜ਼ਰਬੰਦ ਸਨ । ਯੂ. ਪੀ. ਦੀ ਸਰਕਾਰ ਨੇ ਉਨ੍ਹਾਂ ਨੂੰ ਕਾਨੂੰਨ ਅਨੁਸਾਰ ਬਣਦੀਆਂ ਪੂਰੀਆਂ ਸਹੂਲਤਾਂ ਦੇਣ ਦੀ ਥਾਂ ਅਲੱਗ ਅਲੱਗ ਜੇਲ੍ਹਾਂ ਵਿਚ ਦੂਰ-ਦੁਰਾਡੇ ਖਿਡਾ ਦਿੱਤਾ ਹੈ। ਇਥੋਂ ਤੱਕ ਕਿ ਪੰਜਾਬ ਸਰਕਾਰ ਕੋਲ ਵੀ ਇਹ ਵੇਰਵੇ ਨਹੀਂ ਹਨ ਕਿ ਉਨ੍ਹਾਂ ਨੂੰ ਕਿਹੜੀਆਂ ਜੇਲ੍ਹਾਂ ਵਿਚ ਰੱਖਿਆ ਗਿਆ ਹੈ । ਫੌਜੀਆਂ ਦੇ ਰਿਸ਼ਤੇਦਾਰਾਂ ਨੂੰ ਪਹਿਲਾਂ ਹੀ ਮੁਲਾਕਾਤਾਂ ਕਰਨ ਵਿਚ ਮੁਸ਼ਕਲ ਆ ਰਹੀ ਸੀ ਪ੍ਰੰਤੂ ਹੁਣ ਤਾਂ ਹੋਰ ਵੀ ਮੁਸ਼ਕਲ ਪੇਸ਼ ਆਵੇਗੀ।

ਫੌਜੀਆਂ ਨਾਲ ਮੁਲਾਕਾਤਾਂ ਕਰ ਕੇ ਆਉਣ ਵਾਲੇ ਕੁਝ ਲੋਕਾਂ ਦਾ ਇਹ ਵੀ ਕਹਿਣਾ ਹੈ ਕਿ ਬਰੇਲੀ ਜੇਲ੍ਹ ਦੇ ਅਧਿਕਾਰੀ ਬਹੁਤ ਹੀ ਫਿਰਕਾਪ੍ਰਸਤ ਹਨ । ਉਨ੍ਹਾਂ ਵਲੋਂ ਬੈਰਕਾਂ ਛੱਡਣ ਵਾਲੇ ਫੌਜੀਆਂ ਨੂੰ ਜਾਣ ਬੁਝ ਕੇ ਪਰੇਸ਼ਾਨ ਕੀਤਾ ਜਾਂਦਾ ਹੈ । ਜਿਹੜੇ ਕੈਦੀ ਨੈਨੀ ਜੇਲ੍ਹ ਵਿਚ ਨਜ਼ਰਬੰਦ ਹਨ ਉਨ੍ਹਾਂ ਨਾਲ ਮੁਲਾਕਾਤ ਲਈ ਦਰਿਆ ਪਾਰ ਕਰਕੇ ਜਾਣਾ ਪੈਂਦਾ ਹੈ । ਮੁਲਾਕਾਤੀਆਂ ਨੂੰ ਕਾਫੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ । ਇਨ੍ਹਾਂ ਕੈਦੀਆਂ ਨੂੰ ਪੰਜਾਬ ਦੇ ਰਾਜਸੀ ਆਗੂਆਂ ਵਿਚੋਂ ਮਾਲ ਮੰਤਰੀ ਮੇਜਰ ਸਿੰਘ ਉਬੋਕੇ ਨੂੰ ਛੱਡ ਕੇ ਕੋਈ ਵੀ ਮੁਲਾਕਾਤ ਕਰਨ ਨਹੀਂ ਗਿਆ । ਉਨ੍ਹਾਂ ਫੌਜੀਆਂ ਨੂੰ ਇਸ ਗੱਲ ਦਾ ਰੋਸ ਹੈ ਕਿ ਪੰਜਾਬ ਵਿਚ ਉਨ੍ਹਾਂ ਦੇ ਨਾਂ ਉਤੇ ਬੜਾ ਪਰਾਪੇਗੰਡਾ ਹੋ ਰਿਹਾ ਹੈ ਪ੍ਰੰਤੂ ਉਨ੍ਹਾਂ ਦੀ ਕਿਸੇ ਨੇ ਸਾਰ ਨਹੀਂ ਲਈ। ਦੱਸਿਆ ਜਾਂਦਾ ਹੈ ਕਿ ਉਨ੍ਹਾਂ ਨੇ ਸ. ਉਬੋਕੇ ਨੂੰ ਕਿਹਾ ਕਿ ਅਸੀਂ ਤਾਂ ਸਮਝਦੇ ਸੀ ਕਿ ਪੰਜਾਬ ਨੇ ਸਾਡਾ ਚੇਤਾ ਹੀ ਭੁਲਾ ਦਿੱਤਾ ਹੈ। ਐਨੇ ਲੰਮੇ ਅਰਸੇ ਵਿਚ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਕ ਇੰਸਪੈਕਟਰ ਹੀ ਉਨ੍ਹਾਂ ਦਾ ਪਤਾ ਕਰਨ ਆਇਆ ਸੀ ।

ਦੱਸਿਆ ਜਾਂਦਾ ਹੈ ਕਿ ਉਤਰ ਪ੍ਰਦੇਸ਼ ਦੀਆਂ ਕਈ ਸਥਾਨਕ ਜੇਲ੍ਹਾਂ ਨੇੜੇ ਰਹਿੰਦੇ ਪੰਜਾਬੀ ਜਾਂ ਸਿੱਖ ਸਿੱਧੇ ਤੌਰ ਉਤੇ ਫੌਜੀਆਂ ਨੂੰ ਕੋਈ ਸਮਾਨ ਭੇਜਣ ਦੀ ਹਿੰਮਤ ਵੀ ਨਹੀਂ ਕਰਦੇ । ਉਥੋਂ ਦੀਆਂ ਸਿੰਘ ਸਭਾਵਾਂ ਵੀ ਉਨ੍ਹਾਂ ਨੂੰ ਸਿੱਧੇ ਤੌਰ ਉਤੇ ਪੈਸੇ ਜਾਂ ਹੋਰ ਰਕਮ ਦੇਣ ਤੋਂ ਝਿਜਕਦੀਆਂ ਹਨ। ਜੇਕਰ ਉਹ ਅਜਿਹਾ ਕਰਦੇ ਹਨ ਤਾਂ ਉਥੋਂ ਦੀ ਵਸੋਂ ਉਨ੍ਹਾਂ ਨੂੰ 'ਖਾਲਿਸਤਾਨੀ' ਕਹਿਣਾ ਸ਼ੁਰੂ ਕਰ ਦਿੰਦੀ ਹੈ । ਇਸ ਲਈ ਉਹ ਫੌਜੀਆਂ ਦੀ ਮਦਦ ਕਰ ਕੇ ਕੋਈ ਮੁਸੀਬਤ ਸਹੇੜਨ ਨੂੰ ਤਿਆਰ ਨਹੀਂ ਹਨ ।

ਪੰਜਾਬ ਸਰਕਾਰ ਯੂ. ਪੀ. ਵਿਚ ਫੌਜੀਆਂ ਦੀ ਮੁਲਾਕਾਤ ਕਰਨ ਲਈ ਜਾਣ ਵਾਲੇ ਪਰਿਵਾਰ ਦੇ ਮੈਂਬਰ ਨੂੰ ਖਰਚੇ ਲਈ 500 ਰੁਪਿਆ ਦਿੰਦੀ ਹੈ ਪ੍ਰੰਤੂ ਖਰਚਾ ਇਸ ਤੋਂ ਕਿਤੇ ਵਧੇਰੇ ਹੋ ਜਾਂਦਾ ਹੈ। ਰਾਜ ਸਰਕਾਰ ਨੇ ਇਹ ਵੀ ਜ਼ੋਰ ਲਾਇਆ ਕਿ ਜੇਕਰ ਫੌਜੀਆਂ ਨੂੰ ਪੰਜਾਬ ਨਹੀਂ ਭੇਜਣਾ ਤਾਂ ਪੰਜਾਬ ਨਾਲ ਲਗਦੀਆਂ ਹਰਿਆਣਾ ਦੀਆਂ ਜੇਲ੍ਹਾਂ ਵਿਚ ਤਬਦੀਲ ਕਰ ਦਿੱਤਾ ਜਾਵੇ ਪ੍ਰੰਤੂ ਇਹ ਮੰਗ ਵੀ ਪ੍ਰਵਾਨ ਨਹੀਂ ਹੋਈ ।

ਜੇਲ੍ਹਾਂ ਵਿਚ ਨਜ਼ਰਬੰਦ ਫੌਜੀਆਂ ਵਿਚੋਂ ਵਧੇਰੇ ਕਰ ਕੇ ਕਿਸੇ ਨਾ ਕਿਸੇ ਅਹੁਦੇ ਉਤੇ ਰਹੇ ਹਨ । ਇਨ੍ਹਾਂ ਵਿਚੋਂ ਜੇ ਸੀ ਓ, ਨਾਇਕ, ਹੌਲਦਾਰ ਅਤੇ ਮੇਜਰ ਵੀ ਸ਼ਾਮਲ ਹਨ । ਇਨ੍ਹਾਂ ਨੂੰ ਇਸ ਗੱਲ ਲਈ ਸਜ਼ਾਵਾਂ ਦਿੱਤੀਆਂ ਗਈਆਂ ਹਨ ਕਿ ਇਨ੍ਹਾਂ ਦੀ ਕਮਾਂਡ ਹੇਠ ਦੇ ਜਵਾਨ ਦੌੜੇ ਸਨ । ਇਨ੍ਹਾਂ ਵਿਚ ਇਕ ਸੂਬੇਦਾਰ ਮੇਜਰ ਸਰਵਣ ਸਿੰਘ ਦੀ 28 ਸਾਲ ਦੀ ਸਰਵਿਸ ਹੈ । ਉਸ ਨੇ ਦੇਸ਼ ਵਲੋਂ ਲੜੀਆਂ ਗਈਆਂ ਸਾਰੀਆਂ ਲੜਾਈਆਂ ਵਿਚ ਮੋਹਰੀ ਵਜੋਂ ਹਿੱਸਾ ਲਿਆ ਹੈ । ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਫੌਜੀਆਂ ਨੇ ਬਗਾਵਤ ਕਰਨੀ ਹੁੰਦੀ ਤਾਂ 400 ਜਵਾਨ ਛੇ ਅਫਸਰਾਂ ਅੱਗੇ ਹਥਿਆਰ ਕਿਉਂ ਸੁਟਦਾ । ਇਸੇ ਤਰ੍ਹਾਂ ਹੋਰ ਵੀ ਕਈ ਲੰਮੀਆਂ ਸੇਵਾਵਾਂ ਵਾਲੇ ਹਨ । ਉਨ੍ਹਾਂ ਦਾ ਦਾਅਵਾ ਹੈ ਕਿ ਉਹ ਅੱਜ ਵੀ ਦੇਸ਼ ਨੂੰ ਕਿਸੇ ਖਤਰੇ ਸਮੇਂ ਸਭ ਤੋਂ ਮੋਹਰੀ ਹੋ ਕੇ ਲੜਨ ਲਈ ਤਿਆਰ ਹਨ ਪ੍ਰੰਤੂ ਉਨ੍ਹਾਂ ਦੀ ਆਵਾਜ਼ ਜੇਲ੍ਹ ਬੈਰਕਾਂ ਦੀਆਂ ਦੀਵਾਰਾਂ ਨਾਲ ਹੀ ਟਕਰਾ ਕੇ ਰਹਿ ਜਾਂਦੀ ਹੈ ।

'ਸਵਾਰਥੀ ਲੋਕਾਂ ਨੇ ਕਾਂਗਰਸ ਨੂੰ ਇਖਲਾਕਹੀਣ ਬਣਾ ਦਿੱਤਾ'

ਬੰਬਈ — ਬਜ਼ੁਰਗ ਕਾਂਗਰਸ ਨੇਤਾ ਕਮਲਾਪਤੀ ਤ੍ਰਿਪਾਠੀ ਨੇ ਦੋਸ਼ ਲਾਇਆ ਹੈ ਕਿ ਇਸ ਵੇਲੇ 'ਕਾਂਗਰਸ ਅਜਿਹੀ ਫਿਰਕੂ, ਰਿਸ਼ਵਤਖੋਰ ਤੇ ਇਖਲਾਕਹੀਣ ਪਾਰਟੀ ਬਣ ਗਈ ਹੈ ਜਿਸ ਕੋਲ ਰਾਸ਼ਟਰ ਪ੍ਰਤੀ ਆਪਣੀ ਡਿਊਟੀ ਦਾ ਕੋਈ ਸਿਧਾਂਤ ਨਹੀਂ ਹੈ।' ਇਲੱਸਟਰੇਟਿਡ ਵੀਕਲੀ ਆਫ ਇੰਡੀਆ ਨਾਲ ਇਕ ਭੇਂਟ ਵਾਰਤਾ ਵਿਚ ਸ੍ਰੀ ਤ੍ਰਿਪਾਠੀ ਨੇ ਦੱਸਿਆ ਕਿ ਕਾਂਗਰਸ ਦੀ ਇਹ ਹਾਲਤ ਇਸ ਲਈ ਹੋਈ ਹੈ ਕਿਉਂਕਿ ਇਸ ਦੇ ਅੰਦਰ 'ਖੁਦਗਰਜ਼' ਲੋਕ ਆ ਵੜੇ ਹਨ ਜਿਨ੍ਹਾਂ ਦਾ ਮਨੋਰਥ ਇਹੋ ਹੈ ਕਿ ਉਹ ਪਾਰਟੀ ਕੋਲੋਂ ਲੈ ਤਾਂ ਸਾਰਾ ਕੁਝ ਲੈਣ ਪਰ ਪਾਰਟੀ ਜਾਂ ਰਾਸ਼ਟਰ ਨੂੰ ਕੁਝ ਦੇਣ ਨਾ। ਉਨ੍ਹਾਂ ਕਿਹਾ 'ਕਿਸੇ ਕੋਲ ਵੀ ਲੋਕਾਂ ਵਾਸਤੇ ਕੁਝ ਕਰਨ ਨੂੰ ਨਹੀਂ। ਇਹੋ ਵਜ੍ਹਾ ਹੈ ਕਿ ਆਮ ਲੋਕਾਂ ਨਾਲੋਂ ਸਾਡਾ ਸੰਪਰਕ ਟੁੱਟ ਗਿਆ ਹੈ ਕਾਂਗਰਸ ਕਮਜ਼ੋਰ ਹੋ ਗਈ ਹੈ। ਇਕ ਦਿਨ ਇਹ ਖਤਮ ਵੀ ਹੋ ਜਾਵੇਗੀ।' ਉਨ੍ਹਾਂ ਨੇ ਮੌਜੂਦਾ ਲੀਡਰਸ਼ਿਪ ਨੂੰ ਜਗੀਰਦਾਰਾਂ ਤੋਂ ਖਬਰਦਾਰ ਰਹਿਣ ਦੀ ਸਲਾਹ ਦਿਤੀ ।

ਸ੍ਰੀ ਤ੍ਰਿਪਾਠੀ ਨੇ ਕਿਹਾ ਕਿ ਪਾਰਟੀ ਦਾ ਸਭ ਤੋਂ ਸੀਨੀਅਰ ਨੇਤਾ ਹੋਣ ਦੀ ਸੂਰਤ ਵਿਚ ਮੈਨੂੰ ਹੱਕ ਹੈ ਕਿ ਮੈਂ ਲੋਕਾਂ ਨੂੰ ਦੱਸਾਂ ਪਈ ਉਨ੍ਹਾਂ 'ਚ ਕਿਥੇ ਨੁਕਸ ਹੈ। ਉਨਾਂ ਦੱਸਿਆ ਕਿ ਸ੍ਰੀ ਰਾਜੀਵ ਦੇ ਇਸ ਵੇਲੇ ਜਿਹੜੇ ਸਲਾਹਕਾਰ ਹਨ, ਉਹ ਅਜਿਹੇ ਲੋਕ ਨਹੀਂ ਜਿਨ੍ਹਾਂ ਉਪਰ ਵਿਸ਼ਵਾਸ ਕੀਤਾ ਜਾ ਸਕੇ । ਸ੍ਰੀ ਤ੍ਰਿਪਾਠੀ ਨੇ ਅਜੇ ਥੋੜ੍ਹੀ ਦੇਰ ਪਹਿਲਾਂ ਆਲ ਇੰਡੀਆ ਕਾਂਗਰਸ (ਆਈ) ਕਮੇਟੀ ਦੇ ਐਕਟਿੰਗ ਪ੍ਰਧਾਨ ਵਜੋਂ ਅਸਤੀਫਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ 'ਚੁੱਪ ਚੁੱਪ' ਵਿਚ ਹੀ ਹੁਣ ਜ਼ਲੀਲ ਨਹੀਂ ਹੋਣਗੇ ।

ਕੈਲੇਫੋਰਨੀਆ ਗਾਈਡ

ਫਰੈਜ਼ਨੋ ਵਿਚ 'ਕੈਨੇਡਾ ਦਰਪਣ' ਲਓ ਤੇ ਨਾਲ ਕੱਪੜੇ, ਗਰੌਸਰੀ, ਵੀਡੀਓ ਮੂਵੀਆਂ ਵੀ ਖ਼੍ਰੀਦੋ

Ph. (209) 456-9491

INDICA IMPORTS — 4925 E. King Canyon Road, FRESNO, CA. .

ਯੂਬਾ ਸਿਟੀ ਵਿਚ 'ਕੈਨੇਡਾ ਦਰਪਣ' ਇਥੋਂ ਮਿਲਦਾ ਹੈ :

LONDON FASHIONS

1494 E. Bridge St., YUBA CITY CA. Ph. (916) 673-6634

Kamla Emporium

● ਮਸਾਲੇ ● ਆਟਾ ● ਗਰੌਸਰੀ ● ਕੱਪੜੇ ● ਸਾੜ੍ਹੀਆਂ ● ਰੀਕਾਰਡ ● ਇੰਡੀਅਨ ਵੀਡੀਓ ਮੂਵੀਜ਼ ● 220 ਵੋਲਟੇਜ਼ ਅਪਲਾਇੰਸਿਜ

'ਕੈਨੇਡਾ ਦਰਪਣ' ਅਖ਼ਬਾਰ ਵੀ ਇਥੋਂ ਮਿਲਦਾ ਹੈ

2974 - Aborn Road, SAN JOSE, CA.

ਇੰਦਰ ਮੋਹਨ ਨੂੰ ਫ਼ੋਨ ਕਰੋ :

(408) 270-2070

PETE ELLIS DODGE

ਕਾਰਾਂ, ਵੈਨਾਂ, ਪਿਕ ਅੱਪ ਖ਼੍ਰੀਦਣ ਲਈ

ਫ਼ੋਨ ਕਰੋ :—

ਜੱਸੀ ਗਰੇਵਾਲ

(408) 738-0400

Credit or no Credit

CALL:

Jessie Grewal

2 to 5% over Dealer Cost

Pete Ellis Dodge



1095, West El Camino Real

SUNNYVALE, CALIFORNIA 94087

ਸੋਵੀਅਤ ਨੇਤਾ ਦਾ ਜਵਾਈ ਗ੍ਰਿਫਤਾਰ

ਮਾਸਕੋ — ਸੋਵੀਅਤ ਯੂਨੀਅਨ ਦੇ ਮਰਹੂਮ ਪ੍ਰਧਾਨ ਲਿਓਨਿਦ ਬ੍ਰੇਜਨੇਵ ਦੇ ਜਵਾਈ ਨੂੰ ਕਰੱਪਸ਼ਨ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ ਗਿਆ ਹੈ। 50 ਸਾਲਾ ਯੂਰੀ ਚਰਬਾਨੋਵ ਬ੍ਰੇਜਨੇਵ ਦੇ ਵੇਲੇ ਡਿਪਟੀ ਮਨਿਸਟਰ ਰਹਿ ਚੁੱਕਾ ਹੈ।

ਬ੍ਰੇਜਨੇਵ ਦੀ ਲੜਕੀ ਗਲੀਨਾ ਬ੍ਰੇਜਨੇਵ ਆਪਣੇ ਪਿਤਾ ਦੀ ਪ੍ਰਧਾਨਗੀ ਸਮੇਂ ਚਰਬਾਨੋਵ ਨਾਲ ਵਿਆਹੀ ਗਈ ਸੀ। 1980 ਵਿਚ ਉਹਨੂੰ ਡਿਪਟੀ ਮਨਿਸਟਰ ਬਣਾਇਆ ਗਿਆ। ਦੋ ਸਾਲ ਪਹਿਲਾਂ ਚਰਬਾਨੋਵ ਨੂੰ ਮਨਿਸਟਰੀ ਅੰਦਰ ਹੋਰ ਡਿਊਟੀ ਦੇ ਦਿੱਤੀ ਗਈ ਸੀ।

ਸੋਵੀਅਤ ਨੇਤਾ ਮਿਖਾਈਲ ਗੋਰਵਾਚੋਵ ਨੇ ਐਲਾਨ ਕੀਤਾ ਸੀ ਕਿ ਉਚ ਪੱਧਰੀ ਕਰੱਪਸ਼ਨ ਖਤਮ ਕਰਨ ਲਈ ਸਖਤ ਕਦਮ ਚੁੱਕੇ ਜਾਣਗੇ ਸੋਵੀਅਤ ਖਬਰ ਏਜੰਸੀ ਤਾਸ਼ ਨੇ ਇਸ ਗ੍ਰਿਫਤਾਰੀ ਨੂੰ ਇਕ ਉਦਾਹਰਣ ਦੱਸਿਆ ਹੈ।

ਸਰਕਾਰੀ ਬੁਲਾਰੇ ਨੇ ਚਰਬਾਨੋਵ ਦੀ ਗ੍ਰਿਫਤਾਰੀ ਦੇ ਸਬੰਧ 'ਚ ਹੋਰ ਵੇਰਵੇ ਦੇਣ ਤੋਂ ਇਨਕਾਰ ਕਰ ਦਿੱਤਾ।

GILL'S AUTO SALES

ਯੂਬਾ ਸਿਟੀ ਅਤੇ ਨਾਲ ਦੇ ਇਲਾਕਿਆਂ ਦੇ ਕਾਰਾਂ ਖ਼੍ਰੀਦਣ ਵਾਲਿਆਂ ਨੂੰ ਖਾਸ ਸਹੂਲਤ

ਆਪਣੀ ਮਰਜ਼ੀ ਦੀ ਕਾਰ ਖ਼੍ਰੀਦਣ ਜਾਂ ਵੇਚਣ ਲਈ



ਗਿੱਲ ਆਟੋ ਸੇਲਜ਼ 'ਤੇ ਪਹੁੰਚੋ



ਜਾਣਕਾਰੀ ਲਈ ਫ਼ੋਨ ਕਰੋ :

(916) 671-3667

ਸੁਰਜੀਤ ਸਿੰਘ ਗਿੱਲ ਜਾਂ **ਮਾਈਕਲ ਸ. ਸਮਰਾ** ਨਾਲ ਸੰਪਰਕ ਕਰੋ

1455 - FRANKLIN ROAD, YUBA CITY, CA.

KANG UP HOLSTERY


CUSTOM UPHOLSTERING

UPHOLSTERY FURNITURE MADE TO ORDER

Estimates Submitted/Pick-up & Delivery

Ph. (916) 673-6594 or 674-2500

Res: (916) 673-3387



ਸਵਰਨ ਸਿੰਘ ਕੰਗ

ਯੂਬਾ ਸਿਟੀ ਦੇ ਰਹਿਣ ਵਾਲੇ ਆਪਣੇ ਘਰ ਲਈ ਆਪਣੀ ਮਰਜ਼ੀ ਦਾ ਸੋਫ਼ਾ, ਚੇਅਰ ਜਾਂ ਹੋਰ ਸਾਮਾਨ ਆਰਡਰ ਬੁੱਕ ਕਰਵਾ ਕੇ ਬਣਵਾ ਸਕਦੇ ਹਨ

632 N. WALTON, ROAD, YUBA CITY, CA.

ਇਕ ਬੇਵਸ ਕਿਸਾਨ ਦੀ ਦੁਆ

ਰਣਜੀਤ ਮਾਧੋਪੁਰੀ

ਹੇ ਖੁਦਾ!
ਅੱਧੀ ਰਾਤ ਖੇਤਾਂ ਨੂੰ ਪਾਣੀ ਲਾ ਰਹੇ-
ਠੁਰਕਦੇ ਹੱਥਾਂ ਨਾਲ ਲਿਖੀ ਇਸ ਕਿਸਾਨ ਦੀ ਦੁਆ ਕਬੂਲ ਕਰ।
ਹੇ ਰੱਬ।

ਪਿਛਲੇ ਪੰਜਾਂ ਸਾਲਾਂ ਤੋਂ ਜੋ ਵੀ ਬੀਜਿਆ ਹੈ
ਗੋਲੀਆਂ, ਤਲਵਾਰਾਂ ਜਾਂ ਤ੍ਰਿਸ਼ੂਲ ਬਣ ਕੇ ਉਗਿਆ ਹੈ
ਮੇਰੇ ਖੁਦਾ!
ਇਸ ਵਾਰ ਮੈਂ ਸੁਪਨੇ ਬੀਜੇ ਨੇ
ਮੇਰੇ ਸੁਪਨਿਆਂ ਵਿਚ ਮੁਹੱਬਤ ਦਾ ਮਾਦਾ ਭਰ
ਤੇ 'ਕਾਵਾਂ' ਦੀ ਡਾਰ ਤੋਂ ਇਨ੍ਹਾਂ ਨੂੰ ਦੂਰ ਰੱਖ

ਪੁਲੀਸ ਜਦੋਂ ਵੀ ਆਉਂਦੀ ਹੈ
ਅਤਿਵਾਦੀਆਂ 'ਚ ਫੜ ਲੈਣ ਦੀ ਧਮਕੀ ਦੇ ਕੇ
ਸਾਡੇ ਹੱਥਾਂ 'ਚੋਂ ਬੁਰਕੀ ਖੋਹ ਲੈਂਦੀ ਹੈ
ਹੇ ਮੇਰੇ ਰੱਬ!
ਮੇਰੇ ਖੇਤਾਂ ਦੀ ਹਰਿਆਵਲ ਨੂੰ ਥਾਣੇ 'ਚ ਲਗੀ ਵਾਇਰਲੈਸੋਂ ਤੋਂ ਬਚਾ
ਮੇਰੀਆਂ ਕਣਕਾਂ ਨੂੰ ਚੰਗਾ ਬੂਰ ਦੇਹ
ਪਰ ਕੁਰਸੀਧਾਰੀ ਬਟੇਰਿਆਂ ਤੋਂ ਇਨ੍ਹਾਂ ਨੂੰ ਦੂਰ ਰੱਖ

ਜਦੋਂ ਦੀ ਦਰਬਾਰ ਸਾਹਿਬ 'ਚ ਗੋਲੀ ਚੱਲੀ ਹੈ
ਕਹਿੰਦੇ ਨੇ ਮੇਰਾ ਇਕ ਭਰਾ ਉਦੋਂ ਦਾ 'ਸਿੱਖ' ਬਣ ਗਿਆ ਹੈ
ਤੇ ਦਿੱਲੀ ਦੇ ਦੰਗਿਆਂ ਪਿੱਛੋਂ-
ਕਹਿੰਦੇ ਨੇ ਦੂਜਾ ਭਰਾ ਹਿੰਦੂ ਬਣ ਗਿਆ ਹੈ
ਮੇਰੇ ਰੱਬ!
ਅਸੀਂ ਇਕੋ ਕੁੱਖ 'ਚੋਂ ਜਨਮ ਲਿਆ ਹੈ
ਸਾਨੂੰ ਇਕੋ ਥਾਲੀ 'ਚ ਰੋਟੀ ਖਾਣ ਦੀ ਸ਼ਕਤੀ ਦੇਹ
ਤੇ ਆਪਣੀ ਹੀ ਧਰਤੀ ਉਤੇ ਮੈਨੂੰ ਪਰਵਾਸੀ ਹੋਣ ਤੋਂ ਬਚਾ।

ਹੇ ਵਾਹਿਗੁਰੂ!
ਜਿਨ੍ਹਾਂ ਨੀਹਾਂ 'ਚ ਚਿਣੇ ਹੋਏ ਨੇ ਤੇਰੇ ਮਾਸੂਮ ਹਾਸੇ
ਉਸ ਦੇ ਬਨੇਰੇ 'ਤੇ ਧੂੰਆ ਹੈ ਚਿਰਾਗ ਨਹੀਂ
ਤੱਤੀ ਤਵੀ 'ਤੇ ਬੈਠੀ ਜੋਤ ਮਧਮ ਹੋ ਰਹੀ ਹੈ
ਤਲੀ 'ਤੇ ਰੱਖਿਆ ਸੀਸ ਕੰਬ ਰਿਹਾ ਹੈ
ਤਿੱਖੇ ਹੋ ਰਹੇ ਨੇ ਆਰਿਆਂ ਦੇ ਦੰਦੇ
ਕੇਸਾਂ ਸਮੇਤ ਸਿਰ ਧੂਹੇ ਜਾ ਰਹੇ ਨੇ
"ਉਨ੍ਹਾਂ ਗਊ ਗਰੀਬ ਲਈ ਸੀਸ ਕਿਉਂ ਵਾਰਿਆ?"
ਹੇ ਵਾਹਿਗੁਰੂ!
ਆਉਣ ਵਾਲੀ ਨਸਲ ਦੇ ਇਸ ਭਿਆਨਕ ਸਵਾਲ ਤੋਂ ਬਚਾਅ।

ਮੇਰੇ ਰਾਮ!
ਸੱਜੀ ਬਾਂਹ ਕਹਿ ਰਹੀ ਹੈ-
'ਮੈਂ ਇਸ ਦੀ ਅਖੀਰ ਵੇਖਣੀ ਹੈ'
ਖੱਬੀ ਬਾਂਹ ਕਹਿ ਰਹੀ ਹੈ-
'ਮੈਂ ਇਸ ਦੀ ਚਿਖਾ ਸੇਕਣੀ ਹੈ'
ਮੇਰੇ ਸ਼ਾਮ-
ਇਨ੍ਹਾਂ ਉਲਾਰੀਆਂ ਜਾ ਰਹੀਆਂ ਬਾਹਾਂ ਨੂੰ, ਗਲਵਕੜੀ ਬਣਨ ਦੀ ਜਾਚ ਦੇਹ।
ਤੋਤਲੀਆਂ ਜ਼ੁਬਾਨਾਂ ਨੂੰ ਅਖਬਾਰਾਂ ਦੀਆਂ ਖੂਨੀ ਸੁਰਖੀਆਂ ਤੋਂ ਬਚਾ।

ਮੇਰੇ ਅੱਲਾ!
ਇਨ੍ਹਾਂ ਚੌਕਾਂ ਚੌਰਾਹਿਆਂ 'ਚੋਂ ਗੁੰਮ ਗਈਆਂ ਯਾਰਾਂ ਦੀਆਂ ਡਾਰਾਂ
ਉਗ ਆਏ ਨੇ ਤ੍ਰਿਸ਼ੂਲ ਤੇ ਤਲਵਾਰਾਂ
ਪੁਲੀਸ ਦੇ ਬੈਰੀਅਰ-ਫੌਜੀ ਬੂਟਾਂ ਦੀਆਂ ਕਤਾਰਾਂ
ਕਿੱਥੇ ਚਲੇ ਗਏ ਨੇ ਕੁੜੀਆਂ ਦੇ ਰੰਗ-ਬਰੰਗੇ ਦੁਪੱਟੇ
ਉਹ ਸਲੇਟੀ ਸ਼ਾਮ-
ਹੇਕਾਂ ਲਾ ਰਹੇ ਉਹ ਸ਼ਾਇਰ ਬਦਨਾਮ
ਸ਼ਹਿਰ 'ਚੋਂ ਸ਼ਹਿਰ ਕਿੱਥੇ ਗੁੰਮ ਗਿਆ ਹੈ?
ਇਹ ਲਾਸ਼ਾਂ ਕਿਸ ਦੀਆਂ ਨੇ ਜਿਨ੍ਹਾਂ ਨੂੰ ਕਫਨ ਨਹੀਂ ਜੁੜੇ
ਇਹ ਸੜਕ 'ਤੇ ਰੁਲ ਰਿਹਾ ਹੈ ਕਿਸ ਦਾ ਟਿਫਨ ਕਿਸ ਦਾ ਬਸਤਾ
ਚਾਂਦਨੀ ਚੌਕ ਤੋਂ ਬਟਾਲੇ ਦੀਆਂ ਸੜਕਾਂ ਤਕ
ਮਾਨਸ ਦੇ ਖੂਨ ਦੀ ਬਦਬੋ ਹੈ।
ਬੱਕਰੇ ਬੁਲਾ ਰਹੀ ਹੈ ਜਨੂੰਨੀ ਹਵਾ
ਸਕੂਟਰਾਂ 'ਤੇ ਸਵਾਰ ਸਟੇਨਗੰਨਾਂ
ਜਵਾਨ ਪੁੱਤਾਂ ਨੂੰ ਲੱਭ ਲਾ ਰਹੇ ਬਿਰਧ ਮਾਪੇ
ਖੌਫਨਾਕ ਖਾਮੋਸ਼ੀ 'ਚ ਦੁਬਕੀਆਂ ਬੈਠੀਆਂ ਨੇ ਚੰਦਰੀਆਂ ਹਸਰਤਾਂ
ਮਾਵਾਂ ਦੀ ਉਡੀਕ, ਸੁਹਾਗਣਾ ਦੀ ਚੀਕ-
ਬਹੁਤ ਲੰਬੀ ਹੋ ਗਈ ਹੈ

ਮੇਰੇ ਮੌਲਾ-
ਪਿਛਲੇ ਵਰ੍ਹਿਆਂ 'ਚ ਮੈਂ ਇਸ ਆਤਮਾ-ਹੀਣ ਭੀੜ 'ਚ ਘਿਰਿਆਂ ਰਿਹਾ ਹਾਂ
ਇਸ ਭੀੜ 'ਚ ਬੇਵਸ ਆਦਮੀ ਦੇ ਗਿਰਦ
ਘੁੰਮ ਰਹੀਆਂ ਨੇ ਚਾਲਾਕ ਲੂੰਮੜੀਆਂ-
ਇਨ੍ਹਾਂ 'ਚੋਂ ਗੈਰ-ਹਾਜ਼ਰ ਆਦਮੀ ਨੂੰ ਹਾਜ਼ਰ ਕਰ
ਇਨ੍ਹਾਂ ਅੱਗੇ ਵੋਟ ਦੀ ਥਾਂ ਜ਼ਮੀਰ ਦੀ ਬੁਰਕੀ ਸੁਟ
ਸਾਨੂੰ 'ਅਮਨ ਦੇ ਨਾਹਰਿਆਂ' ਤੋਂ ਬਚਾ
ਸਾਨੂੰ ਨਹੀਂ ਚਾਹੀਦਾ ਸ਼ੱਕ, ਨਫਰਤ ਤੇ ਬੇਯਕੀਨੀ ਦਾ ਹੁੰਮਸ
ਇਸ ਵਰ੍ਹੇ ਸਾਨੂੰ ਸਿਵੇ ਨਹੀਂ ਚਿਰਾਗ ਚਾਹੀਦੇ ਨੇ
ਜਿਨ੍ਹਾਂ ਦੀ ਲੋਅ 'ਚ ਅਸੀਂ ਗੁੰਮ ਗਏ ਆਦਮੀ ਦੀ ਤਲਾਸ਼ ਕਰਨੀ ਹੈ

ਮੇਰੇ ਖੁਦਾ!
ਮੇਰੇ ਯਾਰਾਂ ਨੂੰ ਚਿੰਤਨ ਦਾ ਜਲੌਅ ਬਖਸ਼
ਠੁਰਕਦੇ ਹੱਥਾਂ ਨਾਲ ਦੀਵੇ ਦੀ ਲੋਏ ਲਿਖੀ
ਇਸ ਬੇਵਸ ਕਿਸਾਨ ਦੀ ਦੁਆ ਕਬੂਲ ਕਰ।



NORTH-WEST FRUIT MART

726 SARGENT AVE. WINNIPEG, MAN. R3E 0B2


Ph. 772-8719

ਪੰਜਾਬੀ, ਹਿੰਦੀ ਅਤੇ ਪਾਕਿਸਤਾਨੀ ਫਿਲਮਾਂ ਦੀ ਵਿੰਨੀਪੈਗ ਵਿਚ ਸਭ ਤੋਂ ਵੱਡੀ ਦੁਕਾਨ

- ਹਫ਼ਤੇ ਦੇ ਸੱਤੇ ਦਿਨ ਖੁੱਲ੍ਹਾ ਰਹਿੰਦਾ ਹੈ
- ਹਰ ਹਫ਼ਤੇ ਤਾਜ਼ੀਆਂ ਸਬਜ਼ੀਆਂ - ਭਿੰਡੀ, ਕਰੇਲੇ, ਕੱਦੂ, ਧਨੀਆ ਆਦਿ
- ਹਰ ਕਿਸਮ ਦੀ ਵਧੀਆ ਗਰੌਸਰੀ — ਵਧੀਆ ਮਸਾਲੇ
- ਗੁਰਦੁਆਰੇ, ਮੰਦਰ, ਵਿਆਹ, ਪਾਰਟੀਆਂ ਆਦਿ ਲਈ ਸਪੈਸ਼ਲ ਡਿਸਕਾਊਂਟ
- ਪੰਜਾਬੀ ਤੇ ਅੰਗਰੇਜ਼ੀ ਦੇ ਅਖ਼ਬਾਰ
- ਦੋਸਤੀ ਭਰੀ ਸਰਵਿਸ

ਰਣਜੀਤ ਸਿੰਘ ਕਲੇਰ

Locations Realty Inc.



36, Roslyn Road, WINNIPEG, MAN. R3L 0G6

ਆਪਣਾ ਘਰ ਖ਼ਰੀਦਣ ਜਾਂ ਵੇਚਣ ਲਈ, ਕਮਰਸ਼ਲ, ਇੰਡਸਟਰੀਅਲ ਪ੍ਰਾਪਰਟੀ, ਜ਼ਮੀਨ ਜਾਂ ਹੋਰ ਰੀਅਲ ਇਸਟੇਟ ਸਬੰਧੀ ਪ੍ਰੋਫੈਸ਼ਨਲ ਰਾਇ ਲੈਣ ਲਈ ਵਿਨੀਪੈੱਗ ਵਿਚ ਤੁਹਾਡੀ ਸੇਵਾ ਲਈ ਹਾਜ਼ਰ ਹਨ

ਪਾਲ ਬਾਹੀਆ

ਪ੍ਰਾਪਰਟੀ ਬਾਰੇ ਜਾਣਕਾਰੀ ਲਈ ਫੋਨ ਕਰੋ :

(204) 477-4600 (24 hrs.)

Res. 694-3550

LOCATIONS REALTY INC.

AUTOPAC PROTECTING MANITOBANS ON THE MOVE

Dorion Insurance Agency

ਡੋਰੀਅਨ ਇਨਸ਼ੋਰੈਂਸ ਏਜੰਸੀ


ਤੁਹਾਡੀ ਆਪਣੀ ਕੌਮੀ ਇਨਸ਼ੋਰੈਂਸ ਏਜੰਸੀ

ਹਰ ਪ੍ਰਕਾਰ ਦੀ ਇਨਸ਼ੋਰੈਂਸ ਕਰਵਾਉਣ ਲਈ

ਜਿਵੇਂ ਕਿ :—

- ਆਪਣੇ ਮਕਾਨ
- ਵਿਉਪਾਰ
- ਕਾਰ ਤੇ ਟਰੱਕ
- ਜੀਵਨ ਬੀਮਾ
- ਕੰਮ ਸਮੇਂ ਸੱਟ ਲੱਗ ਜਾਣ ਤੇ ਜਾਂ ਬੀਮਾਰ ਹੋ ਜਾਣ ਤੇ।
- ਆਟੋ ਪੈਕ ਰੀਨੀਊ ਕਰਾਉਣ ਲਈ
- ਲਾਈਸੈਂਸ ਪਲੇਟਾ ਲੈਣ ਲਈ
- ਕਾਰ, ਟਰੱਕ, ਮੋਟਰ ਸਾਈਕਲਾਂ ਦੀ ਰਜਿਸਟਰੇਸ਼ਨ ਕਰਵਾਉਣ ਲਈ ਮਿਲੋ ਜਾਂ ਫ਼ੋਨ ਕਰੋ :

ਕੁਲਵੰਤ ਸਿੰਘ ਬਰਾੜ ਫੋਨ : 772-3301 775-1061



Kulwant S. Brar
Manager & Owner

Commissioner for oaths

509 ELLICE AVE. WINNIPEG, MAN.

AJANTA TRAVELS

ਮੈਨੀਟੋਬਾ ਵਿਚ ਹਵਾਈ ਜਹਾਜ਼ਾਂ ਦੀਆਂ ਟਿਕਟਾਂ ਲਈ ਅਜੰਤਾ ਟਰੈਵਲਜ਼ ਨੂੰ ਫੋਨ ਕਰੋ

REDWOOD MOTORS LTD.

ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ



ਟੈਕਸੀਆਂ ਦੀ ਰੀਪੇਅਰ ਉਤੇ ਸਪੈਸ਼ਲ ਡਿਸਕਾਊਂਟ

ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੈਡਵੁੱਡ ਮੋਟਰਜ਼ ਉਤੇ ਪਹੁੰਚੋ



PH. 582-7138

600 - Redwood Ave. WINNIPEG, MAN.

The Manitoba Mirror

ਮੈਨੀਟੋਬਾ ਦਰਪਣ

ਅਖੌਤੀ ਜਨਰਲ ਲਾਭ ਸਿੰਘ ਨੂੰ ਲਿਬਰੇਸ਼ਨ ਫੋਰਸ ਵਲੋਂ ਚਿਤਾਵਨੀ

ਅੰਮ੍ਰਿਤਸਰ — ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਮੁਖ ਦਫਤਰ ਤੋਂ ਜਾਰੀ ਇਕ ਪ੍ਰੈਸ ਨੋਟ ਅਨੁਸਾਰ ਲਿਬਰੇਸ਼ਨ ਫੋਰਸ ਦੀ ਇਕ ਹੰਗਾਮੀ ਮੀਟਿੰਗ ਹੋਈ ਜਿਸ ਵਿਚ 'ਜਨਰਲ' ਅਰੂੜ ਸਿੰਘ, ਜਨਰਲ ਆਰਮਡ ਫੋਰਸ ਦੇ ਸ਼ੇਰ ਸਿੰਘ ਸ਼ੇਰ, ਯੂਨਾਈਟਿਡ ਸਿਖ ਪਾਰਟੀ ਦੇ ਧਿਆਨ ਸਿੰਘ ਅਤੇ ਤਤ ਖਾਲਸਾ ਦੇ ਦੁਰਗਾ ਸਿੰਘ ਸ਼ਾਮਲ ਹੋਏ। ਮੀਟਿੰਗ ਵਿਚ ਖਾਲਿਸਤਾਨ ਕਮਾਂਡੋ ਫੋਰਸ ਦੇ ਭਾਈ ਲਾਭ ਸਿੰਘ ਉਤੇ ਦੋਸ਼ ਲਾਇਆ ਗਿਆ ਹੈ ਕਿ ਉਹ ਸਿਖਾਂ ਵਿਚ ਜਾਣ ਬੁਝ ਕੇ ਫੁੱਟ ਪਾ ਰਿਹਾ ਹੈ। ਇਸ ਪਿੱਛੇ ਸਰਕਾਰ ਦਾ ਹੱਥ ਹੈ। ਉਹ ਏਨਾ ਚਿਰ ਤੱਕ ਏਕਤਾ ਦੇ ਉਦੇਸ਼ ਨੂੰ ਮੁੱਖ ਰੱਖ ਕੇ ਖਾਮੋਸ਼ ਰਹੇ। ਉਨ੍ਹਾਂ ਇਹ ਦੋਸ਼ ਲਾਇਆ ਕਿ ਜਨਰਲ ਲਾਭ ਸਿੰਘ ਸੁਖਦੇਵ ਸਿੰਘ ਸਖੀਰੇ ਦੇ ਕਤਲ ਲਈ ਜ਼ਿਮੇਵਾਰ ਹੈ ਅਤੇ ਭਾਈ ਜਗਜੀਤ ਸਿੰਘ ਰੋਡੇ ਦੇ ਕਤਲ ਲਈ ਵੀ ਉਹ ਹੀ ਜ਼ਿਮੇਵਾਰ ਹੈ।

ਮੀਟਿੰਗ ਵਿਚ ਇਕ ਮਤਾ ਪਾਸ ਕਰਕੇ ਬਾਬਾ ਠਾਕਰ ਸਿੰਘ ਅਤੇ ਪ੍ਰੋ: ਦਰਸ਼ਨ ਸਿੰਘ ਤੇ ਗਿਆਨੀ ਪੂਰਨ ਸਿੰਘ ਨੂੰ ਅਪੀਲ ਕੀਤੀ ਕਿ ਉਹ ਇਹੋ ਜਿਹੇ "ਮੂਰਖ ਕਮਾਂਡੋਜ਼" ਨੂੰ ਠੀਕ ਕਰਕੇ ਰੱਖਣ ਅਤੇ ਉਨ੍ਹਾਂ ਨੂੰ ਸਮਝਾਉਣ ਕਿ ਆਮ ਲੋਕਾਂ ਉਤੇ ਹਮਲੇ ਖਤਰਨਾਕ ਸਾਬਤ ਹੋ ਸਕਦੇ ਹਨ ਮੀਟਿੰਗ ਵਿਚ ਭਾਈ ਲਾਭ ਸਿੰਘ ਨੂੰ ਚਿਤਾਵਨੀ ਦਿੱਤੀ ਗਈ ਕਿ ਜੇ ਕਿਸੇ ਖਾੜਕੂ ਸਿਖ ਨੂੰ ਨੁਕਸਾਨ ਪਹੁੰਚਾਇਆ ਤਾਂ ਇਸ ਦਾ ਬਦਲਾ ਲਿਆ ਜਾਵੇਗਾ। ਇਕ ਵੱਖਰੇ ਮਤੇ ਰਾਹੀਂ ਉਨ੍ਹਾਂ ਨੇ ਲੁੱਟ ਖੋਹ ਦੀਆਂ ਘਟਨਾਵਾਂ ਦੀ ਨਿੰਦਾ ਕੀਤੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਅਜਿਹੇ ਬੰਦਿਆਂ ਨੂੰ ਉਨ੍ਹਾਂ ਦੇ ਮੁਖ ਦਫਤਰ ਵਿਚ ਪੇਸ਼ ਕੀਤਾ ਜਾਏ। ਇਕ ਹੋਰ ਮਤੇ ਰਾਹੀਂ ਉਨ੍ਹਾਂ ਨੇ ਅਖਬਾਰਾਂ ਨੂੰ ਚਿਤਾਵਨੀ ਦਿੱਤੀ ਕਿ ਉਨ੍ਹਾਂ ਦੀਆਂ ਖਬਰਾਂ ਨੂੰ ਤੋੜ ਮਰੋੜ ਕੇ ਨਾ ਛਾਪਿਆ ਜਾਏ। ਪ੍ਰੈਸ ਨੋਟ ਉਤੇ ਅਰੂੜ ਸਿੰਘ, ਪਿਪਲ ਸਿੰਘ, ਦੁਰਗਾ ਸਿੰਘ, ਜਨਰਲ ਸ਼ੇਰ ਸਿੰਘ ਸ਼ੇਰ ਤੇ "ਡਾਇਰੈਕਟਰ ਜਨਰਲ" ਮਨਜੀਤ ਸਿੰਘ ਖੁਜਾਲਾ ਦੇ ਦਸਤਖਤ ਹਨ।

ਫਰਵਰੀ ਦਾ ਬਜਟ ਸੈਸ਼ਨ ਹੰਗਾਮੇ ਭਰਿਆ ਹੋਏਗਾ

ਨਵੀਂ ਦਿੱਲੀ — ਪਾਰਲੀਮੈਂਟ ਦਾ ਬੱਜਟ ਇਜਲਾਸ ਜੋ ਫਰਵਰੀ ਦੇ ਆਖਰੀ ਹਫਤੇ ਸ਼ੁਰੂ ਹੋ ਰਿਹਾ ਹੈ, ਉਹ ਬਹੁਤ ਹੰਗਾਮੇ ਭਰਿਆ ਹੋਏਗਾ। ਆਪੋਜ਼ੀਸ਼ਨ ਪਾਰਟੀਆਂ ਵਲੋਂ ਇਸ ਸੈਸ਼ਨ ਵਿਚ ਰਾਜੀਵ ਸਰਕਾਰ ਤੇ ਭਾਰੀ ਗੋਲਾਬਾਰੀ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਸੈਸ਼ਨ ਸਮੇਂ ਪੰਜਾਬ, ਗੋਰਖਾਲੈਂਡ ਤੇ ਦੇਸ਼ ਵਿਚ ਵਿਗੜ ਰਹੀ ਅਮਨ ਕਾਨੂੰਨ ਦੀ ਸਥਿਤੀ ਤੇ ਵਿਚਾਰ ਕੀਤੀ ਜਾਏਗੀ। ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵਲੋਂ ਡਾਕ ਸੋਧ ਬਿੱਲ ਨੂੰ ਮਨਜ਼ੂਰੀ ਦਿੱਤੇ ਬਿਨਾਂ ਵਾਪਸ ਭੇਜੇ ਜਾਣ ਦਾ ਮਾਮਲਾ ਵੀ ਇਸ ਸੈਸ਼ਨ ਵਿਚ ਬਹਿਸ ਦਾ ਵਿਸ਼ਾ ਬਣੇਗਾ। ਬਜਟ ਸੈਸ਼ਨ ਦੇ ਪਹਿਲੇ ਦਿਨ ਰਾਸ਼ਟਰਪਤੀ ਲੋਕ ਸਭਾ ਤੇ ਰਾਜ ਸਭਾ ਦੇ ਸਾਂਝੇ ਸਮਾਗਮ ਨੂੰ ਸੰਬੋਧਨ ਕਰਨਗੇ। ਸੈਸ਼ਨ ਦੇ ਅਗਲੇ ਦਿਨ ਰੇਲ ਮੰਤਰੀ ਸ੍ਰੀ ਮਾਧਵ ਰਾਓ ਸਿੰਧੀਆ ਰੇਲਵੇ ਬੱਜਟ ਪੇਸ਼ ਕਰਨਗੇ। ਇਸ ਬਜਟ ਵਿਚ ਰੇਲ ਦੇ ਕਿਰਾਏ ਵਿਚ ਵਾਧਾ ਕੀਤੇ ਜਾਣ ਦੀ ਸੰਭਾਵਨਾ ਹੈ। 27 ਫਰਵਰੀ ਨੂੰ ਪ੍ਰਧਾਨ ਮੰਤਰੀ ਗਾਂਧੀ ਜਿਸ ਕੋਲ ਵਿਤ ਵਿਭਾਗ ਵੀ ਹੈ, ਆਮ ਬਜਟ ਪੇਸ਼ ਕਰਨਗੇ। ਇਸ ਬਜਟ ਵਿਚ ਵੀ ਲੋਕਾਂ ਤੇ ਭਾਰੀ ਟੈਕਸਾਂ ਦਾ ਬੋਝ ਪਾਏ ਜਾਣ ਦੀ ਆਸ ਹੈ। ਨਸ਼ੀਲੀਆਂ ਤੇ ਬਿਜਲੀ ਤੋਂ ਬਿਨਾਂ ਵਸਤਾਂ ਤੇ ਭਾਰੀ ਟੈਕਸ ਲੱਗਣ ਦੀ ਸੰਭਾਵਨਾ ਹੈ। ਮੁਸਲਮਾਨਾਂ ਦੀਆਂ ਸ਼ਾਦੀਆਂ ਬਾਰੇ ਸੋਧ ਬਿੱਲ ਵੀ ਏਸੇ ਸਮਾਗਮ ਵਿਚ ਪੇਸ਼ ਕੀਤਾ ਜਾਵੇਗਾ। ਇਸ ਬਿੱਲ ਵਿਰੁਧ ਮੁਸਲਮਾਨਾਂ ਦੀਆਂ ਵੱਖ ਵੱਖ ਜਥੇਬੰਦੀਆਂ ਜਿਹਨਾਂ ਵਿਚ ਕਾਂਗਰਸ ਪੱਖੀ ਮੁਸਲਮਾਨਾਂ ਦੀ ਜਥੇਬੰਦ ਜਮਾਈਅਤ ਇਲਮ ਵੀ ਸ਼ਾਮਲ ਹੈ, ਵੱਲੋਂ ਦੇਸ਼ ਭਰ ਵਿਚ ਅੰਦੋਲਨ ਸ਼ੁਰੂ ਕਰਨ ਦੀ ਧਮਕੀ ਦਿੱਤੀ ਜਾ ਰਹੀ ਹੈ। ਇਨ੍ਹਾਂ ਜਥੇਬੰਦੀਆਂ ਵੱਲੋਂ ਇਸ ਬਿਲ ਨੂੰ ਮੁਸਲਮਾਨਾਂ ਦੇ ਧਾਰਮਿਕ ਮਾਮਲਿਆਂ 'ਚ ਦਖਲ ਕਰਾਰ ਦਿੱਤਾ ਜਾ ਰਿਹਾ ਹੈ। ਸਰਦ ਪਵਾਰ ਦੀ ਕਾਂਗਰਸ (ਐਸ) ਦੇ ਮਹਾਂਰਾਸ਼ਟਰ ਦੇ ਅਸੰਬਲੀ ਮੈਂਬਰਾਂ ਨੂੰ ਕਾਂਗਰਸ (ਇੰ) ਵਿਚ ਸ਼ਾਂਮਲ ਕਰਨ ਲਈ ਦਲਬਦਲੀ ਵਿਰੋਧੀ ਬਿਲ ਵੀ ਇਸੇ ਸ਼ੈਸ਼ਨ ਵਿਚ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ।

★ ਅਸੀਂ ਉਡੇ ਹੀ ਤਾਕਤਵਰ ਹਾਂ, ਜੇਡੀ ਤਾਕਤਵਰ ਸਾਡੀ ਸਾਥੀ ਦੁਨੀਆਂ ਹੁੰਦੀ ਹੈ।

–ਗੁਰਬਖਸ਼ ਸਿੰਘ

ਸਿਆਸਤ ਕੀ ਹੈ

ਸੱਥ ਵਿਚ 10-12 ਬੁੜ੍ਹੇ ਆਪਸ ਵਿਚ ਬੈਠੇ ਬਹਿਸ ਕਰ ਰਹੇ ਸਨ ਕਿ ਸਿਆਸਤ ਫਲਾਣੀ ਚੀਜ਼ ਹੁੰਦੀ ਹੈ। ਦੂਜਾ ਕਹਿੰਦਾ ਨਹੀਂ ਢਿਮਕੀ ਹੁੰਦੀ ਹੈ। ਆਪੋ-ਆਪਣੇ ਵਿਚਾਰ ਪ੍ਰਗਟ ਕਰ ਰਹੇ ਸਨ। ਉਨ੍ਹਾਂ ਵਿਚੋਂ ਹੀ ਇਕ ਬੁੜ੍ਹਾ ਖੰਡੇ 'ਤੇ ਹੱਥ ਰੱਖ ਕੇ ਬੋਲਿਆ ਕਿ ਮੈਂ ਦੱਸਾਂ ਕਿ ਸਿਆਸਤ ਕੀ ਹੁੰਦੀ ਹੈ। ਸਿਆਸਤ ਹੁੰਦੀ ਹੈ, "ਹੇਰਾਫੇਰੀ" ਉਸ ਦਾ ਉਤਰ ਸੁਣ ਕੇ ਸਭ ਚੁੱਪ ਹੋ ਗਏ।

***



ਸਾਹਿਤ ਤੇ ਕਲਾ



ਕਹਾਣੀ
ਕੱਚੀਆਂ ਤੰਦਾਂ

ਜਸਪਾਲ ਸਿੰਘ ਸੂਸ

ਯੂਬਾ ਸਿਟੀ [U.S.A]

ਏਅਰ ਪੋਰਟ ਤੇ ਬਹੁਤ ਭੀੜ ਭੜੱਕਾ ਸੀ,ਮੋਢਿਆਂ ਨਾਲ ਮੋਢੇ ਮਾਰਦੀਆਂ ਸਵਾਰੀਆਂ ਇਧਰ ਉਧਰ ਬੜੀ ਤੇਜ਼ੀ ਨਾਲ ਘੁੰਮ ਰਹੀਆਂ ਸਨ ਏਅਰ ਪੋਰਟ ਤੇ ਜ਼ਿੰਦਗੀ ਵਿਚ ਕਈ ਵੱਡੇ ਵੱਡੇ ਦੇਖਣ ਵਿਚ ਨਜ਼ਰੀ ਆਏ ਪਰ ਇਹੋ ਜਿਹਾ ਏਅਰ ਪੋਰਟ ਦੁਨੀਆਂ ਭਰ ਵਿਚ ਕਿਤੇ ਵੀ ਦੇਖਣ ਨੂੰ ਨਹੀਂ ਮਿਲਿਆ,ਕਈ ਮੀਲਾਂ ਵਿਚ ਫੈਲਿਆ ਹੋਇਆ,ਜਿਧਰ ਨਿਗਾਹ ਘੁਮਾਓ ਰੰਨਵੇ ਹੀ ਰੰਨਵੇ,ਹਰ ਇਕ ਮਿੰਟ ਵਿਚ ਅਨੇਕਾਂ ਜ਼ਹਾਜ਼ ਚੜ੍ਹਦੇ ਅਤੇ ਉਤਰਦੇ ਦਿਖਾਈ ਦੇ ਰਹੇ ਸਨ। ਮੈਨੂੰ ਪਹਿਲਾਂ ਵੀ ਇਕ ਦੋਸਤ ਨੇ ਦੱਸਿਆ ਸੀ ਕਿ ਨਿਊਯਾਰਕ ਦਾ ਇੰਟਰਨੈਸ਼ਨਲ ਏਅਰ ਪੋਰਟ ਬਹੁਤ ਵੱਡਾ ਹੈ ਅਤੇ ਕਈ ਮੀਲਾਂ ਵਿਚ ਫੈਲਿਆ ਹੋਇਆ ਹੈ,ਪਰ ਆਪਣੀ ਨਿਗ੍ਹਾ ਨਾਲ ਤੱਕਿਆ ਤਾਂ ਐਡਾ ਏਅਰ ਪੋਰਟ ਦੇਖ ਕੇ ਮੇਰੀ ਹੈਰਾਨੀ ਦੀ ਹੱਦ ਨਾ ਰਹੀ।

ਜਿਸ ਜ਼ਹਾਜ਼ ਵਿਚ ਮੈਂ ਸਫਰ ਕਰਨਾ ਸੀ। ਉਸਦੇ ਤੁਰਨ ਦਾ ਸਮਾਂ ਹੋ ਗਿਆ ਸੀ। ਮੈਂ ਆਪਣੀ ਟਿਕਟ ਚੈਕ ਕਰਵਾਈ ਅਤੇ ਜ਼ਹਾਜ਼ ਤੇ ਸਵਾਰ ਹੋਣ ਲਈ ਇਕ ਲਾਈਨ ਵਿਚ ਜਾ ਖੜ੍ਹਾ ਹੋ ਗਿਆ। ਹੌਲੀ ਹੌਲੀ ਸਭ ਸਵਾਰੀਆਂ ਜ਼ਹਾਜ਼ ਵਿਚ ਦਾਖਲ ਹੋ ਰਹੀਆਂ ਸਨ। ਕੁਝ ਚਿਰ ਪਿਛੋਂ ਮੇਰੀ ਵਾਰੀ ਆਈ,ਜ਼ਹਾਜ਼ ਵਿਚ ਦਾਖਲ ਹੁੰਦੇ ਹੀ ਮੈਨੂੰ ਇਕ ਬਹੁਤ ਖੂਬਸੂਰਤ ਲੜਕੀ ਨੇ ਇਸ਼ਾਰਾ ਕਰਦੇ ਹੋਏ ਮੈਨੂੰ ਮੇਰੀ ਸੀਟ ਦਿਖਾਈ। ਸਭ ਸਵਾਰੀਆਂ ਜ਼ਹਾਜ਼ ਵਿਚ ਦਾਖਲ ਹੋ ਚੁੱਕੀਆਂ ਸਨ,ਦਰਵਾਜ਼ੇ ਬੰਦ ਹੋਣ ਉਪਰੰਤ ਇਹ ਉਡਣਖਟੋਲਾ ਕੁਝ ਮਿੰਟਾਂ ਸਕਿੰਟਾਂ ਵਿਚ ਹੀ ਅਸਮਾਨ ਵਿਚ ਡਾਰੋਂ ਵਿਛੜੀ ਕੂੰਜ ਵਾਂਗ ਉਡਣ ਲੱਗਾ। ਟਾਵੀਆਂ ਟਾਵੀਆਂ ਸੀਟਾਂ ਖਾਲੀ ਦਿਖਾਈ ਦੇ ਰਹੀਆਂ ਸਨ। ਮੈਂ ਜ਼ਹਾਜ਼ ਦੇ ਬਿਲਕੁਲ ਮੂਹਰੇ ਬੈਠਾ ਸਾਂ ਜੇ ਕੋਈ ਮੈਥੋਂ ਅਗਾਂਹ ਸੀ ਤਾਂ ਪਾਈਲਟ ਦਾ ਪਿੱਟ ਹੀ ਸੀ,ਮੇਰੇ ਨਾਲ ਦੀ ਸੀਟ ਵੀ ਵਿਹਲੀ ਹੀ ਸੀ,ਇਸ ਲਈ ਮੈਂ ਆਪਣੀਆਂ ਦੋ ਚਾਰ ਕਿਤਾਬਾਂ ਜੋ ਹੱਥ ਵਿਚ ਫੜੀਆਂ ਸਨ ਅਤੇ ਆਪਣਾ ਬਰੀਫਕੇਸ ਜੋ ਹੋਰ ਥਾਂ ਰੱਖਣ ਦੀ ਬਜਾਏ ਮੈਂ ਆਪਣੇ ਨਾਲ ਦੀ ਖਾਲੀ ਸੀਟ ਤੇ ਹੀ ਰੱਖ ਲਏ ਸਨ।

ਉਹ ਖੂਬਸੂਰਤ ਲੜਕੀ ਜਿਸਨੇ ਮੈਨੂੰ ਮੇਰੀ ਸੀਟ ਦਿਖਾਈ ਸੀ ਅਤੇ ਕੁਝ ਹੋਰ ਉਸਦੀਆਂ ਸਾਥਣਾਂ ਜੋ ਜ਼ਹਾਜ਼ ਵਿਚ ਕੰਮ ਕਰ ਰਹੀਆਂ ਸਨ,ਹੁਣ ਸਭ ਨੂੰ ਕੁਝ ਠੰਡਾ ਪੀਣ ਲਈ ਵਰਤਾਉਣ ਲੱਗੀਆਂ,ਮੇਰੀ ਵਾਰੀ । ਆਉਣ ਸਮੇਂ ਉਸ ਖੂਬਸੂਰਤ ਲੜਕੀ ਨੇ ਅਗਾਂਹ ਹੋ ਕੇ ਮੈਨੂੰ ਪੁੱਛਿਆ ਮੈਂ ਕੀ ਪੀਣਾ ਚਾਹੁੰਦਾ ਹਾਂ। ਕੋਕ,ਸੈਵਨਅੱਪ,ਜਾਂ ਕੋਈ ਕਿਸਮ ਦਾ ਫਰੂਟ ਜੂਸ,ਮੈਂ ਕੋਕ ਲਈ ਹਾਂ ਕਰ ਦਿੱਤੀ,ਕੋਕ ਦਾ ਗਿਲਾਸ ਮੇਰੇ ਹੱਥ ਫੜਾਕੇ ਉਹ ਚਲੀ ਗਈ। ਕੁਝ ਚਿਰ ਪਿਛੋਂ ਫਿਰ ਉਹ ਖਾਲੀ ਗਿਲਾਸ ਇਕੱਠੇ ਕਰਨ ਲਈ ਆਈ। ਮੈਥੋਂ ਗਿਲਾਸ ਫੜਦੇ ਸਾਰ ਉਸਨੇ ਪੁੱਛਿਆ,ਕਿ ਜੇ ਮੈਨੂੰ ਇਤਰਾਜ਼ ਨਾ ਹੋਵੇ ਤਾਂ ਉਹ ਮੇਰੇ ਨਾਲ ਦੀ ਖਾਲੀ ਸੀਟ ਦਾ ਇਸਤੇਮਾਲ ਕਰਨਾ ਚਾਹੁੰਦੀ ਹੈ। ਮੈਂ ਝੱਟ ਉਸਨੂੰ ਕਿਹਾ,"ਨਹੀਂ,ਮੈਨੂੰ ਕੋਈ ਇਤਰਾਜ਼ ਨਹੀਂ।"ਉਹ ਖਾਲੀ ਗਲਾਸ ਲੈ ਕੇ ਗਈ ਅਤੇ ਫਿਰ ਕੁਝ ਸਮੇਂ ਪਿਛੋਂ ਆਣਕੇ ਮੇਰੇ ਨਾਲ ਦੀ ਸੀਟ ਤੇ ਬੈਠ ਗਈ ਕੁਝ ਚਿਰ ਚੁੱਪ ਧਾਰਨ ਪਿਛੋਂ ਉਸਨੇ ਆਪਣਾ ਨਾਮ ਜੂਲੀ ਸਿੰਘ ਦੱਸਦੇ ਹੋਏ ਮੇਰੇ ਨਾਲ ਆਪਣੀ ਜਾਣ ਪਹਿਚਾਣ ਕਰਵਾਈ। ਜਦੋਂ ਮੈਂ ਉਸਨੂੰ ਆਪਣਾ ਨਾਮ ਦੱਸਿਆ ਤਾਂ ਇਕਦਮ ਉਸ ਮੈਨੂੰ ਸਵਾਲ ਕੀਤਾ।

"ਤੁਸੀਂ ਭਾਰਤ ਦੇ ਰਹਿਣ ਵਾਲੇ ਮਿਸਟਰ ਸਿੰਘ ?"



"ਜੀ ਹਾਂ",ਹੁਣ ਮੈਂ ਉਸ ਨੂੰ ਸਵਾਲ ਕਰਨਾ ਚਾਹੁੰਦਾ ਸਾਂ ਕਿ ਉਸ ਦਾ ਨਾਮ ਸਿੰਘ ਕਿਵੇਂ ਬਣ ਗਿਆ। ਉਸ ਨੇ ਫਿਰ ਬੋਲਣਾ ਸ਼ੁਰੂ ਕਰ ਦਿੱਤਾ।

"ਮੇਰਾ ਪਤੀ ਵੀ ਭਾਰਤ ਦਾ ਹੀ ਸੀ।"

ਮੇਰੇ ਸਵਾਲ ਦਾ ਉਤਰ ਸਵਾਲ ਕੀਤੇ ਬਗੈਰ ਹੀ ਮਿਲ ਗਿਆ ਸੀ।

"ਕੀ ਨਾਮ ਸੀ ਤੁਹਾਡੇ ਪਤੀ ਜੀ ਦਾ ?"

"ਬਲਬੀਰ ਸਿੰਘ। ਪਰ ਮੈਂ ਉਸ ਨੂੰ ਬਿੱਲ ਕਹਿ ਕੇ ਬੁਲਾਉਂਦੀ ਸਾਂ।"

"ਕਿਥੇ ਨੇ ਅੱਜ ਕੱਲ੍ਹ ਉਹ ?"

"ਕੁਝ ਪਤਾ ਨਹੀਂ ਦੋ ਸਾਲ ਪਹਿਲਾਂ ਉਹ ਭਾਰਤ ਗਿਆ ਅਤੇ ਮੁੜਕੇ ਨਹੀਂ ਪਰਤਿਆ ਜੋ ਪਤਾ ਦੇਕੇ ਗਿਆ ਸੀ। ਉਸ ਪਤੇ ਤੇ ਕਈ ਖੱਤ ਪਾਏ ਪਰ ਕੋਈ ਜਵਾਬ ਨਹੀਂ ਆਇਆ,ਹੁਣ ਕਈ ਵਾਰ ਜੀਅ ਕਰਦਾ ਕਿ ਭਾਰਤ ਜਾਵਾਂ ਤੇ ਉਸ ਨੂੰ ਲੱਭਾਂ ਪਰ ਮੈਨੂੰ ਭਾਰਤ ਬਾਰੇ ਕੁਝ ਨਹੀਂ ਪਤਾ ਕਿਥੇ ਕਿਥੇ ਲੱਭਾਂਗੀ ਉਸ ਨੂੰ।"

ਹੈਰਾਨੀ ਵਾਲੀ ਗੱਲ ਸੀ ਕਿ ਜਦੋਂ ਮੈਂ ਜੂਲੀ ਨੂੰ ਸਵਾਲ ਕੀਤਾ ਕਿ ਤੁਸੀਂ ਹੋਰ ਸ਼ਾਦੀ ਕਿਉਂ ਨਹੀਂ ਕਰ ਲੈਂਦੇ,ਤਾਂ ਉਸ ਨੇ ਥੋੜੀ ਜਿਹੀ ਨਰਾਜ਼ਗੀ ਭਰੇ ਚਿਹਰੇ ਚੋਂ ਕਿਹਾ,"ਮੈਂ ਬਿੱਲ ਨੂੰ ਬਹੁਤ ਪਿਆਰ ਕਰਦੀ ਹਾਂ ਉਸਦੇ ਦੋ ਸਾਲ ਨਜ਼ਰਾਂ ਤੋਂ ਦੂਰ ਰਹਿਣ ਤੇ ਵੀ ਮੈਂ ਉਸ ਨੂੰ ਦਿਲੋਂ ਨਹੀਂ ਕੱਢ ਸਕੀ। ਜੇ ਉਹ ਸਾਰੀ ਉਮਰ ਬੀਤਣ ਤਕ ਵੀ ਨਾ ਮੁੜੇ ਤਾਂ ਮੈਂ ਉਸਦਾ ਇੰਤਜ਼ਾਰ ਕਰਾਂਗੀ।"

ਮੈਂ ਤਾਂ ਉਂਜ ਹੀ ਕਿਹਾ ਸੀ ਕਿਉਂਕਿ ਅਮਰੀਕਾ ਵਿਚ ਤੀਵੀਆਂ ਜਾਂ ਮਰਦ ਛੱਡ ਛਡਾ ਆਮ ਕਰਦੇ ਹਨ। ਕਈ ਤਾਂ ਇਹੋ ਜਿਹੇ ਵੀ ਹਨ ਜੋ ਹਰ ਸਾਲ ਨਵੀਂ ਸ਼ਾਦੀ ਕਰਦੇ ਹਨ। ਪਰ ਜੂਲੀ ਦੇ ਖਿਆਲ ਸੁਣ ਕੇ ਇੰਜ ਜਾਪਿਆ ਜੂਲੀ ਉਨ੍ਹਾਂ ਵਿਚੋਂ ਨਹੀਂ ਸੀ ਉਸ ਦੀਆਂ ਗੱਲਾਂ ਤੋਂ ਸਪਸ਼ਟ ਪਤਾ ਲੱਗਦਾ ਸੀ ਕੀ ਜੂਲੀ ਇਕ ਹਿੰਦੁਸਤਾਨੀ ਔਰਤ ਵਾਂਗ ਵਫਾਦਾਰ ਔਰਤ ਸੀ,ਸਭ ਗੱਲਾਂ ਵਿੱਚ ਹੀ ਛੱਡ ਹੁਣ ਜੂਲੀ ਨੂੰ ਖਾਣਾ ਵਰਤਾਉਣ ਲਈ ਜਾਣਾ ਪਿਆ। ਮੇਰੇ ਦਿਮਾਗ ਵਿਚ ਤਰ੍ਹਾਂ ਤਰ੍ਹਾਂ ਦੇ ਖਿਆਲ ਘੁੰਮ ਰਹੇ ਸਨ,ਕਿਉਂ ਉਸਦਾ ਪਤੀ ਉਸ ਨੂੰ ਛੱਡ ਗਿਆ ਹੋਵੇਗਾ। ਸ਼ਾਇਦ ਉਹ ਕਿਸੇ ਮੁਸੀਬਤ ਵਿਚ ਫਸ ਗਿਆ ਹੋਵੇਗਾ। ਪਰ ਦੋ ਸਾਲ ਨਾ ਖਤ ਨਾ ਜੂਲੀ ਦੇ ਖਤ ਦਾ ਜਵਾਬ।

ਕਈ ਵਾਰ ਸਾਡੇ ਭਾਰਤੀ ਮੁੰਡੇ ਜਾਂ ਹੋਰ ਏਸ਼ੀਅਨ ਦੇਸ਼ਾਂ ਦੇ ਨੌਜਵਾਨ ਅਮਰੀਕਾ ਜਾਂ ਕਈ ਹੋਰ ਬਾਹਰਲੇ ਦੇਸ਼ਾਂ ਦੇ ਸ਼ਹਿਰੀ ਬਣਨ ਲਈ ਅਮਰੀਕਣ ਔਰਤਾਂ ਨਾਲ ਸ਼ਾਦੀ ਰਚਾਉਂਦੇ ਹਨ,ਜਦ ਸਭ ਵੀਜ਼ੇ ਵਗੈਰਾ ਲੱਗ ਜਾਂਦੇ ਹਨ ਤਾਂ ਚੁੱਪ ਚਾਪ ਕਿਧਰੇ ਖਿਸਕ ਜਾਂਦੇ ਹਨ। ਸ਼ਾਇਦ ਜੂਲੀ ਨਾਲ ਵੀ ਇੰਜ ਹੀ ਹੋਇਆ ਹੋਵੇਗਾ।

ਮੇਰੇ ਖਾਣੇ ਦੀ ਪਲੇਟ ਮੇਰੇ ਮੋਹਰੇ ਪਈ ਮੇਰਾ ਇੰਤਜ਼ਾਰ ਕਰ ਰਹੀ ਸੀ। ਖਾਣਾ ਖਾਣ ਪਿਛੋਂ ਪਹਿਲਾਂ ਦੀ ਤਰ੍ਹਾਂ ਫਿਰ ਜੂਲੀ ਸਭ ਬਰਤਨ ਇਕੱਠੇ ਕਰਨ ਆਈ।

ਮੈਨੂੰ ਵਿਚਾਰੀ ਜੂਲੀ ਤੇ ਤਰਸ ਜਿਹਾ ਆ ਗਿਆ ਸੀ,ਜਦ ਉਹ ਆਪਣਾ ਸਭ ਕੰਮ ਨਿਬੇੜ ਕੇ ਮੁੜ ਆ ਮੇਰੇ ਕੋਲ ਬੈਠੀ ਤਾਂ ਮੈਂ ਫਿਰ ਉਸ ਨੂੰ ਸਵਾਲ ਕਰਨੇ ਸ਼ੁਰੂ ਕਰ ਦਿੱਤੇ,ਉਸਨੇ ਸਭ ਵਿਸਥਾਰ ਨਾਲ ਦੱਸਿਆ ਕਿੰਝ ਉਹ ਤੇ ਬਲਬੀਰ ਮਿਲੇ,ਕਿੰਝ ਉਨ੍ਹਾਂ ਦੀ ਸ਼ਾਦੀ ਹੋਈ,ਕਿੰਝ ਉਹ ਭਾਰਤ ਗਿਆ,ਅਤੇ ਉਨ੍ਹਾਂ ਨੇ ਕੀ ਕੁਝ ਬਣਾਇਆ,ਕੀ ਕੁਝ ਹੋਰ ਇਕੱਠੇ ਰਹਿੰਦੇ ਹੋਏ ਕੀਤਾ।

ਮੈਂ ਜੂਲੀ ਦੀਆਂ ਗੱਲਾਂ ਤੋਂ ਅਨੁਮਾਨ ਲਾਇਆ ਕਿ ਬਲਬੀਰ ਨਾਮੀਂ ਆਦਮੀ ਕੋਈ ਬੋਗਸ ਹੋਵੇਗਾ ਆਪਣੇ ਵੀਜੇ ਲਵਾ ਕੇ ਭਾਰਤ ਤੇ ਪਿਛੋਂ ਜ਼ਰੂਰ ਪਰਤ ਕੇ ਅਮਰੀਕਾ ਆ ਗਿਆ ਹੋਵੇਗਾ ਅਤੇ ਕਿਸੇ ਹੋਰ ਰਿਆਸਤ ਵਿਚ ਨੌਕਰੀ ਕਰਨ ਲੱਗ ਗਿਆ ਹੋਵੇਗਾ ਅਤੇ ਹੋਰ ਰਿਆਸਤ ਵਿਚ ਰਹਿੰਦੇ ਹੋਏ ਜੂਲੀ ਨੂੰ ਤਲਾਕ ਕਰ ਦਿੱਤਾ ਹੋਵੇਗਾ! ਕਿਉਂਕਿ ਹੁਣ ਤਲਾਕ ਲਈ ਅਮਰੀਕਾ ਦੀਆਂ ਕਈ ਰਿਆਸਤਾਂ ਵਿੱਚ ਸਿਰਫ ਪਤੀ ਜਾਂ ਪਤਨੀ ਇਕ ਜਾਣੇ ਦੇ ਕਹਿਣ ਤੇ ਹੀ ਤਲਾਕ ਹੋ ਜਾਂਦਾ ਹੈ ਅਤੇ ਇਹ ਜ਼ਰੂਰੀ ਵੀ ਨਹੀਂ ਕੀ ਜੇ ਪਤੀ ਤਲਾਕ ਦੇਵੇ ਤਾਂ ਹੋਰ ਰਿਆਸਤ ਵਿਚ ਬੈਠੀ ਪਤਨੀ ਨੂੰ ਇਤਲਾਹ ਦਿੱਤੀ ਜਵੇ। ਕਈ ਵਾਰੀ ਜੇ ਜੋੜੇ ਕੋਲ ਕਾਫੀ ਪੈਸਾ,ਘਰ,ਕਾਰਾਂ,ਬੱਚੇ ਜਾਂ ਕੋਈ ਹੋਰ ਕੀਮਤੀ ਚੀਜ਼ ਹੋਵੇ ਤਾਂ ਜ਼ਰੂਰ ਸਭ ਕੁਝ ਵੰਡਣ ਲਈ ਜੱਜ ਦੇ ਮੋਹਰੇ ਦੋਹਾਂ ਨੂੰ ਹਾਜ਼ਰ ਹੋਣਾ ਪੈਂਦਾ ਹੈ,ਪਰ ਜੂਲੀ ਹੋਰਾਂ ਕੋਲ ਤਾਂ ਇਨ੍ਹਾਂ ਵਿਚੋਂ ਕੁਝ ਵੀ ਨਹੀਂ ਸੀ। ਨਿਊਯਾਰਕ ਵਿਚ ਵਿਆਹ ਸਮੇਂ ਇਕ ਕਿਰਾਏ ਤੇ ਫਲੈਟ ਸੀ,ਕਾਰ ਉਨ੍ਹਾਂ ਲਈ ਹੀ ਨਹੀਂ ਸੀ ਕਿਉਂਕਿ ਨਿਊਯਾਰਕ ਵਿਚ ਬੱਸਾਂ ਅਤੇ ਅੰਡਰਗਰਾਊਂਡ ਰੇਲਾਂ ਰਾਹੀਂ ਆਵਾਜਾਈ ਦੇ ਚੰਗੇ ਸਾਧਨ ਹਨ।

ਜਹਾਜ਼ ਅਸਮਾਨ ਵਿਚ ਉਡਾਰੀਆਂ ਲਾਉਂਦਾ ਹੁਣ ਸੈਕਰਾਮੈਂਟੋ ਵੈਲੀ ਵਿਚ ਘੁੰਮ ਰਿਹਾ ਸੀ। ਪਾਈਲਟ ਨੇ ਸਭ ਸਵਾਰੀਆਂ ਨੂੰ ਸੇਫਟੀ ਬੈਲਟ ਲਾਉਣ ਲਈ ਤਾਕੀਦ ਕੀਤੀ ਅਤੇ ਦੱਸਿਆ ਅਸੀਂ ਹੁਣ ਕੁਝ ਮਿੰਟਾਂ ਵਿਚ ਸੈਕਰਾਮੈਂਟੋ ਏਅਰਪੋਰਟ ਤੇ ਉਤਰਾਂਗੇ। ਜਹਾਜ਼ ਘੁੰਮਣ ਘੇਰੀਆਂ ਲਾਉਂਦਾ ਰੰਨਵੇਜ਼ ਤੇ ਉਤਰਿਆ,ਦਰਵਾਜ਼ੇ ਖੋਲ੍ਹਦਿੱਤੇ ਗਏ,ਸਭ ਸਵਾਰੀਆਂ ਉਤਰ ਗਈਆਂ। ਪਰ ਮੈਂ ਜੂਲੀ ਨੂੰ ਸਲਾਮ ਕਹਿਣ ਲਈ ਖੜ੍ਹਾ ਰਿਹਾ ਜੂਲੀ ਆਈ ਅਤੇ ਉਸ ਦੇ ਹੱਥ ਵਿਚ ਇਕ ਛੋਟਾ ਜਿਹਾ ਕਾਗਜ਼ ਸੀ ਜਿਸ ਤੇ ਉਸ ਨੇ ਆਪਣਾ ਪਤਾ ਤੇ ਫੂਨ ਨੰਬਰ ਲਿਖਿਆ ਹੋਇਆ ਸੀ। "ਮਿਸਟਰ ਸਿੰਘ,ਮੈਂ ਤੁਹਾਡੀ ਬਹੁਤ ਧੰਨਵਾਦੀ ਹਾਂ ਜੋ ਤੁਸਾਂ ਪਲ ਭਰ ਲਈ ਮੇਰੇ ਨਾਲ ਮੇਰੇ ਦੁੱਖ ਸਾਂਝੇ ਕੀਤੇ ਅਤੇ ਇਹ ਮੇਰਾ ਪਤਾ ਤੇ ਫੂਨ ਨੰਬਰ ਹੈ ਜੇ ਤੁਸਾਂ ਕਦੇ ਬਿੱਲ ਬਾਰੇ ਸੁਣਿਆ ਤਾਂ ਮੈਨੂੰ ਜ਼ਰੂਰ ਇਤਲਾਹ ਦੇਣਾ ਅਤੇ ਮੈਨੂੰ ਆਪਣਾ ਪਤਾ ਲਿਖਾ ਦੇਵੋ।"ਮੈਂ ਜੂਲੀ ਨੂੰ ਆਪਣਾ ਪਤਾ ਅਤੇ ਫੂਨ ਦਿੱਤਾ ਅਤੇ ਵਾਅਦਾ ਕੀਤਾ ਜੇ ਮੈਨੂੰ ਬਿੱਲ ਬਾਰੇ ਕੁਝ ਪਤਾ ਲੱਗਾ ਤਾਂ ਮੈਂ ਜ਼ਰੂਰ ਉਸ ਨਾਲ ਸੰਪਰਕ ਪੈਦਾ ਕਰਾਂਗਾ। ਗੁੱਡਬਾਏ ਕਹਿੰਦੇ ਹੋਏ ਮੈਂ ਜਹਾਜ਼ ਤੋਂ ਉਤਰ ਗਿਆ। ਏਅਰਪੋਰਟ ਤੇ ਸਭ ਨੂੰ ਕੋਈ ਨਾ ਕੋਈ ਲੈਣ ਵਾਲਾ ਆਇਆ ਹੋਇਆ ਸੀ ਪਰ ਮੈਂ ਆਪਣੇ ਸੁਭਾ ਮੁਤਾਬਿਕ ਕਿਸੇ ਨੂੰ ਨਹੀਂ ਸੱਦਿਆ ਸੀ। ਮੈਂ ਟੈਕਸੀ ਸਟੈਂਡ ਤੇ ਗਿਆ,ਟੈਕਸੀ ਕੀਤੀ ਤੇ ਘਰ ਨੂੰ ਚਲ ਪਿਆ। ਟੈਕਸੀ ਡਰਾਈਵਰ ਵੀ ਕੋਈ ਪੰਜਾਬੀ ਵੀਰ ਹੀ ਸੀ। ਉਸਨੇ ਮੈਨੂੰ ਪੰਜਾਬੀ ਵਿਚ ਪੁੱਛਿਆ,"ਕਿਥੇ ਜਾਣਾ ਹੈ,ਵੀਰ ਜੀ ?"

ਬਾਕੀ ਪੰਨਾ 22 'ਤੇ



ਸਿਪਾਹੀਆਂ ਨੂੰ ਮੁੱਕੇ ਸਹਿਣ ਦੀ ਟਰੇਨਿੰਗ ਦੇਣ। ਇਕ ਮੁੱਕੇ ਨਾਲ ਹੀ ਲੇਟ ਜਾਂਦੇ ਹਨ।

ਪੰਨਾ 21 ਦੀ ਬਾਕੀ

ਮੈਂ ਏਅਰਪੋਰਟ ਤੋਂ ਕੋਈ ਪੰਜਾਹ ਮੀਲ ਦੀ ਵਿਥ ਤੇ ਜਾਣਾ ਸੀ,ਮੈਂ ਉਸਨੂੰ ਪਤਾ ਠਿਕਾਣਾ ਦੱਸ ਦਿੱਤਾ।

"ਵੀਰ ਜੀ,ਮੈਂ ਵੀ ਯੂਬਾ ਸਿਟੀ ਹੀ ਰਹਿੰਦਾ ਹਾਂ!"

"ਅੱਛਾ! ਕਿਹੜੀ ਸਟਰੀਟ ਉੱਤੇ?"

"ਜੀ,ਗਾਰਡਨ ਹਾਈਵੇ ਉੱਤੇ।"

"ਕਦੋਂ ਕੁ ਤੋਂ ਯੂਬਾ ਸਿਟੀ ਵਿਚ ਰਹਿ ਰਹੇ ਹੋ?"

"ਜੀ,ਕੋਈ ਡੇਢ ਕੁ ਸਾਲ ਤੋਂ। ਪਹਿਲਾਂ ਨਿਊਯਾਰਕ ਆਇਆ ਸੀ। ਉਥੇ ਕੋਈ ਕੰਮ ਨਹੀਂ ਮਿਲਿਆ। ਥੋੜੇ ਚਿਰ ਪਿਛੋਂ ਭਾਰਤ ਆ ਗਿਆ ਤੇ ਭਾਰਤ ਤੋਂ ਆਕੇ ਡੇਢ ਸਾਲ ਪਹਿਲਾਂ ਇਕ ਦੋਸਤ ਕੋਲ ਯੂਬਾ ਸਿਟੀ ਆ ਡੇਰੇ ਗੱਡੇ।"

ਉਹ ਇਕੋ ਸਾਹੇ ਕਈ ਗੱਲਾਂ ਕਰ ਗਿਆ,ਉਸਦੀਆਂ ਗੱਲਾਂ ਸੁਣ ਕੇ ਮੇਰੀ ਨਿਗ੍ਹਾ ਵਿੱਚ ਉਹ ਬਲਬੀਰ ਲੱਗ ਰਿਹਾ ਸੀ।

"ਤੁਹਾਡਾ ਕੀ ਨਾਮ ਹੈ ਜੀ?" ਮੈਂ ਇਕਦਮ ਉਸਨੂੰ ਪੁੱਛਿਆ।

"ਮੇਰਾ ਨਾਂ ਬਹਾਦਰ ਹੈ।"

"ਅੱਛਾ ਬਹਾਦਰ ਸਿੰਘ,ਨਿਊਯਾਰਕ ਵਿੱਚ ਰਹਿੰਦਿਆਂ ਬਲਬੀਰ ਨਾਮੀਂ ਕਿਸੇ ਸਖਸ਼ ਨੂੰ ਜਾਣਦੇ ਹੋਵੋਗੇ?"

"ਜੀ ਨਹੀਂ,ਵੀਰ ਜੀ ਨਿਊਯਾਰਕ ਕਿਹੜਾ ਕੋਈ ਪਿੰਡ ਏ,ਉਥੇ ਹਜ਼ਾਰਾਂ ਹਿੰਦੁਸਤਾਨੀ ਹਨ। ਕਿਉਂ ਵੀਰ ਜੀ ਤੁਹਾਡਾ ਕੋਈ ਰਿਸ਼ਤੇਦਾਰ ਏ?"

"ਨਹੀਂ।"

ਨਹੀਂ ਦੇ ਨਾਲ ਹੀ ਮੈਂ ਜੂਲੀ ਦੀ ਸਾਰੀ ਕਹਾਣੀ ਸੁਣਾਈ,ਜੂਲੀ ਦੀ ਕਹਾਣੀ ਸੁਣਦੇ ਹੀ ਬਹਾਦਰ ਨੇ ਦੱਸਣਾ ਸ਼ੁਰੂ ਕਰ ਦਿੱਤਾ,"ਵੀਰ ਜੀ,ਮੈਂ ਇਸ ਬਲਬੀਰ ਅਤੇ ਜੂਲੀ ਬਾਰੇ ਸੁਣਦਾ ਹਾਂ। ਵੀਰ ਜੀ,ਬਲਬੀਰ ਅੱਜ-ਕੱਲ੍ਹ ਭਾਰਤ ਵਿਚ ਖੇਤੀਬਾੜੀ ਕਰਦਾ ਹੈ,ਅਮੀਰ ਬਾਪ ਦਾ ਪੁੱਤਰ ਹੈ,ਸੱਤਰ ਏਕੜ ਜ਼ਮੀਨ,ਤਿੰਨ ਟਰੈਕਟਰ ਕੋਈ ਅੱਠ ਦਸ ਨੌਕਰ ਨੇ ਉਨ੍ਹਾਂ ਦੇ। ਅਮਰੀਕਾ ਤਾਂ ਉਹ ਸੈਰ ਕਰਨ ਆਇਆ ਸੀ। ਨਿਊਯਾਰਕ ਵਿਚ ਜੂਲੀ ਨਾਲ ਜਾਣ-ਪਹਿਚਾਣ ਅਤੇ ਕਾਹਲੀ ਵਿੱਚ ਸ਼ਾਦੀ ਕਰ ਬੈਠਾ,ਜਦੋਂ ਕੰਮ ਕਰਨਾ ਪਿਆ ਘਰ ਦੇ ਖਰਚ ਤੋਰਨ ਲਈ ਤਾਂ ਉਹ ਕੰਮ ਨਹੀਂ ਕਰਨਾ ਚਾਹੁੰਦਾ ਸੀ। ਕਿੱਥੇ ਨੌਕਰਾਂ ਤੋਂ ਕੰਮ ਕਰਾਉਣਾ ਅਤੇ ਕਿੱਥੇ ਆਪ ਨੌਕਰ। ਉਸ ਨੂੰ ਇਹ ਬਿਲਕੁਲ ਪਸੰਦ ਨਹੀਂ ਸੀ। ਕੁਝ ਸਮਾਂ ਜੂਲੀ ਨਾਲ ਬਿਤਾਉਣ ਬਾਅਦ ਦੋ ਤਿੰਨ ਮਹੀਨੇ ਦਾ ਜੂਲੀ ਨਾਲ ਵਾਅਦਾ ਕਰਕੇ ਭਾਰਤ ਜਾ ਵੜਿਆ ਅਤੇ ਮੁੜ ਨਾ ਪਰਤਿਆ। ਪਰ ਤੁਹਾਨੂੰ ਉਸ ਬਾਰੇ ਕਿਵੇਂ ਪਤਾ?"

"ਮੈਨੂੰ ਜੂਲੀ ਮਿਲੀ ਸੀ।"

"ਵੀਰ ਜੀ,ਬਲਬੀਰ ਨੇ ਹੁਣ ਇਥੇ ਨਹੀਂ ਆਉਣਾ,"ਉਹ ਤਾਂ ਜਾਣ ਸਮੇਂ ਜੂਲੀ ਨੂੰ ਪਤਾ ਵੀ ਆਪਣਾ ਕਿਤੇ ਗਲਤ ਥਾਂ ਦਾ ਦੇ ਗਿਆ।"

ਮੇਰਾ ਘਰ ਆ ਗਿਆ ਸੀ। ਬਹਾਦਰ ਨੇ ਕਾਰ ਰੋਕੀ,ਬਹਾਦਰ ਦਾ ਬਿਲ ਚੁਕਾਉਂਦੇ ਹੋਏ ਮੈਂ ਉਸਨੂੰ ਫਿਰ ਕਿਸੇ ਦਿਨ ਮਿਲਣ ਦਾ ਵਾਅਦਾ ਕੀਤਾ

ਘਰ ਵੜਦੇ ਹੀ ਮੈਂ ਆਪਣੇ ਲਾਇਬਰੇਰੀ ਰੂਮ ਵਿਚੋਂ ਲੈਟਰਹਿਡ ਪੈਡ ਚੁੱਕਿਆ ਅਤੇ ਜੂਲੀ ਨੂੰ ਉਸੇ ਸਮੇਂ ਖੱਤ ਲਿਖਣਾ ਸ਼ੁਰੂ ਕੀਤਾ। ਮੈਂ ਚਾਹੁੰਦਾ ਸਾਂ ਕਿ ਉਸਨੂੰ ਛੇਤੀ ਤੋਂ ਛੇਤੀ ਪਤਾ ਦੇ ਦੇਵਾਂ। ਉਹ ਜੋ ਆਸ ਰੱਖੀ ਬੈਠੀ ਹੈ। ਉਸਨੂੰ ਛੱਡ ਦੇਵੇ ਅਤੇ ਆਪਣੀ ਜ਼ਿੰਦਗੀ ਨੂੰ ਨਵੇਂ ਸਿਰਿਉਂ ਸ਼ੁਰੂ ਕਰ ਲਵੇ। ਲਿਖਦੇ ਹੋਏ ਮੇਰੇ ਹੱਥ ਕੰਬ ਰਹੇ ਸਨ ਮੈਂ ਕਿਸੇ ਦੀ ਆਸ ਦਾ ਚਿਰਾਗ ਬੁਝਾਉਣ ਜਾ ਰਿਹਾ ਸਾਂ। ਬੜਾ ਔਖਾ ਹੋ ਕੇ ਮੈਂ ਸਭ ਕੁਝ ਲਿਖ ਹੀ ਦਿੱਤਾ ਅਤੇ ਉਸੇ ਵੇਲੇ ਜਾਕੇ ਖੱਤ ਡਾਕ ਵਿੱਚ ਪਾ ਦਿੱਤਾ। ਕਿਵੇਂ ਇੱਕ ਮਾਸੂਮ ਜਿੰਦ ਜੂਲੀ ਝੂਠੇ ਪਿਆਰ ਦੀਆਂ ਕੱਚੀਆਂ ਤੰਦਾਂ ਦਾ ਸ਼ਿਕਾਰ ਹੋ ਚੁੱਕੀ ਸੀ।

ਰੁਬਾਈ

ਬੇ-ਕਰਾਰਾਂ ਨੂੰ ਨੀਂਦ ਨਹੀਂ ਆਈ।
ਇੰਤਜ਼ਾਰਾਂ ਨੂੰ ਨੀਂਦ ਨਹੀਂ ਆਈ।
ਬੜੇ ਬਿਖੜੇ ਨੇ ਹੁਸਨ ਦੇ ਪੈਂਡੇ ਵੀ,
ਸ਼ਾਹ-ਸਵਾਰਾਂ ਨੂੰ ਨੀਂਦ ਨਹੀਂ ਆਈ।

ਪੁੰਗਰਦੀਆਂ ਕਲਮਾਂ

ਤਾਂਘ

ਜਗਦੀਸ਼ ਡਾਬਲਾ ਕਲੋਨਾ

ਮੇਰੇ ਮਾਹੀ ਤੈਨੂੰ ਕਿਵੇਂ ਮੈਂ ਭੁੱਲ ਜਾਵਾਂ,
ਕਿਉਂਕਿ ਮੇਰੀਆਂ ਤੇਰੀਆਂ ਗੱਲਾਂ ਸਾਂਝੀਆਂ ਨੇ।
ਇਸ਼ਕ ਪਿਆਰ ਨੂੰ ਪਾਉਣ ਲਈ ਰਾਂਝੇ,
ਮੰਗੂ ਬਣ ਕਈ ਸਾਲ ਮੱਝਾਂ ਹੀਰ ਦੀਆਂ ਚਾਰੀਆਂ ਨੇ।
ਤੂੰ ਆਖਦਾ ਸਦਾ ਲਈ ਭੁੱਲ ਜਾ ਅੜੀਏ,
ਤੈਨੂੰ ਭੁੱਲਣ ਵਿਚ ਮੁਸ਼ਕਲਾਂ ਹੁਣ ਬਾਹਲੀਆਂ ਨੇ।
ਬਣੇਗਾ ਯਾਰੀ ਦਾ ਸਾਡਾ ਹੁਣ ਕੀ ਯਾਰਾ,
ਯਾਰੀ ਪਾਲਣ ਦੀਆਂ ਕਸਮਾਂ ਪਰ ਅਸੀਂ ਖਾ ਲਈਆਂ ਨੇ।
"ਡਾਬਲਾ" ਆਖਦਾ ਉਸ ਯਾਰ ਦੀ ਕਰੋ ਪੂਜਾ,
ਯਾਰੀ ਲਾ ਕੇ ਇਸ਼ਕ ਦੀਆਂ ਲੱਜਾਂ ਪਾਲੀਆਂ ਨੇ।

ਚਲਾ ਗਿਓਂ ?

ਪਿਆਰ ਤੂੰ ਸੈਂ,ਸੁਹਣਿਆ,
ਮੇਰੀ ਜ਼ਿੰਦਗੀ ਦਾ ਹਿੱਸਾ।
ਤੂੰਹੀਓ ਸਮਝਾਇਆ ਸੀ 'ਪਿਆਰ',
ਤੇ ਮੈਨੂੰ ਜ਼ਿੰਦਗੀ ਦਿੱਤੀ।
ਤੂੰ ਚਲਾ ਗਿਓਂ,
'ਜ਼ਿੰਦਗੀ ਦਾ ਹਿੱਸਾ',
ਜੋ "ਪਿਆਰ" ਸੀ ਤੇਰਾ,
ਉਹ ਤੂਹੀਓਂ ਹੀ ਤਾਂ ਸੀ!
ਚਲਾ ਗਿਓਂ ?
ਕੀ ਕਰਾਂਗੀ ਜਾਕੇ,
ਕੁਝ ਦੱਸ ਤੇ ਜਾਂਦੋਂ।

ਚਰਨਜੀਤ ਸਿੰਘ ਸੰਧੂ
ਕਲੋਨਾ (ਬੀ.ਸੀ.)

ਇਕ 'ਐਡੀਸ਼ਨਲ ਜੱਜ' ਦੀ ਅਦਾਲਤ ਵਿਚ ਮੁਕੱਦਮਾ ਚਲ ਰਿਹਾ ਸੀ। ਪ੍ਰਸ਼ਨ-ਉਤਰ ਸਮੇਂ ਇਕ ਗਵਾਹ ਨੇ ਦਸਿਆ ਕਿ ਉਸ ਕੋਲ ਤਿੰਨ ਬੈਲ ਹਨ।

ਵਕੀਲ ਨੇ ਉਸ ਨੂੰ ਟੋਕਦੇ ਹੋਏ ਪੁਛਿਆ: 'ਤੁਸੀਂ ਜਿਹੜਾ ਇਕ ਵਾਧੂ ਬੈਲ ਰੱਖਿਆ ਹੈ-ਉਹ ਕਿਸ ਲਈ ਹੈ?'

ਗਵਾਹ ਨੇ ਗੰਭੀਰਤਾ ਨਾਲ ਉਤਰ ਦਿੱਤਾ: 'ਉਹ ਬੈਲ 'ਐਡੀਸ਼ਨਲ' ਹੈ ਹਜ਼ੂਰ।'

■ ■ ■

ਜੱਜ: 'ਕੀ ਇਹ ਚੋਰੀ ਤੁਸੀਂ ਇਕੱਲੇ ਹੀ ਕੀਤੀ?'

ਚੋਰ: 'ਜੀ ਹਾਂ ਹਜ਼ੂਰ। ਅਜਿਹੇ ਧੰਦੇ ਵਿਚ ਭਾਈਵਾਲ ਮਿਲਣਾ ਬੜਾ ਮੁਸ਼ਕਲ ਹੈ। ਕਿਸੇ ਤੇ ਵੀ ਪੂਰੀ ਤਰ੍ਹਾਂ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ।

■ ■ ■


ਜੱਜ ਨੇ ਗਵਾਹ ਨੂੰ ਪੁੱਛਿਆ: 'ਜਦ ਤੁਹਾਡੇ ਸਾਹਮਣੇ ਅਪਰਾਧੀ ਨੇ ਗੁਰਦਾਸ ਚੰਦ ਨੂੰ ਕੁਟਿਆ ਤਾਂ ਤੁਸੀਂ ਉਸ ਨੂੰ ਬਚਾਉਣ ਦਾ ਜਤਨ ਕਿਉਂ ਨਾ ਕੀਤਾ?'

ਗਵਾਹ ਬੋਲਿਆ: 'ਜੀ ਮੈਨੂੰ ਕੀ ਪਤਾ ਸੀ ਕਿ ਅਦਾਲਤ ਵਿਚ ਕਿਸ ਨੂੰ ਅਪਰਾਧੀ ਬਣਾਇਆ ਜਾਵੇਗਾ।

ਗ਼ਜ਼ਲ

—ਡਾ: ਜਗਤਾਰ

ਉਮਰ ਭਰ ਮੈਂ ਜਿਸ ਲਈ ਦਹਿਲੀਜ਼ ਹਾਂ ਬਣਿਆ ਰਿਹਾ।
ਉਹ ਨਾ ਜਾਣੇ, ਜਾ ਕੇ ਕਿਸ ਘਰ ਦਾ ਹੈ ਜੰਦਰਾ ਬਣ ਗਿਆ।
ਉਹ ਹੁਣੇ ਆਵਾਜ਼ ਦੇਵੇਗਾ ਕਹੇਗਾ, ਪਰਤ ਆ,
ਇਕ ਭਰਮ ਸੀ ਹਰ ਕਦਮ ਰਸਤੇ 'ਚ ਮੈਂ ਜੋ ਪਾਲਿਆ।
ਬਿਰਛ ਉਹ ਕਿੰਨਾ ਕੁ ਫੈਲੇ ਤੇ ਫੁਲੇਗਾ ਦੋਸਤੋ,
ਤੋੜਕੇ ਧਰਤੀ ਦਾ ਰਿਸ਼ਤਾ, ਕੰਧ ਵਿਚ ਜੋ ਉੱਗਿਆ।
ਖੁਸ਼ਕ ਦਰਿਆ, ਰਾਖ ਬਸਤੀ, ਤਿੜਕਿਆ ਸ਼ੀਸ਼ਾ, ਚਰਾਗ਼,
ਸ਼ਾਮ ਦੇ ਰੰਗਾਂ 'ਚ ਕੀ ਕੀ ਰੰਗ ਹੈ ਮੈਂ ਵੇਖਿਆ।
ਰਾਖ ਹੋਏ ਬਿਰਛ ਨੂੰ ਉਡਦਾ ਹਵਾ ਵਿਚ ਵੇਖਕੇ,
ਮਘ ਰਹੇ ਸੂਰਜ ਦਾ ਚਿਹਰਾ ਜ਼ਰਦ ਹੈ ਕਿਉਂ ਪੈ ਗਿਆ।
ਉਮਰ ਇਕ ਦਮ ਪਰਤਕੇ ਪਹਿਲੇ ਪੜਾ ਤੇ ਆ ਗਈ,
ਕਿਸ ਤਿਰੇ ਅੰਦਾਜ਼ ਵਿਚ ਅਜ ਨਾਮ ਮੇਰਾ ਹੈ ਲਿਆ।
ਭਾਲਦੇ ਨੇ ਲੋਕ ਅਜ ਤਕ ਉਸ ਦੀ ਅੰਤਮ ਚੀਕ ਨੂੰ,
ਦੇਰ ਹੋਈ ਹਸਦਾ ਹਸਦਾ ਸ਼ਖਸ਼ ਸੀ ਜੋ ਡੁਬ ਗਿਆ।
ਲਿਖ ਲਿਆ ਤੂੰ ਨਾਮ ਮੇਰਾ, ਦੋਸਤਾ ਖੰਜਰ 'ਤੇ ਜੇ,
ਮੈਂ ਵੀ ਤੇਰਾ ਨਾਮ ਅਜ ਤੋਂ ਅਪਣੇ ਦਿਲ ਤੇ ਲਿਖ ਲਿਆ।



—ਮੁਰਸ਼ਦ ਬੁਟੱਰਵੀ

ਰਕਸ ਰੁਕਿਆ ਦਿਖਾਈ ਦਿੰਦਾ ਹੈ,
ਸਾਉਣ ਸੜਦਾ ਦਿਖਾਈ ਦਿੰਦਾ ਹੈ।

ਗੁਲਮਰਗ ਤੋਂ ਕੁਮਾਰੀ ਕਨਿਆ ਤੱਕ,
ਹਸ਼ਰ ਬਰਪਾ ਦਿਖਾਈ ਦਿੰਦਾ ਹੈ।

ਹੈ ਸ਼ਰਾਰਤ ਕੋਈ ਮਲਾਹਾ ਦੀ,
ਬੇੜਾ ਡੁਬਦਾ ਦਿਖਾਈ ਦਿੰਦਾ ਹੈ।

ਮੈਨੂੰ ਦੀਵਾਰ ਦਿਸ ਰਹੀ ਹੈ ਇਹ!
ਤੈਨੂੰ ਬੂਹਾ ਦਿਖਾਈ ਦਿੰਦਾ ਹੈ।

ਮੇਰੇ ਦਿਲ ਵਿਚ ਕੋਈ ਤਿਰੇ ਵਰਗਾ,
ਮੈਨੂੰ ਲੱਭਦਾ ਦਿਖਾਈ ਦਿੰਦਾ ਹੈ।

ਦੇਖ ਕੇ ਮੈਨੂੰ ਉਸ ਸਿਤਮਗਰ ਦਾ,
ਦਿਲ ਬਦਲਦਾ ਦਿਖਾਈ ਦਿੰਦਾ ਹੈ।

ਅੱਲਾ ਅੱਲਾ ਰੇ ਤੇਰਾ ਦੀਵਾਨਾ,
ਡਰਿਆ ਡਰਿਆ ਦਿਖਾਈ ਦਿੰਦਾ ਹੈ।

ਹੁਣ ਵਿਛੋੜਾ ਵੀ ਉਸ ਦਾ ਐ ਮੁਰਸ਼ਦ,
ਵਸਲ ਵਰਗਾ ਦਿਖਾਈ ਦਿੰਦਾ ਹੈ।



—ਡੀ. ਆਰ. ਧਵਨ

ਮਜ਼ਹਬ ਦੇ ਘੇਰਿਆਂ 'ਚੋਂ ਨਿਕਲੋ ਤੇ ਫੇਰ ਵੇਖੋ।
ਕਿੰਨਾ ਆਨੰਦ ਦੇਵੇ ਸੂਹੀ ਸਵੇਰ ਵੇਖੋ।

ਇਸ ਦਿਲ ਨੂੰ ਪਿਆਰ ਵਾਲੀ ਵੇਖੋ ਖੁਰਾਕ ਦੇ ਕੇ;
ਹੁੰਦੇ ਨੇ ਕਿਸ ਤਰ੍ਹਾਂ ਫਿਰ ਜਜ਼ਬੇ ਦਲੇਰ ਵੇਖੋ।

ਉਪਦੇਸ਼ ਦੇਣ ਦੀ ਥਾਂ ਕੁਝ ਅਮਲ ਵੀ ਕਰੋ ਤਾਂ;
ਫਿਰ ਏਕਤਾ ਦਾ ਚਾਨਣ ਹੁੰਦਾ ਚੁਫੇਰ ਵੇਖੋ।

ਸੱਚ ਦੇ ਚਿਰਾਗ ਲੈ ਕੇ ਇਕ ਇਕ ਦਿਸ਼ਾ 'ਚ ਜਾਓ;
ਨੱਸਦਾ ਹੈ ਕਿਸ ਤਰ੍ਹਾਂ ਫਿਰ ਝੂਠਾ ਹਨੇਰ ਵੇਖੋ।

ਜਾਣੇ ਦੀ ਕਾਲ੍ਹ ਸੀ ਤਾਂ ਆਉਣਾ ਸੀ ਕੀ ਜ਼ਰੂਰੀ;
ਅੱਲ੍ਹੇ ਨੇ ਜਖਮ ਹਾਲੇ ਮੁੜ ਮੁੜ ਨਾ ਫੇਰ ਵੇਖੋ।

ਕੰਡਿਆਂ ਤੇ ਹੀ 'ਧਵਨ' ਦੀ ਹਾਲੇ ਤਾਂ ਰਾਤ ਬੀਤੇ;
ਫੁੱਲਾਂ ਭਰੀ ਵੀ ਆਊ ਕੋਈ ਸਵੇਰ ਵੇਖੋ।

—ਉਲਫ਼ਤ ਬਾਜਵਾ

ਨਾ ਤੈਨੂੰ ਦਰਦ ਆਇਆ ਹੈ ਨਾ ਤੈਨੂੰ ਦਰਦ ਆਏਗਾ।
ਪਈ ਜਦ ਮਾਰ ਲੋਕਾਂ ਨੂੰ ਤਾਂ ਕੋਈ ਮਰਦ ਆਏਗਾ।
ਖੁਦਾ ਬੇਰਹਿਮ ਹੈ ਜਦ ਕਿ; ਜਦੋਂ ਬੇਦਰਦ ਹੈ ਹਾਕਿਮ,
ਭਲੇ ਲੋਕੋ ਨਾ ਸੋਚੋ ਕਿ ਕੋਈ ਹਮਦਰਦ ਆਏਗਾ।
ਕਿਸੇ ਦੇ ਪਿਆਰ ਵਿਚ ਨਿਘ ਹੈ ਨਾ ਹੁਣ ਉਹ ਗਰਮ ਜੋਸ਼ੀ ਹੈ,
ਪਤਾ ਕਿਸ ਨੂੰ ਸੀ ਕਿ ਮੌਸਮ ਵੀ ਏਨਾ ਸਰਦ ਆਏਗਾ।
ਕਰੋ ਨਾ ਆਸ ਰਹਿਮਤ ਦੀ ਇਨ੍ਹਾਂ ਬੇਦਿਲ ਮਜੋਰਾਂ ਤੋਂ,
ਕਿਸੇ ਬੰਦੇ ਨੂੰ ਹੀ ਬੰਦਿਓ ਤੁਹਾਡਾ ਦਰਦ ਆਏਗਾ।
ਕਦੇ ਹੰਝੂਆਂ ਦੀ ਬਾਰਿਸ਼ ਨਾਲ ਆਇਆ ਹੈ ਨਾ ਆਏਗਾ,
ਜਦੋਂ ਵੀ ਇਨਕਲਾਬ ਆਇਆ ਉਡਾਉਂਦਾ ਗਰਦ ਆਏਗਾ।
ਹਟਾਈਏ ਹੁਕਮਰਾਂ ਕਿਹੜਾ ਲਿਆਈਏ ਹੁਕਮਰਾਂ ਕਿਹੜਾ,
ਜੇ ਇਕ ਬੇਦਰਦ ਜਾਏਗਾ ਤਾਂ ਇਕ ਬੇਦਰਦ ਆਏਗਾ।
ਜ਼ਮੀਰ ਇਸ ਦੌਰ ਦੀ ਮੁਰਦਾ ਜੋ ਦੇਖੀ ਹੈ, ਨਹੀਂ ਭੁਲਣੀ,
ਨਜ਼ਰ ਦੇ ਸਾਹਮਣੇ ਮੁੜ ਮੁੜ ਕੇ ਚਿਹਰਾ ਜ਼ਰਦ ਆਏਗਾ।
ਲਹੂ ਬੇਦੋਸ਼ਿਆਂ ਦਾ ਜਦ ਵੀ ਡੁੱਲ੍ਹੇਗਾ, ਇਹ ਤੜਪਣਗੇ,
ਜੋ ਸ਼ਾਇਰ ਹੋਣਗੇ 'ਉਲਫ਼ਤ' ਉਨ੍ਹਾਂ ਨੂੰ ਦਰਦ ਆਏਗਾ।

ਕੈਨੇਡਾ ਦੀ ਪੰਜਾਬੀ ਕਵਿਤਾ

ਰਛਪਾਲ ਸਿੰਘ ਰਾਮੂੰਵਾਲੀਆ, ਟਰਾਂਟੋ

ਮਹਾਨ ਵਿਦਵਾਨਾਂ ਅਤੇ ਸਾਹਿਤ ਸ਼ਾਸਤਰੀਆਂ ਦੇ ਬਿਆਨ ਅਨੁਸਾਰ ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਇਸ ਵਿਚਾਰ ਵਿਚ ਇਹ ਧਾਰਨਾ ਬਣਦੀ ਹੈ ਕਿ ਸਾਹਿਤ ਆਲੇ ਦੁਆਲੇ ਤੋਂ ਪ੍ਰਭਾਵਿਤ ਹੁੰਦਾ ਹੈ। ਸਾਹਿਤ ਦੇ ਵੱਖਰੇ ਵੱਖਰੇ ਰੂਪਾਂ ਵਿਚੋਂ ਕਵਿਤਾ ਇਕ ਅਜਿਹਾ ਰੂਪ ਹੈ ਜੋ ਆਲੇ ਦੁਆਲੇ ਦੀਆਂ ਘਟਨਾਵਾਂ ਅਤੇ ਸਮਾਜਿਕ,ਆਰਥਿਕ ਤੇ ਰਾਜਨੀਤਕ ਹਾਲਤਾਂ ਤੋਂ ਫੌਰਨ ਅਤੇ ਬਹੁਤ ਜ਼ਿਆਦਾ ਪ੍ਰਭਾਵਿਤ ਹੁੰਦਾ ਹੈ। ਇਹ ਧਾਰਨਾ ਕੈਨੇਡਾ ਦੀ ਪੰਜਾਬੀ ਕਵਿਤਾ ਉਪਰ ਵੀ ਢੁਕਦੀ ਹੈ। ਪੰਜਾਬੀ ਲੋਕ ਕੈਨੇਡਾ ਵਿਚ ਨੱਬੇ ਕੁ ਵਰ੍ਹੇ ਪਹਿਲਾਂ ਆਉਣੇ ਸ਼ੁਰੂ ਹੋਏ। ਕੁਦਰਤੀ ਤੌਰ ਉਤੇ,ਉਦੋਂ ਤੋਂ ਹੀ ਕੈਨੇਡਾ ਵਿਚ ਪੰਜਾਬੀ ਕਵਿਤਾ ਵੀ ਪਲਮਣੀ ਸ਼ੁਰੂ ਹੋਈ। ਉਦੋਂ ਤੋਂ ਹੁਣ ਤੀਕਰ,ਵੱਖੋ ਵੱਖਰੇ ਪ੍ਰਭਾਵਾਂ ਕਾਰਨ ਅਤੇ ਸ਼ਾਇਰਾਂ ਦੇ ਵੱਖੋ ਵੱਖਰੇ ਦ੍ਰਿਸ਼ਟੀਕੋਣਾਂ ਕਾਰਨ,ਕੈਨੇਡਾ ਦੀ ਪੰਜਾਬੀ ਸ਼ਾਇਰੀ ਵਿਚ ਕਈ ਕਿਸਮ ਦੇ ਰੰਗ ਦ੍ਰਿਸ਼ਟੀਮਾਨ ਹੁੰਦੇ ਹਨ।

ਹੋ ਸਕਦਾ ਹੈ ਕਿ ਓਪਰੇ ਚੌਗਿਰਦੇ,ਗੈਰ ਦੋਸਤਾਨਾ ਮਾਹੌਲ,ਆਰਥਿਕ ਤੰਗੀ ਅਤੇ ਨਸਲੀ ਵਿਤਕਰੇ ਕਾਰਨ,ਸ਼ੁਰੂ ਸ਼ੁਰੂ ਵਿਚ ਵੀ,ਆਪਣੇ ਵਤਨ ਦੀ ਯਾਦ ਅਤੇ ਆਪਣੇ ਸਨੇਹੀਆਂ ਤੋਂ ਵਿਛੋੜੇ ਵਿਚ ਰੋਮਾਂਟਿਕ ਕਿਸਮ ਦੀ ਕਵਿਤਾ ਨੇ ਜਨਮ ਲਿਆ ਹੋਵੇ,ਪਰ ਅਜਿਹੀ ਸ਼ਾਇਰੀ ਦਾ ਲਿਖਤੀ ਜਾਂ ਛਾਪੇ ਦੇ ਰੂਪ ਵਿਚ,ਕੋਈ ਪ੍ਰਮਾਣਿਕ ਹਵਾਲਾ ਅਜੇ ਤੀਕ ਨਜ਼ਰ ਨਹੀਂ ਆਇਆ। ਕੈਨੇਡੀਅਨ ਪੰਜਾਬੀ ਕਵਿਤਾ ਦੇ ਪ੍ਰਸੰਗ ਵਿਚ ਪਹਿਲੀ ਪ੍ਰਭਾਵਸ਼ਾਲੀ ਕਾਵਿਕ ਲਹਿਰ ਗਦਰ ਲਹਿਰ ਦੇ ਆਲੇ ਦੁਆਲੇ ਉਸਰਨੀ ਸ਼ੁਰੂ ਹੁੰਦੀ ਹੈ। ਗਦਰ ਲਹਿਰ ਦੀ ਕਵਿਤਾ ਐਲਾਨੀਆਂ ਤੌਰ ਉਤੇ ਰਾਜਨੀਤਕ ਕਵਿਤਾ ਸੀ। ਇਸ ਕਵਿਤਾ ਦਾ ਮੁੱਖ ਮਨੋਰਥ ਆਮ ਲੋਕਾਂ ਅੰਦਰ ਭਾਰਤ ਦੀ ਗੁਲਾਮੀ ਦਾ ਅਹਿਸਾਸ ਜਗਾਉਣਾ ਸੀ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਕੈਨੇਡਾ ਅਤੇ ਅਮਰੀਕਾ ਵਿਚ ਵਸਦੇ,ਭਾਰਤੀ ਮੂਲ ਦੇ ਲੋਕਾਂ ਵਿਚ,ਸਭ ਤੋਂ ਵੱਡੀ ਅਤੇ ਪ੍ਰਭਾਵਸ਼ਾਲੀ ਗਿਣਤੀ ਪੰਜਾਬੀਆਂ ਦੀ ਹੀ ਰਹੀ ਹੈ। ਇਹ ਵੀ ਸੱਚ ਹੈ ਕਿ ਭਾਰਤ ਦੀ ਆਜ਼ਾਦੀ ਦੀ ਜੰਗ ਵਿਚ ਵੀ ਪੰਜਾਬੀਆਂ ਨੇ ਹੀ ਅਹਿਮ ਰੋਲ ਨਿਭਾਇਆ ਹੈ। ਗਦਰ ਪਾਰਟੀ ਦੀ ਸਥਾਪਨਾ ਅਤੇ ਸਰਗਰਮੀ ਵੀ ਪੰਜਾਬੀ ਲੋਕਾਂ ਉਤੇ ਹੀ ਬਹੁਤੀ ਕੇਂਦਰਿਤ ਰਹੀ ਹੈ। ਗਦਰ ਪਾਰਟੀ ਦੀਆਂ ਸਭ ਪ੍ਰਕਾਸ਼ਨਾਵਾਂ ਪੰਜਾਬੀਆਂ ਦੀ ਹਿੰਮਤ ਅਤੇ ਪੈਸੇ ਨਾਲ ਹੀ ਚਲਦੀਆਂ ਸਨ। ਕਿਉਂਕਿ ਗਦਰ ਲਹਿਰ ਦਾ ਮੁੱਖ ਮਨੋਰਥ ਆਮ ਲੋਕਾਂ ਨੂੰ ਅਜ਼ਾਦੀ ਦੀ ਜੰਗ ਵੱਲ ਪ੍ਰੇਰਿਤ ਕਰਨਾ ਸੀ,ਇਸ ਲਈ ਗਦਰ ਲਹਿਰ ਦੀ ਸਮੁੱਚੀ ਕਵਿਤਾ ਸਾਦੀ ਤੁਕਬੰਦੀ ਵਿਚ ਲਿਖੀ ਗਈ ਹੈ। ਇਸ ਕਵਿਤਾ ਵਿਚ ਮੁਹਾਵਰੇ ਦੀ ਸਰਲਤਾ ਵੀ ਸਪਸ਼ਟ ਨਜ਼ਰ ਆਉਂਦੀ ਹੈ। ਬੈਂਤ,ਪੰਜਾਬੀ ਕਵਿਤਾ ਵਿਚ ਸਮੁੱਚੇ ਤੌਰ ਤੇ ਮਕਬੂਲ ਬੰਦ ਪ੍ਰਬੰਧ ਰਿਹਾ ਹੈ। ਗਦਰ ਕਵਿਤਾ ਵਿਚ ਵੀ ਬੈਂਤ ਦੀ ਵਰਤੋਂ ਦੀ ਪ੍ਰਧਾਨਤਾ ਹੈ।

"ਮੇਰੇ ਲਾੜਿਓ ਪਿਆਰਿਓ ਹਿੰਦ ਦਿਓ,ਸੁਣਿਓ ਆਖਰੀ ਇਹੋ ਸੁਆਲ ਮੇਰਾ"

"ਕੱਲ ਆਇਆ ਅੱਜ ਕੂਚ ਕੀਤਾ,ਪੂਰਾ ਗੁਜ਼ਰਿਆ ਨਾ ਇਕ ਸਾਲ ਮੇਰਾ,"

"ਕੀਤੀ ਸੇਵਾ ਨਾ ਰੱਜ ਕੇ ਹਿੰਦ ਦੀ ਮੈਂ,ਰਿਹਾ ਦਿਲੇ ਦਾ ਦਿਲੇ ਉਬਾਲ ਮੇਰਾ,"

"ਮੈਨੂੰ ਜ਼ਾਲਮਾ ਕੱਸਕੇ ਬੰਨਿਆ ਹੈ,ਵੈਰੀ ਕਰ ਨਾ ਸਕੂ ਵਿੰਗਾ ਵਾਲ ਮੇਰਾ,"

(ਗਿਆਨੀ ਭਗਵਾਨ ਸਿੰਘ)

ਸ਼ਹੀਦ ਕਰਤਾਰ ਸਿੰਘ ਸਰਾਭਾ,ਹਰਨਾਮ ਸਿੰਘ ਟੁੰਡੀਲਾਟ,ਬਾਬਾ ਨਰੰਜਨ ਸਿੰਘ ਪੰਡੋਰੀ,ਗਿਆਨੀ ਭਗਵਾਨ ਸਿੰਘ ਅਤੇ ਮੁਣਸ਼ਾ ਸਿੰਘ ਦੁੱਖੀ ਗਦਰੀ ਲਹਿਰ ਦੇ ਬਹੁਤ ਹੀ ਮਕਬੂਲ ਸ਼ਾਇਰ ਹੋਏ ਹਨ। ਇਨ੍ਹਾਂ ਕਵੀਆਂ ਕੋਲ ਮੁਹਾਵਰੇ ਨੂੰ ਪ੍ਰਭਾਵਸ਼ਾਲੀ ਰੂਪ ਵਿਚ ਵਰਤਣ ਦਾ ਕਮਾਲ ਦਾ ਹੁਨਰ ਹੈ। ਇਨ੍ਹਾਂ ਦੀ ਕਵਿਤਾ ਵਿਚ ਦੇਸ਼ ਪਿਆਰ ਪੂਰੇ ਜਲਾਲ ਵਿਚ ਰੂਪਮਾਨ ਹੁੰਦਾ ਹੈ। ਇਹ ਦੇਸ਼ ਪਿਆਰ ਵਾਂਗ ਪ੍ਰਬਲ ਹੋ ਕੇ ਵਹਿ ਰਿਹਾ ਪ੍ਰਤੀਤ ਹੁੰਦਾ ਹੈ।

ਗਦਰੀ ਕਵਿਤਾ ਨੂੰ ਜੇਕਰ ਪੰਜਾਬ ਦੇ ਅਜੋਕੇ ਫਿਰਕੂ ਮਾਹੌਲ ਦੇ ਰੂਬਰੂ ਕਰਕੇ ਦੇਖੀਏ ਤਾਂ ਅਸੀਂ ਮਹਿਸੂਸ ਕਰਦੇ ਹਾਂ ਕਿ ਗਦਰੀ ਲਹਿਰ ਦੀ ਕਵਿਤਾ ਧਾਰਮਿਕ ਨਿਰਪੱਖਤਾ ਨੂੰ ਆਪਣਾ ਕੇਂਦਰੀ ਧੁਰਾ ਬਣਾਉਂਦੀ ਹੈ। ਭਾਵੇਂ ਗਦਰੀ ਸਰਗਰਮੀਆਂ ਦੇ ਮੁੱਖ ਕੇਂਦਰ ਗੁਰਦੁਆਰੇ ਹੀ ਸਨ ਪਰ ਗਦਰੀ ਕਵਿਤਾ ਹਿੰਦੂ,ਸਿੱਖ ਅਤੇ ਮੁਸਲਮਾਨ ਏਕਤਾ ਉਤੇ ਵਿਸ਼ੇਸ਼ ਜ਼ੋਰ ਦਿੰਦੀ ਹੈ।

1935-36 ਵਿਚ ਥੋੜ੍ਹੀ ਥੋੜ੍ਹੀ ਅਤੇ 1947 ਵਿਚ ਭਾਰਤ ਦੀ ਅਜ਼ਾਦੀ ਦੀ ਪ੍ਰਾਪਤੀ ਦੇ ਨਾਲ ਹੀ ਕੈਨੇਡਾ ਦੀ ਗਦਰੀ ਲਹਿਰ ਦੀ ਕਵਿਤਾ ਅਲੋਪ ਹੋਣੀ ਸ਼ੁਰੂ ਹੋ ਜਾਂਦੀ ਹੈ। ਕੇਵਲ ਗਦਰੀ ਕਵਿਤਾ ਹੀ ਨਹੀਂ,1947 ਤੋਂ ਪਿਛੋਂ,ਤਕਰੀਬਨ ਦੋ ਦਹਾਕੇ ਲਈ ਸਮੁੱਚੇ ਤੌਰ ਤੇ ਸਾਹਿਤਕ ਲਹਿਰ ਪਤਲੀ ਹੋ ਜਾਂਦੀ ਹੈ। ਇਨ੍ਹਾਂ ਦੋ ਦਹਾਕਿਆਂ ਵਿਚ ਕੈਨੇਡਾ ਦਾ ਪੰਜਾਬੀ ਸਾਹਿਤ ਕੋਈ ਵਿਸ਼ੇਸ਼ ਪ੍ਰਾਪਤੀ ਦੀ ਫੜ੍ਹ ਨਹੀਂ ਮਾਰ ਸਕਦਾ। ਸਾਹਿਤਕ ਪਿੜ੍ਹ ਦੀ ਇਹ ਖਾਮੋਸ਼ੀ 1970-72 ਤੀਕ ਚੱਲਦੀ ਹੈ। 70ਵਿਆਂ ਵਿਚ ਪੰਜਾਬੀ ਲੋਕਾਂ ਵਲੋਂ ਭਾਰੀ ਗਿਣਤੀ ਵਿਚ ਕੈਨੇਡਾ ਦੇ ਦਾਖਲੇ ਦੇ ਨਾਲ ਹੀ ਕੈਨੇਡਾ ਦੇ ਪੰਜਾਬੀ ਸਾਹਿਤਕ ਮਾਹੌਲ ਵਿਚ ਵੀ ਗਰਮੀ ਆਉਣੀ ਸ਼ੁਰੂ ਹੁੰਦੀ ਹੈ। ਇਨ੍ਹਾਂ ਵਰ੍ਹਿਆਂ ਵਿਚ ਕੈਨੇਡਾ ਪਹੁੰਚਣ ਵਾਲੇ ਕਵੀਆਂ ਵਿਚ ਭਾਰੀ ਗਿਣਤੀ ਉਨ੍ਹਾਂ ਨੌਜਵਾਨਾਂ ਦੀ ਵੀ ਸੀ ਜਿਹੜੇ ਤਾਜ਼ੇ ਤਾਜ਼ੇ ਹੀ ਕਾਲਜਾਂ,ਯੂਨੀਵਰਸਿਟੀਆਂ ਵਿਚੋਂ ਨਿਕਲੇ ਸਨ। 1970ਵਿਆਂ ਵਿਚ ਪੰਜਾਬ ਦੇ ਸਕੂਲਾਂ,ਕਾਲਜਾਂ ਵਿਚ ਵੀ ਪ੍ਰਗਤੀਵਾਦੀ ਵਿਚਾਰਾਂ ਦਾ ਬੋਲਬਾਲਾ ਰਿਹਾ ਹੈ। ਇਸ ਨਵੀਂ ਪੀੜ੍ਹੀ ਨੇ ਪੰਜਾਬੀ ਸਾਹਿਤਕ ਮਾਹੌਲ ਨੂੰ ਗਰਮਾਉਣ ਵਿਚ ਵਿਸ਼ੇਸ਼ ਹਿਸਾ ਪਾਇਆ ਹੈ। ਪੰਜਾਬ ਵਿਚ ਪਹਿਲਾਂ ਹੀ ਸਥਾਪਿਤ ਹੋ ਚੁੱਕੇ ਜਾਂ ਸਥਾਪਤੀ ਦੇ ਨੇੜੇ ਤੇੜੇ ਪਹੁੰਚ ਚੁੱਕੇ ਕਈ ਲੇਖਕ ਸੱਤਰਵਿਆਂ ਵਿਚ ਕੈਨੇਡਾ ਦੇ ਅਵਾਸੀ ਬਣ ਗਏ ਸਨ। ਸੱਤਰਵਿਆਂ ਵਿਚ ਹੀ ਵੈਨਕੂਵਰ ਵਿਚ ਕਈ ਸਾਹਿਤਕ ਗਰੁੱਪ ਅਤੇ ਕਈ ਸਾਹਿਤਕ ਪੱਤਰਕਾਰਾਂ ਉਗਣੀਆਂ ਸ਼ੁਰੂ ਹੋਈਆਂ। ਅੱਜ ਕੈਨੇਡਾ ਵਿਚ ਭਾਵੇਂ ਅਣ-ਗਿਣਤ ਪੰਜਾਬੀ ਅਖਬਾਰ,ਰਿਸਾਲੇ ਛਪ ਰਹੇ ਹਨ ਪ੍ਰੰਤੂ ਨਿਰੋਲ ਸਾਹਿਤਕ ਸੁਹਜ-ਸੁਆਦ ਦੀ ਪੂਰਤੀ ਵਾਲਾ ਜੁਲਾਈ 1973 ਤੋਂ ਲਗਾਤਾਰ ਛਪ ਰਿਹਾ ਪਰਚਾ ਵਤਨੋਂ ਦੂਰ ਹੀ ਹੈ। ਵਤਨੋਂ ਦੂਰ ਵਿਚ ਤਕਰੀਬਨ ਸਾਰੇ ਹੀ ਚੋਟੀ ਦੇ ਕਵੀਆਂ ਦੀਆਂ ਰਚਨਾਵਾਂ ਛੱਪਦੀਆਂ ਰਹੀਆਂ ਹਨ। ਵਤਨੋਂ ਦੂਰ ਜਿਥੇ ਵਿਚਾਰਧਾਰਤ ਤੌਰ ਉੱਤੇ ਪ੍ਰਗਤੀਵਾਦੀ ਖੱਬੀ ਸੋਚ ਦੀ ਵਕਾਲਤ ਕਰਦਾ ਹੈ ਉਥੇ ਸਾਹਿਤਕ ਤੌਰ ਤੇ ਸਿਆਸੀ ਰਚਨਾਵਾਂ ਛਾਪਣ ਵਲ ਰੁਚਿਤ ਰਿਹਾ ਹੈ।

ਅਜੋਕੀ ਕੈਨੇਡੀਅਨ ਪੰਜਾਬੀ ਕਵਿਤਾ ਦੇ ਪ੍ਰਸੰਗ ਵਿਚ ਕਿਹਾ ਜਾ ਸਕਦਾ ਹੈ ਕਿ 1970 ਤੋਂ ਬਾਅਦ ਕਈ ਰੰਗਾਂ ਦੀ ਪੰਜਾਬੀ ਕਵਿਤਾ ਰਚੀ ਗਈ ਹੈ। ਪਹਿਲੇ ਰੰਗ ਦੀ ਕਵਿਤਾ ਵਿਚ ਹਲਕੇ ਫੁਲਕੇ ਗੀਤ,ਗਜ਼ਲਾਂ ਅਤੇ ਕਵਿਤਾਵਾਂ ਨੂੰ ਲਿਆ ਜਾ ਸਕਦਾ ਹੈ। ਇਹ ਕਵਿਤਾ ਸਧਾਰਨ ਤੁੱਕਬੰਦੀ ਦੇ ਰੂਪ ਵਿਚ ਵਿਚਰਦੀ ਹੈ ਅਤੇ ਇਸ਼ਕ,ਪੀੜ੍ਹਾਂ ਤੇ ਬਿਰਹਾ ਆਦਿਕ ਵਿਸ਼ਿਆਂ ਉਦਾਲੇ ਘੁੰਮਦੀ ਹੈ। ਅਜੇਹੀ ਕਵਿਤਾ ਦੇ ਰਚਣਹਾਰਿਆਂ ਵਿਚੋਂ ਕਸ਼ਮੀਰਾ ਸਿੰਘ ਚਮਨ ਅਤੇ ਗਿੱਲ ਮੋਰਾਂਵਾਲੀ ਨੇ ਗਿਣਤੀ ਦੇ ਪੱਖੋਂ ਜ਼ਿਆਦਾ ਰਚਨਾ ਕੀਤੀ ਹੈ। ਕਿਉਂਕਿ ਇਸ ਕਵਿਤਾ ਵਿਚ ਬਿਆਨ ਦੀ ਤਾਜ਼ਗੀ ਅਤੇ ਮੌਲਕਤਾ ਦੀ ਝਲਕ ਲੱਗਪੱਗ ਗਾਇਬ ਹੈ-ਇਸ ਲਈ ਇਸ ਨੂੰ ਸਾਹਿਤਕ ਲਿਹਾਜ਼ ਨਾਲ ਕੋਈ ਦਰਜਾ ਨਹੀਂ ਦਿੱਤਾ ਜਾ ਸਕਦਾ।

ਦੂਜੀ ਕਿਸਮ ਦੀ ਕਵਿਤਾ ਉਨ੍ਹਾਂ ਸ਼ਾਇਰਾਂ ਦੀ ਕਲਮ ਵਿਚੋਂ ਉਪਜੀ ਹੈ ਜੋ ਚੇਤੰਨ ਤੌਰ ਤੇ ਉਚਪਾਏ ਦੀ ਸਾਹਿਤਕ ਰਚਨਾ ਕਰਨ ਵੱਲ ਰੁਚਿਤ ਹਨ,ਸਨ। ਉਹ ਗੱਲ ਵੱਖਰੀ ਹੈ ਕਿ ਇਸ ਰੰਗ ਦੇ ਕਵੀਆਂ ਵਿਚ ਸਾਰੇ ਕਵੀ ਆਪਣੀ ਵੱਖਰੀ ਪਛਾਣ ਅਤੇ ਮੁਹਾਂਦਰਾ ਕਾਇਮ ਨਹੀਂ ਕਰ ਸਕੇ। ਪ੍ਰੰਤੂ ਇਹ ਗੱਲ ਜ਼ਰੂਰ ਹੈ ਕਿ ਇਹ ਕਵੀ ਨਵੇਂ ਸ਼ਾਇਰ ਬਣਨ ਲਈ ਜ਼ਰੂਰ ਕੋਸ਼ਿਸ ਕਰ ਰਹੇ ਸਨ। ਇਸ ਰੰਗ ਦੀ ਸ਼ਾਇਰੀ ਦਾ ਮੁੱਖ ਪਲੇਟਫਾਰਮ "ਵਤਨੋਂ ਦੂਰ" ਹੀ ਰਿਹਾ ਹੈ। ਚੇਤੰਨ ਤੌਰ ਤੇ ਸਾਹਿਤਕ ਸੁਹਜ ਵਾਲੀ ਕਵਿਤਾ ਲਿਖਣ ਵਾਲੇ ਸ਼ਾਇਰਾਂ ਵਿਚ ਰਵਿੰਦਰ ਰਵੀ,ਗੁਰਚਰਨ ਰਾਮਪੁਰੀ,ਇਕਬਾਲ ਰਾਮੂੰਵਾਲੀਆ.ਸੁਰਿੰਦਰ ਧੰਜਲ,ਸਾਧੂ,ਸੁਖਿੰਦਰ, ਅਜਮੇਰ ਰੋਡੇ,ਸੁਰਜੀਤ ਕਲਸੀ,ਚਰਨ ਸਿੰਘ,ਗੁਰਮੇਲ ਅਤੇ ਦਰਸ਼ਨ ਗਿੱਲ ਦੇ ਨਾਮ ਖਾਸ ਤੌਰ ਤੇ ਵਰਨਣ ਯੋਗ ਹਨ

ਉਪਰੋਕਤ ਕਵੀਆਂ ਵਿਚੋਂ ਗੁਰਚਰਨ ਰਾਮਪੁਰੀ ਤੇ ਰਵਿੰਦਰ ਰਵੀ ਪੁਰਾਣੀ ਪੀੜ੍ਹੀ ਦੇ ਪ੍ਰਤੀਨਿੱਧ ਹਨ। ਰਾਮਪੁਰੀ 1950-55 ਦੀ ਅਮਨ ਲਹਿਰ ਦੀ ਉਪਜ ਹੈ। ਉਸ ਜ਼ਮਾਨੇ ਵਿਚ ਉਸਦੇ ਗੀਤ ਬਹੁਤ ਮਕਬੂਲ ਰਹੇ ਹਨ। ਉਹ ਐਲਾਨੀਆ ਮਾਰਕਸਵਾਦੀ ਧਾਰਾ ਨਾਲ ਜੁੜਿਆ ਹੋਇਆ ਕਵੀ ਹੈ। ਉਹ ਕਵਿਤਾ ਵਿਚ ਲੈਅ ਅਤੇ ਤੋਲ ਤੁਕਾਂਤ ਦੀ ਖੁੱਲ੍ਹੀ ਵਕਾਲਤ ਕਰਦਾ ਹੈ। ਬੋਲੀ ਦੀ ਸਾਦਗੀ,ਉਸਦੇ ਖਿਆਲ ਵਿਚ,ਕਵਿਤਾ ਦੀ ਰੀੜ੍ਹ ਦੀ ਹੱਡੀ ਹੈ। ਕੈਨੇਡਾ ਵਿਚ ਆਕੇ ਵੀ ਉਸਨੇ ਅੰਮ੍ਰਿਤਾ-ਮੋਹਨ ਸਿੰਘ ਦੇ ਰੰਗ ਦੀਆਂ ਲੈਅ ਬੱਧ ਕਵਿਤਾਵਾਂ ਹੀ ਲਿਖੀਆਂ ਹਨ। ਉਸਦੀ ਹੁਣੇ ਹੁਣੇ ਛਪੀ ਪੁਸਤਕ "ਕਤਲਗਾਹ" ਪੰਜਾਬ ਦੇ ਦੁਖਾਂਤ ਪ੍ਰਤੀ ਉਸਦੇ ਨਜ਼ਰੀਏ ਦਾ ਪ੍ਰਗਟਾਵਾ ਹੈ,ਪ੍ਰੰਤੂ ਇਸ ਪੁਸਤਕ ਵਿਚ ਰੂਪਕ ਪੱਖ ਤੋਂ ਉਹ ਹਾਲੇ ਵੀ ਪੁਰਾਣੀਆਂ ਖਾਈਆਂ ਵਿਚ ਹੀ ਭਟਕਦਾ ਨਜ਼ਰ ਆਉਂਦਾ ਹੈ। ਉਹ ਤਰਕਸ਼ੀਲਤਾ ਹੈ ਪ੍ਰੰਤੂ ਨਵੇਂ ਬਿੰਧ,ਨਵੀਆਂ ਤਸਵੀਰਾਂ ਅਤੇ ਕਾਵਿਕ ਸੂਖਮਤਾ ਉਸਦੇ ਪਲੇ ਨਹੀਂ ਆ ਸਕੀ।

"ਜੇਬ ਮਿਰੀ ਨੂੰ ਕੁਤਰਨ ਵਾਲਾ
ਸਉਲ੍ਹਾ ਹੈ,ਗੋਰਾ ਜਾਂ ਕਾਲਾ
ਧਰਮ ਉਸਦਾ ਮੇਰੇ ਵਾਲਾ ਹੈ ਜਾਂ ਵੱਖਰਾ
ਢਿੱਡ ਮਿਰੇ ਨੂੰ ਮੂਲੋਂ ਫਰਕ ਨਹੀਂ ਪੈਂਦਾ ਹੈ (ਕੰਚਨੀ,167)

ਉਪਰੋਕਤ ਕਿਸਮ ਦੀ ਰਿਦਮਕ ਤੁੱਕਬੰਦੀ ਗੁਰਚਰਨ ਰਾਮਪੁਰੀ ਦੀ ਕਵਿਤਾ ਦਾ ਮੁੱਖ ਸੁਭਾਅ ਹੈ। ਇਸ ਕਿਸਮ ਦੀ Verrified Prose ਤਾਂ ਆਖ ਸਕਦੇ ਹਾਂ। ਪ੍ਰੰਤੂ ਇਸ ਨੂੰ ਕਵਿਤਾ ਕਹਿਣਾ ਕਵਿਤਾ ਨਾਲ ਜ਼ਿਆਦਤੀ ਹੋਵੇਗੀ।

ਰਵਿੰਦਰ ਰਵੀ ਨੂੰ ਪ੍ਰਯੋਗਸ਼ੀਲ ਲਹਿਰ ਦੇ ਮੋਢੀਆਂ ਵਿਚੋਂ ਹੋਣ ਦਾ ਮਾਣ ਹਾਸਲ ਹੈ। ਰਵੀ ਨਾਵਲ ਤੋਂ ਬਿਨਾਂ ਸਾਹਿਤ ਦੀ ਹਰ ਸਿਨਫ ਉਪਰ ਹੱਥ,ਅਜ਼ਮਾਈ ਕਰਦਾ ਹੈ। ਜਿਥੋਂ ਤੀਕ ਉਸ ਦੀ ਕੈਨੇਡੀਅਨ ਕਵਿਤਾ ਦਾ ਸਬੰਧ ਹੈ,ਰਵੀ ਰਿਦਮ-ਮਈ ਸੱਤਰਾਂ ਤਾਂ ਸਿਰਜਦਾ ਹੈ। ਪਰ ਉਨ੍ਹਾਂ ਸੱਤਰਾਂ ਦੀ ਕਾਵਿਕ ਗਹਿਰਾਈ ਪਾਠਕ ਨੂੰ ਹਲੂਣਾਂ ਦੇਣ ਵਿਚ ਸਫਲ ਪ੍ਰਤੀਤ ਨਹੀਂ ਹੁੰਦੀ। ਕਈ ਥਾਈਂ ਉਸਦੀ ਕਵਿਤਾ ਰਾਮਪੁਰੀ ਵਾਂਗ ਤਰਕਸ਼ੀਲ ਰਿਦਮਕ ਵਾਰਤਕ ਹੋਕੇ ਹੀ ਰਹਿ ਜਾਂਦੀ ਹੈ ਤੇ ਕਾਵਿਕ ਸੂਖਮਤਾ ਅਤੇ ਸਰੋਦੀ ਤੱਤ ਗਾਇਬ ਹੋ ਜਾਂਦਾ ਹੈ। ਜਿਵੇਂ:—

ਮੇਰੇ ਚੋਂ ਬੜਾ ਕੁਝ ਲੰਘਦਾ ਹੈ-ਦ੍ਰਿਸ਼,ਰੈਣ,
ਇਹ ਵਾਤਾਵਰਣ
ਅਦਿੱਖ ਬੋਝ ਹੇਠ ਦੱਬ ਰਿਹਾ
ਮੈਨੂੰ ਦੱਬਾ ਰਿਹਾ ਹੈ,ਨਿਸਦਿਨ
ਕਾਸ਼ ! ਮੈਨੂੰ,ਏਸ ਵਾਤਾਵਰਣ ਨੂੰ
ਸਵਿੱਚ ਲੱਗੇ ਹੁੰਦੇ
ਸਕਰੀਨ ਲੱਗੀ ਹੁੰਦੀ
ਤੁਸੀਂ ਵੇਖ ਸਕਦੇ,ਮੈਨੂੰ ! ਟੈਲੀਵੀਜ਼ਨ,ਰੇਡਾਰ ਵਾਂਗ-
ਸੁਣ ਸਕਦੇ। ਰੇਡੀਓ,ਵਾਇਰਲੈਸ ਵਾਂਗ।

ਇੰਝ ਹੀ ਰਵੀ ਦੇ ਕਾਵਿ ਨਾਟਕਾਂ ਵਿਚ ਵੀ ਕਵਿਤਾ ਦਾ ਸ਼ਿਲਪੀ ਰੰਗ ਬਹੁਤ ਮੱਧਮ ਹੈ। ਉਸਦੀ,ਪੰਜਾਬ ਦੇ ਪਿਛਲੇ ਰਾਜਸੀ,ਭਾਈਚਾਰਕ ਸੰਕਟ ਨਾਲ ਸਬੰਧਤ ਕਵਿਤਾ ਵਿਚ ਵੀ ਸਧਾਰਨ

ਬਾਕੀ ਪੰਨਾ 24 'ਤੇ

ਪੰਨਾ 23 ਦੀ ਬਾਕੀ

ਅਖਬਾਰੀ ਕਿਸਮ ਦੀ ਤੁੱਕਬੰਦੀ ਦਾ ਬੋਲਬਾਲਾ ਹੀ ਹੈ। ਉਂਝ ਵੀ ਇਹ ਕਵਿਤਾ ਹਿੰਦੂ-ਸਿੱਖ ਧਾਰਮਿਕ ਜਨੂੰਨਵਾਦ ਦੇ ਪ੍ਰਸੰਗ ਵਿਚ ਉਲਾਰੂ ਪੁਣੇ ਦਾ ਪ੍ਰਗਟਾਓ ਹੀ ਹੈ। ਰਵੀ ਨਿਰੰਤਰ ਲਿਖ ਰਿਹਾ ਹੈ ਤੇ ਕਵਿਤਾ ਰਚਣ ਦੀ ਰਫਤਾਰ ਏਨੀ ਤੇਜ਼ ਹੈ ਕਿ ਗਿਣਾਤਮਕ ਪੱਖੋਂ ਰਵੀ ਕੈਨੇਡਾ ਵਿਚਲੇ ਸਾਰੇ ਕਵੀਆਂ ਵਿਚੋਂ ਮੋਹਰੀ ਹੈ।

ਰੂਪਕ ਪੱਖ ਤੋਂ ਸੱਜਰੀ ਅਤੇ ਵੱਖਰੀ ਪਹਿਚਾਣ ਵਾਲੀ ਕੈਨੇਡੀਅਨ ਪੰਜਾਬੀ ਕਵਿਤਾ ਲਿਖਣ ਵਾਲੇ ਨੌਜੁਆਨ ਸ਼ਾਇਰਾਂ ਵਿਚੋਂ ਸੁਰਿੰਦਰ ਧੰਝਲ,ਇਕਬਾਲ ਰਾਮੂੰਵਾਲੀਆ,ਸਾਧੂ,ਸੁਖਿੰਦਰ,ਅਜਮੇਰ ਰੋਡੇ,ਚਰਨ ਸਿੰਘ ਆਦਿ ਦਾ ਨਾਮ ਵਿਸ਼ੇਸ ਤੌਰ ਉਤੇ ਲਿਆ ਜਾਵੇਗਾ।

ਇਕਬਾਲ ਰਾਮੂੰਵਾਲੀਆ ਸੂਖਮ ਭਾਵਨਾਵਾਂ,ਨਵੇਂ ਬਿੰਬਾਂ ਅਤੇ ਵਿਲੱਖਣ ਮੁਹਾਵਰੇ ਵਾਲਾ ਕਵੀ ਹੈ। ਉਹ ਕੈਨੇਡਾ ਦੀ ਪ੍ਰਗਤੀਵਾਦੀ ਸ਼ਾਇਰੀ ਦਾ ਪ੍ਰਤੀਨਿੱਧ ਸ਼ਾਇਰ ਹੈ। ਉਸਦੀ ਸ਼ਾਇਰੀ ਕਲਾਤਮਿਕ ਪੱਖ ਤੋਂ ਉੱਚਪਾਏ ਦੀ ਹੈ। ਆਪਣੇ ਤਾਜ਼ੇ ਕਾਵਿ ਸੰਗ੍ਰਹਿ,"ਕੁਝ ਵੀ ਨਹੀਂ" ਰਾਹੀਂ ਉਹ ਪਰੌੜ ਕਵੀ ਦੇ ਤੌਰ ਤੇ ਪੇਸ਼ ਹੁੰਦਾ ਹੈ

ਦਿਨ ਸਾਨੂੰ ਘਣਾ ਵਾਂਗੂ ਉਲਾਰਦੇ ਨੇ
ਤੇ ਸਾਡੇ ਹੀ ਮੱਥਿਆਂ ਵਿਚ ਊਂਘਦੀਆਂ ਰਾਤਾਂ ਉਤੇ
ਠਾਹ ਵੱਗਾਅ ਦੇਂਦੇ ਨੇ
ਅਸੀਂ ਕਤਰਾ ਕਤਰਾ ਜੁੜਦੀਆਂ ਨੀਦਾਂ-ਖਿਲਾਰ ਲੈਂਦੇ ਹਾਂ
ਸੁਪਨਿਆਂ 'ਚ ਮਸਾਂ ਮਸਾਂ ਪੈਂਦੀ
ਸਤਰੰਗੀ ਪੀਂਘ ਉਧੇੜ ਲੈਂਦੇ ਹਾਂ।

ਸੁਰਿੰਦਰਧੰਜਲ ਅਤੇ ਸੁਖਿੰਦਰ ਦੀ ਕਵਿਤਾ ਕੈਨੇਡੀਅਨ ਪੰਜਾਬੀ ਕਵਿਤਾ ਵਿਚ ਵਿਸ਼ੇਸ਼ ਸਥਾਨ ਰੱਖਦੀ ਹੈ। ਧੰਜਲ ਨਕਸਲਵਾੜੀ ਲਹਿਰ ਤੋਂ ਪ੍ਰਭਾਵਿਤ ਹੋਈ ਉਸ ਕਾਵਿ-ਧਾਰਾ ਨਾਲ ਸਬੰਧਤ ਸ਼ਾਇਰ ਹੈ,ਜਿਸਨੂੰ ਪੰਜਾਬੀ ਸਾਹਿਤ ਵਿਚ ਕ੍ਰਾਂਤੀਕਾਰੀ,ਜੁਝਾਰਵਾਦੀ ਜਾਂ ਨਵ-ਪ੍ਰਗਤੀ ਵਾਦੀ ਨਾਵਾਂ ਨਾਲ ਜਾਣਿਆ ਜਾਂਦਾ ਹੈ। ਉਸਦੀ ਅਜੋਕੀ ਕਵਿਤਾ ਸਮੁੱਚੇ ਮਨੁੱਖ ਦੀ ਤ੍ਰਾਸਦਿਕ ਹਾਲਤ ਲਈ,ਰਾਜਨੀਤਕ ਬੇਈਮਾਨੀ ਅਤੇ ਹੱਥਕੰਡਿਆਂ ਨੂੰ ਜ਼ੁੰਮੇਵਾਰ ਠਹਿਰਾਉਂਦੀ ਹੈ। "ਜ਼ਖਮਾਂ ਦੀ ਫਸਲ" ਉਸਦੀ ਪੰਜਾਬ ਸੰਕਟ ਬਾਰੇ ਸਿਹਤਮੰਦ ਅਤੇ ਸੰਤੁਲਤ ਪਹੁੰਚ ਵਿਚੋਂ ਉਪਜੀਆਂ ਨਜ਼ਮਾਂ ਦਾ ਸੰਗ੍ਰਿਹ ਹੈ। ਅਜਮੇਰ ਰੋਡੇ ਦੀ ਕਵਿਤਾ ਆਧੁਨਿਕ ਮਨੁੱਖ ਦੀ ਛਿਣ ਭੰਗਰ ਮਹੱਤਤਾ ਉਪਰ ਵਿਅੰਗ ਕਰਦੀ ਹੈ। ਉਸਨੇ ਕਾਵਿ ਸੰਗ੍ਰਿਹ "ਸੁਰਤੀ" ਵਿਚ ਕੰਮਪਿਊਟਰ ਕਵਿਤਾਵਾਂ ਤੇ ਕੰਕਰੀਟ ਕਵਿਤਾ ਦੇ ਕਈ ਤਜਰਬੇ ਵੀ ਕੀਤੇ ਹਨ। ਅਤੇ ਵਿਗਿਆਨ ਤੋਂ ਪ੍ਰਭਾਵਿਤ ਕੁਝ ਵਧੀਆਂ ਕਵਿਤਾਵਾਂ ਦੀ ਰਚਨਾ ਕੀਤੀ ਹੈ।

ਮਿੱਤਰ ਰਾਸ਼ਾ ਕਈ ਪੁਸਤਕਾਂ ਛਾਪ ਚੁੱਕਾ ਹੈ ਪ੍ਰੰਤੂ ਉਸਦੀ ਕਵਿਤਾ ਵਿਚੋਂ ਪੱਕਿਆਈ ਦੀ ਝਲਕ ਨਹੀਂ ਪੈਂਦੀ। ਉਸਦੀ ਕਵਿਤਾ ਸਿਖਾਂਦਰੂ ਕਵੀਆਂ ਵਰਗੀ ਬਹੁਤ ਹੀ ਹਲਕੀ ਕਿਸਮ ਦੀ ਤੁੱਕਬੰਦੀ ਤੋਂ ਉਪਰ ਨਹੀਂ ਉਠ ਸਕੀ। ਹੇਠ ਲਿਖੀ ਕਵਿਤਾ ਉਸਦੇ ਨਵੇਂ ਕਾਵਿ ਸੰਗ੍ਰਹਿ "ਅੱਖਰਾਂ ਦੀ ਬੁੱਕਲ" ਵਿਚ ਸ਼ਾਮਲ ਹੈ ਅਤੇ ਉਸਦੀ ਕਾਵਿਕ ਗੁਰਬਤ ਦੀ ਗਵਾਹੀ ਦੇਂਦੀ ਹੈ:

"ਪਿਛਲਾ ਸਾਲ/ਜੁਵਾਲ ਦਾ ਸਾਲ
ਵੱਡੇ ਭਰਾ ਨੂੰ/ਨੌਕਰੀ ਚ/ਵਾਧਾ ਮਿਲਿਆ/ਫੁੰਡ ਚ ਆ/ਉਹ ਨੌਕਰੀ ਹੀ/
ਬੈਠਾ ਗਵਾ/'ਤੇ ਬੇਕਾਰੀ ਦੀ ਜਿਲ੍ਹਣ ਚ/ਫਸਿਆ ਰਿਹਾ/ਛੋਟਾ ਭਰਾ
ਪੜ੍ਹਾਈ ਚ/ਪਿਛੇ ਰਹਿ ਗਿਆ/ਪਿਛਲੀ ਕਲਾਸ ਚ ਹੀ/ਪੜ੍ਹਦਾ ਰਿਹਾ।
ਡਾਕਟਰਾਂ ਨੇ ਮੈਨੂੰ/ਲੱਤ ਦਾ ਤੀਜੀ ਵਾਰ/ਉਪਰੇਸ਼ਨ ਕਰਾਉਣ ਲਈ ਕਿਹਾ।
ਹੱਕਾ ਬੱਕਾ ਹੋ ਮੈਂ ਸੋਚਦਾ ਰਿਹਾ/ਪਿਛਲਾ ਸਾਲ/ਜ਼ੁਵਾਲ ਦਾ ਸਾਲ

ਦਰਸ਼ਨ ਗਿੱਲ ਕੈਨੇਡੀਅਨ ਪੰਜਾਬੀ ਕਵਿਤਾ ਵਿਚ ਇਕ ਹੋਰ ਚਰਚਤ ਨਾਮਾ ਹੈ। ਉਹ ਗੀਤਮਈ ਕਵਿਤਾਵਾਂ ਲਿਖਦਾ ਹੈ ਅਤੇ ਉਸਦੀ ਕਾਵਿਸ਼ੈਲੀ ਸ਼ਿਵ ਕੁਮਾਰ ਦੀ ਕਵਿਤਾ ਦੇ ਬਹੁਤ ਨੇੜੇ ਹੈ। ਪਿਛਲੇ ਚਾਰ ਕੁ ਸਾਲ ਵਿਚ ਕੈਨੇਡਾ ਦੀ ਪੰਜਾਬੀ ਕਵਿਤਾ ਵਿਚ ਇਕ ਨਵਾਂ ਚਿਹਰਾ ਚਰਨ ਸਿੰਘ ਦਾ ਹੈ। ਚਰਨ ਸਿੰਘ ਦਾ ਕਾਵਿ ਸੰਗ੍ਰਹਿ "ਮਿੱਟੀ ਚ ਉਕਰੇ ਅੱਖਰ" ਉਹਨੂੰ ਇਕ ਸੰਭਾਵਨਾ ਭਰਪੂਰ ਕਵੀ ਦੇ ਤੌਰ ਤੇ ਪੇਸ਼ ਕਰਦਾ ਹੈ। ਇਸੇ ਪਰਕਾਰ ਦੀ ਸਾਧੂ ਦੀ ਕਵਿਤਾ ਵੀ ਇਕ ਵਿਲੱਖਣ ਸ਼ਾਇਰ ਦਾ ਮੁਹਾਂਦਰਾ ਉਲੀਕਦੀ ਪਰਤੀਤ ਹੁੰਦੀ ਹੈ।

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਕੈਨੇਡਾ ਵਿਚ ਪੰਜਾਬੀ ਕਵਿਤਾ ਦੇ ਖੇਤਰ ਵਿਚ ਭਾਰੀ ਸਰਗਰਮੀ ਨਜ਼ਰ ਆ ਰਹੀ ਹੈ। ਢੇਰ ਸਾਰੀ ਕਵਿਤਾ ਇਥੋਂ ਦੇ ਦਰਜਣ ਦੇ ਕਰੀਬ ਅਖਬਾਰਾਂ,ਰਿਸਾਲਿਆਂ ਵਿਚ ਪ੍ਰਕਾਸ਼ਤ ਹੋ ਰਹੀ ਹੈ। ਭਾਵੇਂ ਕਿ ਬਹੁਤੀ ਕਵਿਤਾ,ਬਹੁਤ ਪਤਲੀ ਕਿਸਮ ਦੀ ਹੀ ਹੈ ਪ੍ਰੰਤੂ ਕਈ ਸ਼ਾਇਰ ਬਹੁਤ ਹੀ ਉੱਚ ਕੋਟੀ ਦੀ ਕਵਿਤਾ ਦੀ ਰਚਨਾ ਵੀ ਕਰ ਰਹੇ ਹਨ। ਉਮੀਦ ਕੀਤੀ ਜਾਂਦੀ ਹੈ ਕਿ ਬਿਦੇਸ਼ੀ ਪੰਜਾਬੀ ਕਵਿਤਾ ਵਿਚੋਂ ਕੈਨੇਡਾ ਦੀ ਕਵਿਤਾ ਜ਼ਰੂਰ ਪਹਿਲੇ ਨੰਬਰ ਦੀ ਕਵਿਤਾ ਹੋਵੇਗੀ।

ਰਾਸ਼ਟਰੀ ਸੰਮਤੀ ਦਾ ਬਲੀਦਾਨੀ ਜਥਾ ਰਵਾਨਾ

ਅੰਮ੍ਰਿਤਸਰ — "ਬਲੀਦਾਨੀ ਜਥਾ" ਰਵਾਨਾ ਰਾਸ਼ਟਰੀ ਸੁਰਖਸ਼ਾ ਸੰਮਤੀ ਦੇ 101 ਵਾਲੰਟੀਅਰਾਂ ਦਾ ਇਕ ਜਥਾ ਦੁਰਗਿਆਨਾ ਮੰਦਰ ਤੋਂ ਦਿੱਲੀ ਵੱਲ ਨੂੰ 34 ਦਿਨਾਂ ਦੇ ਲੰਬੇ ਮਾਰਚ ਲਈ ਰਵਾਨਾ ਹੋ ਗਿਆ। ਇਸ ਕਾਰਵਾਈ ਦਾ ਮਨੋਰਥ ਕੇਂਦਰ 'ਤੇ ਪੰਜਾਬ ਦੀ ਸਥਿਤੀ ਨਾਲ ਨਜਿੱਠਣ ਵਾਸਤੇ ਅਸਰਦਾਇਕ ਕਦਮ ਚੁੱਕਣ ਲਈ ਦਬਾਅ ਪਾਉਣਾ ਹੈ। "ਬਲੀਦਾਨੀ ਜੱਥੇ" ਦੇ ਨਾਂ ਨਾਲ ਜਾਣਿਆ ਜਾਣ ਵਾਲਾ ਇਹ ਜਥਾ ਪੰਜਾਬ ਦੇ ਵੱਖ ਵੱਖ ਕਸਬਿਆਂ ਤੇ ਸ਼ਹਿਰਾਂ ਵਿਚੋਂ ਲੰਘਦਾ ਹੋਇਆ ਛੇ ਮਾਰਚ ਨੂੰ ਦਿੱਲੀ ਪਹੁੰਚੇਗਾ ਅਤੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰੇਗਾ।

—ਆਰਿਫ਼ ਗੋਬਿੰਦਪੁਰੀ

ਇਸ ਦਿਲ 'ਚ ਮੁਹੱਬਤ ਦਾ, ਇਕ ਦੀਪ ਜਗਾ ਮੁੜ ਕੇ।
ਬੇਨੂਰ ਪਏ ਘਰ ਨੂੰ, ਪੁਰਨੂਰ ਬਣਾ ਮੁੜ ਕੇ।

ਬਰਬਾਦ ਮੁਹੱਬਤ ਦਾ, ਅਫ਼ਸਾਨਾ ਸੁਣਾ ਮੁੜ ਕੇ।
ਦਿਲ ਹੋਰ ਕਰਾਂ ਹੌਲਾ, ਇਕ ਵਾਰ ਰੁਆ ਮੁੜ ਕੇ।

ਆ ਬਾਜ਼ ਦਿਲਾ! ਹੁਣ ਤਾਂ, ਤੂੰ ਕਰ ਨਾ ਵਫ਼ਾ ਮੁੜ ਕੇ।
ਰਖ ਯਾਦ ਸਜ਼ਾ ਪਹਿਲੀ, ਇਹ ਕਰ ਨਾ ਖਤਾ ਮੁੜ ਕੇ।

ਦਰ ਯਾਰ ਦਾ ਕਾਅਬਾ ਹੈ, ਕਰ ਸਜਿਦਾ ਅਦਾ ਦੂਰੋਂ,
ਜਿਸ ਦਰ ਤੋਂ ਮਿਲੇ ਧੱਕੇ, ਉਸ ਦਰ ਤੇ ਨਾ ਜਾ ਮੁੜ ਕੇ।

ਦਿਲ ਅਪਣਾ ਜਲਾ ਭਾਵੇਂ, ਤੂੰ ਅਸ਼ਕ ਵਹਾ ਭਾਵੇਂ,
ਪਰ ਯਾਰ ਨੂੰ ਮਿਲਣੇ ਦੀ ਸੂਰਤ ਵੀ ਬਣਾ ਮੁੜ ਕੇ।

ਬੇਹੋਸ਼ ਨਹੀਂ ਵੈਸੇ, ਬੇਹੋਸ਼ ਹਾਂ ਇਸ ਕਰਕੇ,
ਬਾਂਹ ਫੜ੍ਹ ਕੇ ਕਹੇ ਕੋਈ "ਉਠ ਹੋਸ਼ 'ਚ ਆ ਮੁੜ ਕੇ"।

ਤੱਕ ਫੇਰ ਨਜ਼ਰ ਭਰਕੇ, ਮੂੰਹ ਫੇਰ ਲਿਆ ਕਾਹਤੋਂ
ਕਰ ਵਾਰ ਨਜ਼ਰ ਦਾ ਫਿਰ, ਇਹ ਤੀਰ ਚਲਾ ਮੁੜ ਕੇ।

ਕਰ ਜ਼ਿਕਰ ਨਾ ਮੁੜ ਮੁੜ ਕੇ ਗਲ ਛੇੜ ਨਾ ਗ਼ੈਰਾਂ ਦੀ,
ਨਾ ਫੇਰ ਕਰਾ ਚੇਤਾ, ਨਾ ਹੋਰ ਸਤਾ ਮੁੜ ਕੇ।

ਦਰਕਾਰ ਹੈ ਸ਼ਾਇਰ ਨੂੰ ਹਰ ਵਕਤ ਤੜਪ ਦਿਲ ਦੀ
ਮੈਂ ਹੋਰ ਕਹਾਂ ਗ਼ਜ਼ਲਾਂ ਤੂੰ ਹੋਰ ਸਤਾ ਮੁੜ ਕੇ।

ਅੰਜਾਮ ਮੁਹੱਬਤ ਦਾ ਆਉਂਦਾ ਏ ਨਜ਼ਰ ਜ਼ਿੰਦੇ!
ਚੱਲ ਪਾਰ ਝਨਾਂ ਦੇ ਚੱਲ, ਗੁਜਰਾਤ ਨ ਜਾ ਮੁੜ ਕੇ।

ਰੁਸ ਕੇ ਉਹ ਤੁਰਿਆ ਸੀ ਗੁੱਸੇ 'ਚ ਗਿਆ ਸੀ ਉਹ,
ਪਰ ਇਹ ਵੀ ਗ਼ਨੀਮਤ ਹੈ ਉਸ ਵੇਖ ਲਿਆ ਮੁੜ ਕੇ।

ਜਿਸ ਦਿਨ ਤੋਂ ਸਮਝ ਆਈ "ਉਲਫ਼ਤ ਹੈ ਜਫ਼ਾ ਸਹਿਣਾ"
ਉਸ ਦਿਨ ਤੋਂ ਸਿਤਮਗਰ ਤੇ ਕੀਤਾ ਨਾ ਗਿਲਾ ਮੁੜ ਕੇ।

ਆਈ ਸੀ ਮਸਾਂ ਮੁੜ ਕੇ ਫਿਰ ਹੂਰ ਗਈ ਮੇਰੀ
ਗਲ੍ਹ ਆਣ ਪਈ ਮੇਰੇ ਫ਼ੁਰਕਤ ਦੀ ਬਲਾ ਮੁੜ ਕੇ।

ਅੰਜਲੀ : ਪ੍ਰੋਫੈਸਰੀ ਤੋਂ ਭਾਰਤ ਨਾਟਯਮ ਤੱਕ

ਕੈਨੇਡੀਅਨ ਐਨ-ਮਰੀ ਗੈਸਟਨ ਅਟਵਾ ਯੂਨੀਵਰਸਿਟੀ ਵਿਚ ਪ੍ਰੋਫੈਸਰ ਹੈ ਪਰ ਉਹ ਭਾਰਤੀ ਨਾਟਯਮ, ਕਥਾਕਲੀ ਅਤੇ ਕੂਚੀ ਪੁੜੀ ਨਾਚਾਂ ਵਿਚ ਮਾਹਿਰ ਗਿਣੀ ਜਾਂਦੀ ਹੈ। ਸ਼ਨਿਚਰਵਾਰ ਨੂੰ ਐਨ-ਮਰੀ ਗੈਸਟਨ, ਜਿਸ ਦਾ ਭਾਰਤੀ ਨਾਂ ਅੰਜਲੀ ਹੈ, ਨੇ ਆਪਣੇ ਨਾਚ ਇੰਡੀਅਨ ਮਿਊਜ਼ਿਕ ਸੁਸਾਇਟੀ ਦੀ ਸਰਪ੍ਰਸਤੀ ਹੇਠ ਵੈਨਕੂਵਰ ਵਿਚ ਪੇਸ਼ ਕੀਤੇ।

ਅੱਖਾਂ ਵਿਚ ਸੁਰਮਾ, ਬਾਹਾਂ ਤੇ ਵੰਗਾਂ ਅਤੇ ਰੇਸ਼ਮੀ ਪਹਿਰਾਵੇ ਵਿਚ ਐਨ-ਮਰੀ ਅੰਜਲੀ ਦੇ ਰੂਪ ਵਿਚ ਪੇਸ਼ ਹੁੰਦੀ ਹੈ। ਐਨ-ਮਰੀ ਬਾਰੇ ਕੁਝ ਸਮਾਂ ਪਹਿਲਾਂ ਦਿੱਲੀ ਦੇ ਅਖਬਾਰ ਫਾਈਨੈਂਨਸ਼ਲ ਐਕਸਪ੍ਰੈਸ ਨੇ ਲਿਖਿਆ ਸੀ ਕਿ ਇਸ ਸਮੇਂ "ਅੰਜਲੀ (ਐਨ-ਮਰੀ) ਭਾਰਤੀ ਨਾਟਯਮ, ਕੂਚੀਪੁੜੀ ਅਤੇ ਕਥਾਕਲੀ ਦੀ ਸੰਸਾਰ ਵਿਚ ਸਭ ਤੋਂ ਵਧੀਆ ਗੈਰ-ਭਾਰਤੀ ਕਲਾਕਾਰ ਹੈ।"

ਰੌਬਸਨ ਸੁਕੇਅਰ ਮੀਡੀਆ ਸੈਂਟਰ ਵਿਚ ਸ਼ਨਿਚਰਵਾਰ ਸ਼ਾਮ ਦੇ ਸਾਢੇ ਸੱਤ ਵਜੇ ਭਾਰਤੀ ਕਲਾਸੀਕਲ ਡਾਂਸ, ਸੰਗੀਤ, ਸਲਾਈਡਾਂ ਆਦਿ ਦਾ ਪ੍ਰੋਗਰਾਮ ਐਨਮਰੀ ਵਲੋਂ ਕੀਤਾ ਗਿਆ ਜਿਸਨੂੰ ਹਰ ਦਰਸ਼ਕ ਨੇ ਸਲਾਹਿਆ।

ਐਨ-ਮਰੀ 15 ਸਾਲ ਪਹਿਲਾਂ ਭਾਰਤ ਗਈ ਤਾਂ ਉਸ ਦਾ ਮਨ ਇਨ੍ਹਾਂ ਨਾਚਾਂ ਨੇ ਮੋਹ ਲਿਆ। ਉਸ ਸਮੇਂ ਉਹ ਦੋ ਸਾਲ ਭਾਰਤ ਵਿਚ ਰਹੀ। ਉਸ ਦਾ ਵਿਚਾਰ ਹੈ ਕਿ ਇਨ੍ਹਾਂ ਨਾਚਾਂ ਨੂੰ ਮਾਨਣ ਲਈ ਤੁਹਾਨੂੰ ਇਨ੍ਹਾਂ ਬਾਰੇ ਜਾਨਣ ਦੀ ਲੋੜ ਨਹੀਂ ਕਿਉਂਕਿ ਜਦ ਤੁਸੀਂ ਇਹ ਨਾਚ ਦੇਖਦੇ ਹੋ ਤਾਂ ਇਹ ਨਾਚ ਤੁਹਾਨੂੰ ਆਪ ਹੀ ਕੀਲ ਲੈਂਦੇ ਹਨ।

ਜਿਸ ਸਮੇਂ ਐਨ-ਮਰੀ ਇਹ ਨਾਚ ਪੇਸ਼ ਕਰਦੀ ਹੈ ਤਾਂ ਉਹ ਇਕ ਸੰਤੁਲਤ ਪ੍ਰੋਗਰਾਮ ਵਿਚ ਨਿਯਮ-ਬੱਧ ਕੀਤੇ ਹੁੰਦੇ ਹਨ। ਕਲਾਸੀਕਲ ਭਾਰਤੀ ਸਟਾਈਲ ਵਿਚ ਛੋਟੇ ਛੋਟੇ ਨਾਚਾਂ ਦੀਆਂ ਲੜੀਆਂ, ਜਿਨ੍ਹਾਂ ਵਿਚ ਵੱਖ ਵੱਖ ਪੱਖ ਪੇਸ਼ ਕੀਤੇ ਹੁੰਦੇ ਹਨ — ਕਾਵਿਕ ਜਾਂ ਗੱਦ ਟੁਕੜੇ, ਭਾਰਤੀ ਪੇਂਟਿਗਜ ਜਾਂ ਬੁੱਤਾਂ ਦੀਆਂ ਸਲਾਈਡਾਂ ਆਦਿ ਨਾਲ ਤਰਤੀਬ ਦਿਤੀ ਹੁੰਦੀ ਹੈ। ਇਸ ਪਰੋਗਰਾਮ ਵਿਚ ਭਾਰਤੀ ਧਰਮਾਂ ਦੀਆਂ ਦੇਵੀਆਂ, ਉਨ੍ਹਾਂ ਦੀ ਖੂਬਸੂਰਤੀ, ਸ਼ਕਤੀ ਅਤੇ ਹੋਰ ਕਲਾ ਪੱਖ ਵੀ ਉਜਾਗਰ ਕੀਤੇ ਜਾਂਦੇ ਹਨ। ਭਾਰਤੀ ਕਲਾਸੀਕਲ ਕਿਤਾਬਾਂ ਵਿਚ ਔਰਤਾਂ ਨੂੰ ਮਨੁੱਖਾਂ ਦੇ ਸੰਦਰਭ ਵਿਚ ਪੇਸ਼ ਕੀਤਾ ਗਿਆ ਦਰਸਾਇਆ ਗਿਆ ਹੈ। ਐਨ-ਮਰੀ ਦਾ ਕਹਿਣਾ ਹੈ ਕਿ ਇਹ ਨਾਚ ਔਰਤ ਦੀਆਂ ਅੱਠ ਮਨੋਵਿਗਿਆਨਕ ਦਿਸ਼ਾਵਾਂ ਨੂੰ ਚਿਤਰਦੇ ਹਨ : ਪ੍ਰੇਮੀ ਨਾਲ ਆਲਿੰਗਣ ਦੀ ਮੁਦਰਾ, ਪ੍ਰੇਮੀ ਨੂੰ ਮਿਲਣ ਤੋਂ ਪਹਿਲਾਂ ਦੀ ਤਿਆਰੀ, ਉਦਾਸੀ, ਈਰਖਾ, ਪਛਤਾਵਾ, ਘਬਰਾਹਟ, ਮਿਲਣ ਦੀ ਤਾਂਘ, ਪ੍ਰੇਮੀ ਦੇ ਨਾ ਮਿਲਣ ਦਾ ਡਰ, ਦੂਜੀਆਂ ਔਰਤਾਂ ਦਾ ਧਿਆਨ ਆਦਿ।

ਐਨ-ਮਰੀ, ਜੋ ਪ੍ਰੋਟੈਸਟੈਂਟ ਹੈ, ਦਾ ਕਹਿਣਾ ਹੈ ਕਿ ਇਨ੍ਹਾਂ ਨਾਚਾਂ ਦੀ ਖੂਬਸੂਰਤੀ ਇਸ ਵਿਚ ਹੈ ਕਿ ਧਾਰਮਿਕਤਾ ਤੇ ਧਰਮ-ਨਿਰਪੱਖਤਾ ਦੋਵੇਂ ਹੀ ਰਲਗੱਡ ਹੋ ਜਾਂਦੀਆਂ ਹਨ।

ਅੰਜਲੀ — ਜਿਸਦਾ ਅਸਲੀ ਨਾਂ ਐਨ-ਮਰੀ ਗੈਸਟਨ ਹੈ



ਪੰਜਾਬ ਸਮੱਸਿਆ ਤੇ ਹਿੰਦੂ ਸਿੱਖ ਏਕਤਾ

ਸੰਤ ਸਿੰਘ ਸੇਖੋਂ

ਵਰਤਮਾਨ ਦੀ ਪੰਜਾਬ ਸਮੱਸਿਆ ਦਾ ਆਦਰਸ਼ਕ ਸੁਲਝਾਉ ਇਥੇ ਹਿੰਦੂ ਸਿੱਖ ਏਕਤਾ ਰਾਹੀਂ ਹੀ ਹੋ ਸਕਦਾ ਹੈ। ਪਰ ਹਿੰਦੂ ਸਿੱਖ ਏਕਤਾ ਪ੍ਰਸਿੱਧ ਕਹਾਵਤ ਵਾਲੇ 'ਨੌਂ ਮਣ ਤੇਲ' ਦੀ ਗੱਲ ਹੈ। ਅਰਥਾਤ ਨਾ ਨੌਂ ਮਣ ਤੇਲ ਹੋਗਾ ਨਾ ਰਾਧਾ ਨਾਚੇਗੀ। 1947 ਤੋਂ ਪਹਿਲਾਂ ਵੀ ਜਦੋਂ ਸੁਤੰਤਰਤਾ ਸੰਗਰਾਮ ਚੱਲ ਰਿਹਾ ਸੀ, ਪੰਜਾਬੀ ਹਿੰਦੂਆਂ ਦਾ ਵੱਡਾ ਭਾਗ ਕਾਂਗਰਸ ਦਾ ਹਾਮੀ ਸੀ ਤੇ ਸਿੱਖਾਂ ਦਾ ਵੱਡਾ ਭਾਗ ਅਕਾਲੀ ਪਾਰਟੀ ਦਾ, ਭਾਵੇਂ ਕਾਂਗਰਸ ਪਾਰਟੀ ਤੇ ਅਕਾਲੀ ਪਾਰਟੀ ਵਿਚ ਬਹੁਤ ਕਰਕੇ ਇਕਮੁੱਠਤਾ ਰਹਿੰਦੀ ਸੀ ਫਿਰ ਵੀ ਸੁਤੰਤਰੇਤਾ ਪ੍ਰਾਪਤੀ ਪਿਛੋਂ 1952 ਦੀਆਂ ਚੋਣਾਂ ਵਿਚ ਅਕਾਲੀ ਪਾਰਟੀ ਕਾਂਗਰਸ ਦੇ ਵਿਰੋਧ ਵਿਚ ਲੜੀ ਸੀ, ਪਰ ਇਸ ਨੂੰ ਪੰਜਾਬ ਦੇ ਪੰਜਾਬੀ ਭਾਸ਼ੀ ਭਾਗ ਵਿਚੋਂ ਅੱਸੀ ਕੁ ਥਾਵਾਂ ਵਿਚੋਂ ਕੇਵਲ ਤੇਰਾਂ ਸੀਟਾਂ ਮਿਲੀਆਂ ਸਨ, ਕਿਉਂਕਿ ਸਿੱਖ ਜਨਤਾ ਦੇ ਚੋਖੇ ਭਾਗ ਵਿਚ ਕਾਂਗਰਸ ਦੇ ਝੰਡੇ ਅਧੀਨ ਏਕਤਾ ਸਥਾਪਤ ਕਰਨ ਦੀ ਭਾਵਨਾ ਸੀ। 1952 ਤੋਂ 1957 ਤਕ ਕਾਂਗਰਸ ਵਲੋਂ ਅਕਾਲੀ ਪਾਰਟੀ ਨੂੰ ਆਪਣੇ ਵਿਚ ਮਿਲਾ ਲੈਣ ਦੇ ਯਤਨ ਹੁੰਦੇ ਰਹੇ ਜਿਨ੍ਹਾਂ ਦਾ ਫਲਸਰੂਪ 1957 ਵਿਚ ਅਕਾਲੀ ਪਾਰਟੀ ਕਾਂਗਰਸ ਵਿਚ ਮਿਲ ਗਈ ਤੇ ਅਕਾਲੀਆਂ ਨੇ ਕਾਂਗਰਸ ਦੇ ਝੰਡੇ ਹੇਠਾਂ ਹੀ ਚੋਣਾਂ ਲੜੀਆਂ। ਪਰ ਇਹ ਏਕਤਾ ਪੂਰਣ ਏਕਤਾ ਨਹੀਂ ਸੀ, ਇਹ ਦਾਲ ਦੇ ਬੀਜਾਂ ਵਾਲੀ ਏਕਤਾ ਸੀ. ਜਿਸ ਵਿਚ ਇਹ ਛਿੱਲੜ ਦੇ ਅੰਦਰ ਦੋ ਟੁਕੜੇ ਹੁੰਦੇ ਹਨ ਜਿਸ ਕਰ ਕੇ ਇਨ੍ਹਾਂ ਬੀਜਾਂ ਨੂੰ ਦਾਲਾਂ ਕਿਹਾ ਜਾਂਦਾ ਹੈ। ਇਹ ਏਕਤਾ ਬਹੁਤਾ ਚਿਰ ਬਣੀ ਨਾ ਰਹੀ ਤੇ 1954 ਵਿਚ ਜਦੋਂ ਪ੍ਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਬਣੇ ਤਾਂ ਇਕ ਪਾਸੇ ਅਕਾਲੀਆਂ ਨੇ ਸਿੱਖਾਂ ਦੀ ਆਜ਼ਾਦ ਹਸਤੀ ਤੇ ਪੰਜਾਬੀ ਭਾਸ਼ਾ ਨੂੰ ਰਾਜ ਭਾਸ਼ਾ ਬਣਾਉਣ ਦੇ ਪ੍ਰਸ਼ਨਾਂ ਉਤੇ ਆਪਣੇ ਆਪ ਨੂੰ ਕਾਂਗਰਸ ਦੇ ਵਿਰੁੱਧ ਸੰਗਠਿਤ ਕਰਕੇ ਇਕ ਤਕੜੀ ਲਹਿਰ ਬਣਾਈ ਅਤੇ ਇਸ ਲਹਿਰ ਦੇ ਪ੍ਰਭਾਵ ਹੇਠ 1960 ਵਿਚ ਅਕਾਲੀਆਂ ਨੇ ਆਜ਼ਾਦ ਸਿੱਖ ਰਾਜ ਲਈ ਸਤਿਆਗ੍ਰਹਿ ਕੀਤਾ ਜਿਸ ਵਿਚ ਸੱਠ ਹਜ਼ਾਰ ਤੋਂ ਵੱਧ ਅਕਾਲੀ ਕੈਦ ਹੋਏ।

ਵਿਆਪਕ ਸੰਮਤੀ

ਦੂਜੇ ਪਾਸੇ 1957-58 ਵਿਚ, ਲਾਲਾ ਭੀਮ ਸੈਨ ਸੱਚਰ ਦੇ ਪੰਜਾਬ ਨੂੰ ਪੰਜਾਬੀ ਭਾਸ਼ੀ ਤੇ ਹਿੰਦੀ ਭਾਸ਼ੀ ਖੇਤਰਾਂ ਵਿਚ ਵੰਡਣ ਉਤੇ ਬਹੁਤ ਕਰ ਕੇ ਹਰਿਆਣੇ ਦੇ ਹਿੰਦੂਆਂ ਨੇ ਪੰਜਾਬੀ ਭਾਸ਼ਾ ਦੇ ਵਿਰੁੱਧ ਸੰਘਰਸ਼ ਕੀਤਾ ਜਿਸ ਦੀ ਵੱਡੀ ਲਲਕਾਰ ਸੀ, 'ਊੜਾ ਐੜਾ ਨਹੀਂ ਪੜ੍ਹਾਂਗੇ'। ਗੱਲ ਕੀ ਪੰਜਾਬੀ ਭਾਸ਼ੀ ਰਾਜ ਦੀ ਸਥਾਪਤੀ ਬਾਰੇ ਸਿੱਖਾਂ ਤੇ ਹਿੰਦੂਆਂ ਵਿਚ ਕਦੀ ਵੀ ਵਿਆਪਕ ਸੰਮਤੀ ਨਾ ਹੋਈ। ਬਹੁਤ ਥੋੜ੍ਹੇ ਹਿੰਦੂ ਕਾਂਗਰਸੀ, ਸੋਸ਼ਲਿਸਟ ਤੇ ਕਮਿਊਨਿਸਟ ਪ੍ਰਭਾਵਾਂ ਅਧੀਨ, ਵੱਖਰੇ ਪੰਜਾਬੀ ਸੂਬੇ ਦੇ ਸਮਰਥਕ ਬਣੇ। ਸਗੋਂ ਸਿੱਖਾਂ ਦੇ ਇਕ ਵਡੇਰੇ ਭਾਗ ਨੇ ਕਾਂਗਰਸ ਦੇ ਸੰਗਠਨ ਵਿਚ ਮਿਲ ਕੇ ਪੰਜਾਬੀ ਸੂਬੇ ਦਾ ਵਿਰੋਧ ਕੀਤਾ ਤੇ ਕਾਂਗਰਸ ਦੇ ਸਿੱਖ ਆਗੂਆਂ ਸ. ਦਰਬਾਰਾ ਸਿੰਘ ਤੇ ਸ. ਗੁਰਦਿਆਲ ਸਿੰਘ ਢਿੱਲੋਂ ਆਦਿ ਨੇ ਤਾਂ ਇਥੋਂ ਤਕ ਕਹਿ ਦਿੱਤਾ ਕਿ ਪੰਜਾਬੀ ਸੂਬਾ ਤਾਂ ਉਨ੍ਹਾਂ ਦੀਆਂ ਲਾਸ਼ਾਂ ਉਤੇ ਹੀ ਬਣੇਗਾ। ਪਰ ਫਿਰ ਵੀ ਰਾਜਸੀ ਤੇ ਇਤਿਹਾਸਕ ਸਮਾਚਾਰ ਕੁਝ ਐਸੇ ਬਣ ਗਏ ਕਿ ਕਾਂਗਰਸ ਨੇਤਾਵਾਂ ਨੂੰ 1965 ਵਿਚ ਪੰਜਾਬੀ ਭਾਸ਼ੀ ਰਾਜ ਬਣਾਣ ਦੀ ਮੰਗ ਨੂੰ ਮੰਨਣਾ ਪਿਆ। ਇਹ ਮੰਗ ਵੀ ਪੰਜਾਬ ਵਿਚ ਹਿੰਦੂ-ਸਿੱਖ ਏਕਤਾ ਦੇ ਅਧਾਰ ਉਤੇ ਕਾਮਜਾਬ ਨਹੀਂ ਹੋਈ ਸੀ। ਸੰਤ ਫਤਿਹ ਸਿੰਘ ਨੇ ਮਾਸਟਰ ਤਾਰਾ ਸਿੰਘ ਦੀ ਸਿੱਖ ਸਟੇਟ ਦੇ ਨਾਅਰੇ ਨੂੰ ਛੱਡ ਕੇ ਪੰਜਾਬੀ ਭਾਸ਼ੀ ਰਾਜ ਦਾ ਨਾਅਰਾ ਅਪਣਾ ਲਿਆ ਸੀ ਜਿਸ ਕਾਰਨ ਕੇਂਦਰੀ ਸਰਕਾਰ ਨੂੰ ਆਪਣਾ ਮਾਣ ਬਚਾਉਣ ਦਾ ਬਹਾਨਾ ਮਿਲ ਗਿਆ।

ਕੱਟ ਛਾਂਟ

ਫਿਰ ਵੀ ਇਹ ਵਰਤਮਾਨ ਪੰਜਾਬੀ ਭਾਸ਼ੀ ਰਾਜ ਦੀ ਬਹੁਤ ਕਰ ਕੇ ਪੰਜਾਬ ਦੇ ਹਿੰਦੂਆਂ ਦੀ ਸੰਮਤੀ ਨਹੀਂ ਪ੍ਰਾਪਤ ਕਰ ਸਕਿਆ ਸੀ। ਉਨ੍ਹਾਂ ਦੀ ਅਸੰਮਤੀ ਕਾਰਨ ਇਹ ਪੰਜਾਬੀ ਰਾਜ, ਅਕਾਲੀ ਪਾਰਟੀ ਦੀਆਂ, ਜਿਸ ਨੂੰ ਸੰਪਰਦਾਇਕ ਕਿਹਾ ਜਾ ਸਕਦਾ ਹੈ, ਆਸਾਂ ਤੋਂ ਵਿਰੁੱਧ ਬਹੁਤ ਜ਼ਿਆਦਾ ਕੱਟ ਛਾਂਟ ਦਿੱਤਾ ਗਿਆ। ਇਸ ਨੂੰ 1954 ਦੇ ਸੱਚਰ ਫਾਰਮੂਲੇ ਦੇ ਪੰਜਾਬੀ ਭਾਸ਼ੀ ਖੇਤਰ ਨਾਲੋਂ ਵੀ ਛੋਟਾ ਬਣਾ ਦਿੱਤਾ ਗਿਆ ਜਦੋਂ ਇਸ ਵਿਚੋਂ ਊਨੇ ਦੀ ਤਹਿਸੀਲ ਤੇ ਅੰਬਾਲੇ ਦੀ ਤਹਿਸੀਲ ਕੱਢ ਦਿੱਤੇ ਗਏ, ਹਾਲਾਂਕਿ ਅਕਾਲੀਆਂ ਦਾ ਇਕ ਭਾਗ ਸਾਰੇ ਅੰਬਾਲੇ ਜ਼ਿਲੇ ਨੂੰ, ਕਰਨਾਲ ਜ਼ਿਲੇ ਦੇ ਉਤਰੀ ਭਾਗ ਨੂੰ ਜੋ ਹੁਣ ਕੁਰਕਸ਼ਤਰ ਦਾ ਜ਼ਿਲਾ ਬਣ ਗਿਆ ਹੈ ਤੇ ਹਿਸਾਰ ਦੀਆਂ ਸਰਸਾ ਤੇ ਫਤਿਹਾਬਾਦ ਤਹਿਸੀਲਾਂ ਨੂੰ, ਜੋ ਹੁਣ ਸਰਸਾ ਜ਼ਿਲਾ ਬਣ ਗਈਆਂ ਹਨ, ਪੰਜਾਬੀ ਭਾਸ਼ੀ ਰਾਜ ਵਿਚ ਮਿਲਾਉਣ ਲਈ ਤਿਆਰ ਸਨ। ਇਸ ਤਰ੍ਹਾਂ ਸੰਗਠਿਤ ਹੋਏ ਪੰਜਾਬੀ ਭਾਸ਼ੀ ਰਾਜ ਵਿਚ ਹਿੰਦੂਆਂ ਦੀ ਵਸੋਂ ਦੇ ਬਰਾਬਰ ਹੀ ਹੋਣੀ ਸੀ।

ਕੌੜਾ ਵਿਰੋਧ

ਪਰ ਪੰਜਾਬ ਨੂੰ ਇਕ ਵੱਖਰਾ ਇਕ ਭਾਸ਼ੀ ਰਾਜ ਕੇਵਲ ਪੰਜਾਬ ਦੇ ਸਿੱਖ ਹੀ ਬਣਾਉਣਾ ਚਾਹੁੰਦੇ ਸਨ ਤੇ ਉਨ੍ਹਾਂ ਨੂੰ ਇਹ ਛਾਂਗਿਆਂ, ਛਿੱਲਿਆ ਪੰਜਾਬ ਸਗੋਂ ਹੋਰ ਵਧੇਰੇ ਰਾਸ ਆ ਗਿਆ। ਹੁਣ ਕਿਸੇ ਗੋਪੀ ਚੰਦ ਭਾਰਗੋ ਤੇ ਭੀਮ ਸੈਨ ਸੱਚਰ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਨਾ ਨਸੀਬ ਨਹੀਂ ਹੋਵੇਗਾ। ਇਸ ਤਰ੍ਹਾਂ ਵਰਤਮਾਨ ਇਕ ਭਾਸ਼ੀ ਪੰਜਾਬ ਨੂੰ ਯੋਗ ਤੋਂ ਵੱਧ ਛੋਟਾ ਕਰਵਾ ਕੇ ਪੰਜਾਬ ਦੇ ਹਿੰਦੂਆਂ ਨੇ ਇਕ ਤਰ੍ਹਾਂ ਨਾਲ ਆਪਣੇ ਪੈਰੀਂ ਆਪ ਕੁਹਾੜਾ ਮਾਰਿਆ। ਜੇ 1961 ਦੀ ਜਨਗਣਨਾ ਦੇ ਆਧਾਰ ਉਤੇ ਸ਼ਾਹ ਕਮਿਸ਼ਨ ਦਾ ਬਣਾਇਆ ਪੰਜਾਬ ਹੀ ਸ੍ਰੀਮਤੀ ਇੰਦਰਾ ਗਾਂਧੀ ਨੇ ਮੰਨ ਲਿਆ ਹੁੰਦਾ ਤਾਂ ਖਰੜ ਤਹਿਸੀਲ ਤੇ ਚੰਡੀਗੜ੍ਹ ਸ਼ਹਿਰ ਵੀ ਹਰਿਆਣੇ ਨੂੰ ਚਲੇ ਜਾਂਦੇ। ਸੋਚਣ ਵਾਲੀ ਗੱਲ ਹੈ ਕਿ ਇਸ ਨਾਲ ਪੰਜਾਬ ਦੀ ਸਿੱਖ ਵਸੋਂ ਦਾ ਕੇਂਦਰੀ ਸਰਕਾਰ ਨਾਲ ਝਗੜਾ ਕਿਤਨੀ ਕੁ ਕਠੋਰ ਸ਼ਕਲ ਧਾਰ ਜਾਂਦਾ। ਇਉਂ ਪ੍ਰਤੀਤ ਹੁੰਦਾ ਹੈ ਕਿ ਇਕ ਵਾਰੀ ਤਾਂ ਸ੍ਰੀਮਤੀ ਗਾਂਧੀ ਦੇ ਦਿਲ ਵਿਚ ਵੀ ਸਿੱਖਾਂ ਦੇ ਹਿਤਕਾਰ ਦਾ ਵਿਚਾਰ ਉਪਜ ਹੀ ਪਿਆ ਸੀ। ਕੀ ਇਸਦਾ ਕਾਰਨ ਮਰਹੂਮ ਸੰਜੇ ਗਾਂਧੀ ਦਾ ਇਕ ਸਿੱਖ ਲੜਕੀ ਨਾਲ ਵਿਆਹ ਕਰਵਾਉਣਾ ਤਾਂ ਨਹੀਂ ਸੀ ?

ਫਿਰ ਖਿਆਲ ਆਉਂਦਾ ਹੈ ਜਿਥੇ ਇੰਦਰਾ ਗਾਂਧੀ ਨੇ ਸ਼ਾਹ ਕਮਿਸ਼ਨ ਦੀ ਰਿਪੋਰਟ ਦੇ ਉਲਟ ਜਾ ਕੇ ਖਰੜ ਦੀ ਤਹਿਸੀਲ ਪੰਜਾਬ ਨੂੰ ਦੇ ਦਿੱਤੀ ਸੀ, ਉਥੇ ਜੇ ਚੰਡੀਗੜ੍ਹ ਦਾ ਸ਼ਹਿਰ ਵੀ ਪੰਜਾਬ ਨੂੰ ਦੇ ਦਿੱਤਾ ਜਾਂਦਾ ਤਾਂ ਹਰਿਆਣੇ ਨੇ ਕੀ ਆਫਤ ਮਚਾ ਦੇਣੀ ਸੀ। ਉਸ ਨੂੰ ਆਪਣੀ ਨਵੀਂ ਰਾਜਧਾਨੀ ਬਣਾਉਣ ਲਈ ਕੁਝ ਯੋਗ ਤੋਂ ਵਧੇਰੇ ਰੁਪਿਆ ਦੇ ਦਿੱਤਾ ਜਾਂਦਾ ਤਾਂ ਸਭ ਨੇ ਖੁਸ਼ ਹੋ ਜਾਣਾ ਸੀ। ਜਿਹੜਾ ਰੌਲਾ ਗੌਲਾ ਹੁਣ ਚੌਧਰੀ ਦੇਵੀ ਲਾਲ ਤੇ ਉਸ ਦੇ ਸਾਥੀ ਮਚਾ ਰਹੇ ਹਨ ਇਹ ਨਹੀਂ ਮੱਚਣਾ ਸੀ, ਕਿਉਂਕਿ ਚੌਧਰੀ ਦੇਵੀ ਲਾਲ ਉਸ ਵਕਤ ਕਾਂਗਰਸ ਵਿਚ ਸੀ ਤੇ ਉਹ ਸਿੱਖਾਂ ਦਾ ਵੀ ਮਿਤਰ ਸੀ। (ਉਹ ਹੁਣ ਵੀ ਸਿੱਖਾਂ ਦਾ ਮਿਤਰ ਹੈ ਤੇ ਜੇ ਚੰਡੀਗੜ੍ਹ ਤੇ ਫਾਜ਼ਿਲਕਾ ਦੀ ਤਹਿਸੀਲ ਬਾਰੇ ਇਤਨਾ ਰੌਲਾ ਪਾ ਰਿਹਾ ਹੈ ਤਾਂ ਇਸ ਦਾ ਕਾਰਨ, ਮੇਰੇ ਵਿਚਾਰ ਵਿਚ, ਉਸ ਦੀ ਸਿੱਖਾਂ ਵੱਲ ਸੁਹਿਰਦਤਾ ਘਟ ਜਾਣ ਦੀ ਗੱਲ ਨਹੀਂ, ਕਾਂਗਰਸ ਨਾਲ ਅੱਤ ਕੌੜੇ ਵਿਰੋਧ ਦੀ ਗੱਲ ਹੈ ਉਹ ਕਾਂਗਰਸ ਨੂੰ ਨੁਕਸਾਨ ਪੁਚਾਉਣ ਲਈ ਆਪਣੇ ਸਿੱਖ ਦੋਸਤਾਂ ਨਾਲ ਵੀ ਹੁਣ ਅਨਿਆਇ ਕਰਨ ਤੋਂ ਝਿਜਕਦਾ ਨਹੀਂ ਦਿਸਦਾ)

ਪਰ ਗੱਲ ਤਾਂ ਇਸ 'ਜੇ' ਤੇ 'ਸ਼ਾਇਦ' ਤੋਂ ਪਰੇ ਲੰਘ ਗਈ ਹੈ। ਪੁਲਾਂ ਹੇਠ ਦੀ ਬੜਾ ਪਾਣੀ ਵਗ ਚੁੱਕਿਆ ਹੈ। ਸ੍ਰੀਮਤੀ ਗਾਂਧੀ ਨੂੰ ਸਿੱਖਾਂ ਬਾਰੇ ਆਪਣਾ ਪੈਂਤੜਾ ਬਦਲਣ ਦੀ ਘੋਰ ਸਜ਼ਾ ਮਿਲ ਗਈ ਹੈ ਅਤੇ ਜੋ ਕੁਝ ਅੱਜ ਪੰਜਾਬ ਵਿਚ ਬੀਤ ਰਿਹਾ ਹੈ ਉਹ ਦੇਸ਼ ਦੀ ਕੇਂਦਰੀ ਕਾਂਗਰਸੀ ਸਰਕਾਰ ਲਈ ਵੀ ਇਕ ਭਵਿੱਖਬਾਜ਼ੀ ਸਜ਼ਾ ਵੱਲ ਹੀ ਉਂਗਲੀ ਕਰ ਰਿਹਾ ਹੈ।

ਕਲੇਸ਼

ਭਾਰਤ ਨੂੰ ਤੇ ਸਿੱਖਾਂ ਨੂੰ ਅਜੋਕੇ ਕਲੇਸ਼ ਤੋਂ ਮੁਕਤ ਕਰਨਾ ਬਹੁਤ ਕਰ ਕੇ ਅੱਜ ਵੀ ਪੰਜਾਬ ਦੀ ਹਿੰਦੂ ਵਸੋਂ ਤੇ ਉਸਦੇ ਆਗੂਆਂ ਦੇ ਅਧਿਕਾਰ ਵਿਚ ਹੈ। ਪਰ ਪੰਜਾਬ ਦੇ ਹਿੰਦੂ ਆਗੂ, ਭਾਰਤੀ ਜਨਤਾ ਪਾਰਟੀ ਦੀ ਨੀਤੀ ਅਨੁਸਾਰ, ਇਸ ਗੱਲ ਉਤੇ ਉਧਾਰ ਖਾਈ ਬੈਠੇ ਹਨ ਕਿ ਕੇਂਦਰ ਅੱਗੋਂ ਜਾਂ ਪਿੱਛੋਂ ਸ. ਸੁਰਜੀਤ ਸਿੰਘ ਬਰਨਾਲਾ ਦੀ ਵਜ਼ਾਰਤ ਨੂੰ ਬਰਖਾਸਤ ਕਰ ਕੇ ਇਥੇ ਗਵਰਨਰ ਦਾ ਰਾਜ ਸਥਾਪਤ ਕਰ ਦੇਵੇਗਾ ਤੇ ਫਿਰ ਜੇ ਲੋੜ ਪਵੇ ਤਾ ਫੌਜੀ ਰਾਜ ਵੀ। ਇਹ ਗੱਲ ਸੰਭਾਵਨਾ ਦੇ ਮੰਡਲ ਤੋਂ ਬਾਹਰ ਦੀ ਗੱਲ ਨਹੀਂ ਪਰ ਪੰਜਾਬ ਦੇ ਹਿੰਦੂ ਆਗੂ ਇਸ ਦੇ ਖਤਰਿਆਂ ਨੂੰ ਕੇਂਦਰੀ ਸਰਕਾਰ ਦੇ ਬਲ ਉਤੇ ਭਰੋਸਾ ਰੱਖ ਕੇ ਅੱਖੋਂ ਉਹਲੇ ਕਰ ਰਹੇ ਹਨ। ਪੰਜਾਬੀ ਵਿਚ ਇਕ ਕਹਾਵਤ ਹੈ ਜਿਸ ਦਾ ਸਰਲ ਭਾਵ ਹੈ ਕਿ ਇਕ ਨਿਰਸ਼ਕਤ ਵਿਅਕਤੀ ਆਪਣੇ ਭਰਾ ਦੀ ਸ਼ਕਤੀ ਉਤੇ ਤਾਂਘੜਦਾ ਹੈ।

ਪੰਜਾਬ ਦੇ ਹਿੰਦੂ ਆਗੂ ਇਤਨੇ ਕੁਰਾਹੇ ਪੈ ਗਏ ਹਨ ਕਿ ਉਨ੍ਹਾਂ ਨੂੰ ਹੁਣ ਸਿਖ ਜਨਤਾ ਦੇ ਹਿਤ ਦਾ ਵੀ ਖਿਆਲ ਨਹੀਂ ਰਿਹਾ। ਪਿੰਡ ਬ੍ਰਹਮਪੁਰਾ ਵਿਚ ਸੀ, ਆਰ.ਪੀ. ਦੀਆਂ ਵਧੀਕੀਆਂ ਵਿਰੁੱਧ ਸਾਰੀ ਪੰਜਾਬੀ ਜਨਤਾ ਨੇ ਰੌਲਾ ਪਾਇਆ ਹੈ। ਪੰਜਾਬ ਦੇ ਖੱਬੀ ਖਾਨ ਪੁਲੀਸ ਜਰਨੈਲ ਰਿਬੇਰੋ ਨੇ ਵੀ ਇਸ ਘਟਨਾ ਵਿਚ ਸੀ.ਆਰ.ਪੀ. ਨੂੰ ਦੋਸ਼ੀ ਠਹਿਰਾਇਆ ਹੈ ਤੇ ਪਿੰਡ ਦੇ ਲੋਕਾਂ ਪਾਸੋਂ ਮੁਆਫੀ ਮੰਗੀ ਹੈ। ਪਰ ਪੰਜਾਬ ਦੇ ਹਿੰਦੂਆਂ ਦੇ ਸੱਤ ਸੰਗਠਨਾਂ ਨੇ ਆਪਣੀ ਰਿਪੋਰਟ ਵਿਚ ਬ੍ਰਹਮਪੁਰਾ ਦੇ ਲੋਕਾਂ ਦੇ ਹੱਕ ਵਿਚ 'ਹਾਅ ਦਾ ਨਾਅਰਾ' ਨਹੀਂ ਮਾਰਿਆ। ਉਲਟਾ ਸੀ.ਆਰ.ਪੀ. ਦੀ ਹੀ ਹਾਮੀ ਭਰੀ ਹੈ। ਹਿੰਦੂ ਆਗੂਆਂ ਦਾ ਖੂਨ ਇਤਨਾ ਚਿੱਟਾ ਹੋ ਗਿਆ ਹੈ ਕਿ ਉਨ੍ਹਾਂ ਨੂੰ ਸਿੱਖ ਜਨਤਾ ਵਿਚ ਆਪਣਾ ਕੋਈ ਭਾਈ ਭਰਾ ਨਹੀਂ ਦਿਸਦਾ। ਜਦੋਂ ਸਰਹੰਦ ਵਿਚ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਨਵਾਬ ਨੇ ਕਤਲ ਕੀਤੇ ਜਾਣ ਦਾ ਹੁਕਮ ਕੀਤਾ ਸੀ ਤਾਂ ਮਲੇਰਕੋਟਲੇ ਦਾ ਨਵਾਬ ਸਰਹੰਦ ਦੇ ਦਰਬਾਰ ਵਿਚੋਂ ਰੋਸ ਵਜੋਂ ਉਠ ਗਿਆ ਸੀ। ਉਸ ਦਾ ਕਹਿਣਾ ਸੀ ਕਿ ਗੁਰੂ ਗੋਬਿੰਦ ਸਿੰਘ ਨਾਲ ਦੁਸ਼ਮਣੀ ਕਰ ਕੇ ਉਸ ਦੇ ਮਾਸੂਮ ਨਾਬਾਲਗ ਪੁੱਤਰਾਂ ਦੀ ਜਾਨ ਲੈਣੀ ਇਸਲਾਮ ਦੇ ਕਾਨੂੰਨ ਅਨੁਸਾਰ ਹੀ ਨਹੀਂ, ਮਨੁੱਖਤਾ ਦੀ ਭਾਵਨਾ ਅਨੁਸਾਰ ਵੀ ਜ਼ੁਲਮ ਸੀ।

ਸ਼ੱਕ ਦੀ ਗੱਲ

ਪਰ ਉਪਰੋਕਤ ਸੱਤਾਂ ਸਭਾਵਾਂ ਤੋਂ ਇਤਨਾ ਵੀ ਨਹੀਂ ਸਰਿਆ। ਜ਼ਰਾ ਸੋਚੋ ਜੇ ਇਹ ਸੰਗਠਨ ਵੀ ਬ੍ਰਹਮਪੁਰਾ ਦੀ ਸਚਾਈ ਨੂੰ ਦੇਖ ਕੇ ਉਥੋਂ ਦੇ ਲੋਕਾਂ ਨਾਲ ਹਮਦਰਦੀ ਪ੍ਰਗਟ ਕਰਦੇ ਤਾਂ ਇਨ੍ਹਾਂ ਦਾ ਕੁਝ ਘਟਣਾ ਨਹੀਂ ਸੀ ਸਗੋਂ ਸਿੱਖ ਅਤਿਵਾਦੀਆਂ ਨੂੰ ਚੁੱਪ ਕਰਾਉਣ ਵਾਲਾ ਇਹ ਇਕ ਨੁਕਤਾ ਬਣ ਜਾਣਾ ਸੀ। ਪਰ ਬੜੇ ਸ਼ੌਕ ਦੀ ਗੱਲ ਹੈ ਕਿ ਪੰਜਾਬ ਦੇ ਹਿੰਦੂ ਆਗੂ ਹਮੇਸ਼ਾ ਵਾਕਰ ਪੰਜਾਬ ਦੀ ਸਮੁੱਚੀ ਭਾਵੀ ਚਿੰਤਤ ਨਹੀਂ। ਉਹ ਇਥੇ ਰਾਜਪਾਲ ਦਾ ਰਾਜ ਤੇ ਫੌਜੀ ਸਪੁਰਦਗੀ ਸਥਾਪਤ ਕਰ ਕੇ ਹੀ ਦੇਸ਼ ਵਿਚ ਸ਼ਾਂਤੀ ਦੀ ਆਸ ਲਗਾਈ ਬੈਠੇ ਹਨ। ਇਹ ਸ਼ਾਂਤੀ ਕਬਰਾਂ ਦੀ ਸ਼ਾਂਤੀ ਹੋਵੇਗੀ ਤੇ ਉਪਰੋਕਤ ਹਿੰਦੂ ਆਗੂ ਇਸ ਕਬਰਾਂ ਦੀ ਸ਼ਾਂਤੀ ਵਿਚੋਂ ਕੀ ਤਸੱਲੀ ਪ੍ਰਾਪਤ ਕਰ ਸਕਣਗੇ, ਇਹ ਉਨ੍ਹਾਂ ਨੂੰ ਵੀ ਪਤਾ ਨਹੀਂ।

1951 ਤੇ 1961 ਦੀਆਂ ਮਰਦਮਸ਼ੁਮਾਰੀਆਂ ਵਿਚ ਪੰਜਾਬ ਦੇ ਅਜਿਹੇ ਹਿੰਦੂ ਆਗੂਆਂ ਨੇ ਹਿੰਦੂ ਵਸੋਂ ਦੇ ਚੋਖੇ ਭਾਗ ਨੂੰ ਆਪਣੀ ਭਾਸ਼ਾ ਹਿੰਦੀ ਦੱਸਣ ਲਈ ਪ੍ਰੇਰਿਆ ਤੇ ਕੁਰਾਹੇ ਪਾਇਆ। ਉਸ ਦਾ ਪਰਿਣਾਮ ਇਹ ਹੋਇਆ ਕਿ ਪੰਜਾਬੀ ਭਾਸ਼ੀ ਰਾਜ ਅਜਿਹਾ ਬਣਿਆ ਜਿਸ ਵਿਚ ਹਿੰਦੂਆਂ ਦੀ ਗਿਣਤੀ 36 ਪ੍ਰਤੀਸ਼ਤ ਬਣੀ। ਪੰਜਾਬੀ ਮੁਹਾਵਰੇ ਵਾਕਰ 'ਤਾਈ ਨੇ ਤੇਲੀ ਵੀ ਕੀਤਾ ਤੇ ਰੁੱਖਾ ਵੀ ਖਾਧਾ' ਇਹ ਗੱਲ ਪੰਜਾਬ ਦੀ ਹਿੰਦੂ ਵਸੋਂ ਦੀ ਹੈ।

ਜੇ ਪੰਜਾਬ ਦੀ ਹਿੰਦੂ ਵਸੋਂ ਇਹ ਸਮਝਦੀ ਹੈ ਕਿ ਕਦੀ ਸਮੁੱਚੇ ਭਾਰਤ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣ ਜਾਵੇਗੀ ਤਾਂ ਉਸ ਦੀ ਇਹ ਚਾਨਣੀ ਦੀਵਾਲੀ ਦੀ ਆਸ ਹੀ ਹੈ। ਜੇ 1977 ਵਾਲਾ ਚਮਤਕਾਰ ਫਿਰ ਵਰਤ ਜਾਵੇ ਤਾਂ ਭਾਰਤੀ ਜਨਤਾ ਪਾਰਟੀ ਵੱਧ ਤੋਂ ਵੱਧ ਕਿਸੇ ਸੰਯੁਕਤ ਪਾਰਟੀ ਸੰਗਠਨ ਵਿਚ ਤੀਜੇ ਥਾਂ ਵਾਲਾ ਹਿੱਸੇਦਾਰ ਹੀ ਬਣ ਸਕੇਗੀ ਤੇ 1977 ਵਾਕਰ ਸ਼ਾਇਦ ਇਸ ਦੀ ਬਹੁਮਤ ਵਾਲੀ ਸਰਕਾਰ ਕਿਸੇ ਰਾਜ ਵਿਚ ਵੀ ਨਾ ਬਣੇ।

ਬਾਕੀ ਪੰਨਾ 26 'ਤੇ

ਪੰਨਾ 25 ਦੀ ਬਾਕੀ

ਹਰੇ ਸੁਪਨੇ

ਪੰਜਾਬ ਦੀ ਹਿੰਦੂ ਵਸੋਂ ਤੇ ਇਸ ਦੇ ਆਗੂਆਂ ਨੂੰ ਕਾਂਗਰਸ ਤੋਂ ਵੀ ਬਹੁਤੀ ਆਸ ਨਹੀਂ ਰੱਖਣੀ ਚਾਹੀਦੀ। ਕਾਂਗਰਸ ਵੀ ਪੰਜਾਬ ਦੇ ਸਿੱਖਾਂ ਨੂੰ ਛੱਡ ਕੇ ਪੰਜਾਬ ਦੇ ਮਾਮਲਿਆਂ ਵਿਚ ਉਸ ਨੂੰ ਕਦੇ ਵੀ ਪਹਿਲ ਨਹੀਂ ਦੇਵੇਗੀ। ਇਹ ਆਪਣੇ ਆਪ ਨੂੰ ਇਕ ਫੇਟੀ ਹੋਈ ਕੌਮ ਨਾ ਬਣਾਵੇ ਤੇ ਸਮਝੇ। ਜੇ ਇਹ ਸਮਝਦੀ ਹੈ ਕਿ ਇਹ ਕਾਂਗਰਸ ਰਾਹੀਂ ਅਕਾਲੀ ਪਾਰਟੀ ਦੀ ਤਾਕਤ ਨੂੰ ਤੋੜ ਸਕਦੀ ਹੈ ਤਾਂ ਵੀ ਇਹ ਕੇਵਲ ਹਰੇ ਸੁਪਨੇ ਹੀ ਦੇਖਦੀ ਹੈ।

ਪੰਜਾਬ ਦੀ ਹਿੰਦੂ ਵਸੋਂ ਨੇ ਸਮੁੱਚੇ ਭਾਰਤ ਦੀ ਹਿੰਦੂ ਬਹੁਗਿਣਤੀ ਉਤੇ ਮਾਣ ਕਰ ਕੇ ਅੱਗੇ ਬਹੁਤ ਕੁਝ ਦੇਖ ਲਿਆ ਹੈ। ਉਹ ਬਹੁਗਿਣਤੀ ਅੱਗੇ 1947 ਵਿਚ ਵੀ ਇਸ ਵਸੋਂ ਨੂੰ ਪੰਜਾਬ ਵਿਚ ਮੁਸਲਮਾਨ ਫਸਾਦੀਆਂ ਦੇ ਰਹਿਮ ਉਤੇ ਛੱਡ ਗਈ ਸੀ ਤੇ ਹੁਣ ਵੀ ਅੰਤ ਭਾਰਤ ਦੀ ਕੇਂਦਰੀ ਸਰਕਾਰ ਨੂੰ ਪੰਜਾਬ ਦੀ ਸਿੱਖ ਵਸੋਂ ਨਾਲ ਸਮਝੌਤਾ ਕਰਨਾ ਪੈਣਾ ਹੈ, ਲੌਂਗੋਵਾਲ-ਰਾਜੀਵ ਗਾਂਧੀ ਸਮਝੌਤੇ ਨਾਲੋਂ ਵਧੇਰੇ ਅਸਰਦਾਰ ਸਮਝੌਤਾ।

ਪੰਜਾਬ ਦੀ ਹਿੰਦੂ ਵਸੋਂ ਦਾ ਇਥੋਂ ਦੀ ਸਿੱਖ ਵਸੋਂ ਨਾਲ ਪ੍ਰੇਮ ਤੇ ਨਫਰਤ ਦਾ ਰਿਸ਼ਤਾ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਅੰਤ ਹੋਣ ਤੋਂ ਪਿਛੋਂ ਹੀ ਬਣਿਆ ਹੈ। ਪੰਜਾਬ ਦੀ ਫੂਲਕੀਆਂ ਰਿਆਸਤਾਂ ਵਿਚ 1947 ਤੋਂ ਵੀ ਪਿਛੋਂ ਤਕ ਇਹ ਰਿਸ਼ਤਾ ਕਰੀਬ ਕਰੀਬ ਉਸੇ ਤਰ੍ਹਾਂ ਦਾ ਹੀ ਰਿਹਾ ਜਿਸ ਤਰ੍ਹਾਂ ਦਾ ਸਮੁੱਚੇ ਪੰਜਾਬ ਵਿਚ ਰਣਜੀਤ ਸਿੰਘ ਦੇ ਰਾਜ ਵੇਲੇ ਸੀ ਤੇ ਉਸ ਰਿਸ਼ਤੇ ਵਿਚ ਪੰਜਾਬ ਦੀ ਹਿੰਦੂ ਵਸੋਂ ਘਾਟੇ ਵਿਚ ਨਹੀਂ ਰਹਿੰਦੀ ਸੀ। ਰਣਜੀਤ ਸਿੰਘ ਦੇ ਵਜ਼ੀਰਾਂ ਵਿਚੋਂ ਇਕ ਮੁਸਲਮਾਨ, ਫਕੀਰ ਅਜ਼ੀਜ਼-ਉਦ-ਦੀਨ ਨੂੰ ਛੱਡ ਕੇ ਸਾਰੇ ਹਿੰਦੂ ਹੀ ਹੁੰਦੇ ਸਨ ਤੇ ਸੈਨਾ ਵਿਚ ਵੀ ਹਿੰਦੂ ਜਰਨੈਲ ਹੁੰਦੇ ਸਨ। ਡੋਗਰੇ ਰਾਜਿਆਂ ਦਾ ਤਾਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਸਮਝੋ ਏਕਾਧਿਕਾਰ ਹੀ ਸੀ

ਸਿੱਖ ਰਾਜ ਦੇ ਅੰਤ ਹੋਣ 'ਤੇ ਇਹ ਸਥਿਤੀ ਬਦਲ ਗਈ। ਇਸ ਦਾ ਮੁੱਖ ਕਾਰਨ ਤਾਂ ਇਹ ਸੀ ਕਿ ਬਰਤਾਨੀਆ ਦੇ ਪੂੰਜੀਵਾਦੀ ਸਾਮਰਾਜ ਵਿਚ ਭਾਰਤ ਤੇ ਪੰਜਾਬ ਵਿਚ ਵੀ ਵਰਗ ਵੰਡ ਤਿੱਖੀ ਹੋ ਗਈ। ਪੰਜਾਬ ਦੀ ਸਿੱਖ ਵਸੋਂ ਦਾ 95 ਪ੍ਰਤੀਸ਼ਤ ਭਾਗ ਜ਼ਮੀਨ ਦਾ ਵਾਹਕ ਜਾਂ ਮਾਲਕ ਸੀ ਤੇ ਪੰਜਾਬ ਦੇ ਸ਼ਹਿਰਾਂ ਵਿਚ ਰਹਿਣ ਵਾਲੀ ਵਸੋਂ ਅੱਗੇ ਪੂੰਜੀਵਾਦੀ ਪ੍ਰਬੰਧ ਵਿਚ ਵੱਡੇ ਉਦਯੋਗ ਤੇ ਵਪਾਰ ਦੇ ਦਰਵਾਜ਼ੇ ਖੁੱਲ੍ਹ ਗਏ ਸਨ ਤੇ ਉਨ੍ਹਾਂ ਨੂੰ ਨਾ ਕੇਵਲ ਸਿੱਖ ਭੂਮੀਪਤੀਆਂ ਦੀ ਮੁਛੰਦਗੀ ਨਾ ਰਹੀ ਸਗੋਂ ਉਹ ਸਿੱਖ ਤੇ ਮੁਸਲਮਾਨ ਖੇਤੀ ਕਰਨ ਵਾਲਿਆਂ ਦੀ ਜ਼ਮੀਨ ਵੀ ਕਰਜ਼ਿਆਂ ਦੇ ਵਿਆਜ਼ ਵਿਚ ਹੜੱਪ ਕਰਨ ਲੱਗ ਪਈ। ਇਸ ਵਿਵਹਾਰ ਦੇ ਅਨਿਆਇ ਨੂੰ ਦੇਖ ਕੇ ਅੰਗਰੇਜ਼ ਹਾਕਮ ਵੀ ਪੰਘਰ ਗਏ ਤੇ ਉਨ੍ਹਾਂ ਨੇ 1901 ਦਾ ਭੂਮੀ ਵੇਚਣ ਕਾਨੂੰਨ ਬਣਾ ਕੇ ਹਿੰਦੂ ਵਪਾਰੀ ਤੇ ਦੁਕਾਨਦਾਰ ਵਸੋਂ ਨੂੰ ਖੇਤੀ ਕਰਨ ਵਾਲਿਆਂ ਦੀ ਭੋਇੰ ਖਰੀਦਣ ਦੇ ਅਯੋਗ ਕਰਾਰ ਦੇ ਦਿੱਤਾ। ਫਿਰ ਜਦੋਂ ਉਨੀਵੀਂ ਸਦੀ ਦੇ ਅੰਤ 'ਤੇ ਵੀਹਵੀਂ ਸਦੀ ਦੇ ਮੁੱਢ ਵਿਚ ਲਾਇਲਪੁਰ, ਮਿੰਟਗੁੰਮਰੀ, ਮੁਲਤਾਨ ਤੇ ਸਰਗੋਧੇ ਦੀਆਂ ਬਾਰਾਂ ਵਸੀਆਂ ਤਾਂ ਪੰਜਾਬ ਦੇ ਭੂਮੀਪਤੀ ਵਰਗ ਵਿਚ ਕੁਝ ਜਾਨ ਪਈ। 1914-18 ਦੇ ਵਿਸ਼ਵ ਯੁੱਧ ਤੋਂ ਪਿਛੋਂ ਇਹ ਭੂਮੀਪਤੀ ਵਰਗ ਆਪਣੀਆਂ ਵਿਕੀਆਂ ਹੋਈਆਂ ਭੂਮੀਆਂ ਹੀ ਹਿੰਦੂ ਸ਼ਾਹੂਕਾਰ ਵਸੋਂ ਪਾਸੋਂ ਵਾਪਸ ਲੈਣ ਲਗ ਪਿਆ ਹਿੰਦੂ ਵਪਾਰੀ ਵਸੋਂ ਵੀ ਇਹ ਭੂਮੀਆਂ ਵੇਚ ਕੇ ਖੁਸ਼ ਸੀ ਕਿਉਂਕਿ ਉਹੀ ਧਨ ਵਪਾਰ ਤੇ ਉਦਯੋਗ ਵਿਚ ਲਗਾਇਆਂ ਵਧੇਰੇ ਲਾਭ ਦਿੰਦਾ ਸੀ।

ਪ੍ਰੇਮ ਤੇ ਨਫਰਤ

ਇਸ ਸਮੇਂ ਤੋਂ ਪੰਜਾਬ ਦੀ ਹਿੰਦੂ ਵਸੋਂ ਦਾ ਇਥੋਂ ਦੀ ਸਿੱਖ ਵਸੋਂ ਨਾਲੋਂ ਵੀ ਨਾਤਾ ਟੁੱਟ ਗਿਆ। ਤੇ ਬਲਦੀ ਉਤੇ ਅੱਗ ਪਾ ਦਿੱਤੀ। ਆਰੀਆ ਸਮਾਜ ਦੀ ਲਹਿਰ ਨੇ, ਜਿਸ ਨੇ ਹਿੰਦੂ ਵਸੋਂ ਨੂੰ ਅਧਿਆਤਮਕ ਤੇ ਸਮਾਜਿਕ ਸਾਰੀਆਂ ਖੁੱਲ੍ਹਾਂ ਪ੍ਰਦਾਨ ਕਰ ਦਿੱਤੀਆਂ ਜਿਹੜੀਆਂ ਸਿੱਖ ਧਰਮ ਵੀ ਕੁਝ ਝਿਜਕ ਝਿਜਕ ਕੇ ਹੀ ਪ੍ਰਦਾਨ ਕਰਦਾ ਸੀ। ਉਦਾਹਰਣ ਵਜੋਂ, ਵਰੁਣ ਭੇਦ ਤੇ ਅਛੂਤਪਣ ਦੀ ਕਰੜਾਈ, ਬੁੱਤ ਪੂਜਾ ਤੋਂ ਆਰੀਆ ਸਮਾਜ ਨੇ ਵੀ ਉਸੇ ਤਰ੍ਹਾਂ ਹਿੰਦੂ ਵਸੋਂ ਨੂੰ ਸੌਖਾ ਕਰ ਦਿੱਤਾ ਜਿਸ ਤਰ੍ਹਾਂ ਸਿੱਖੀ ਨੇ ਕੀਤਾ ਸੀ। ਹੁਣ ਉਨ੍ਹਾਂ ਨੂੰ ਸਿੱਖੀ ਵਿਚ ਕੁਝ ਵਿਸ਼ੇਸ਼ਤਾ ਦਿਸਣੋਂ ਹਟ ਗਈ ਤੇ ਸਗੋਂ ਉਹ ਵਪਾਰ ਤੇ ਉਦਯੋਗ ਦਾ ਸਦਕਾ ਭਾਰਤ ਦੀ ਹਿੰਦੂ ਵਸੋਂ ਨਾਲ ਵਧੇਰੇ ਨੇੜ ਅਨੁਭਵ ਕਰਨ ਲੱਗ ਪਈ ਪੰਜਾਬ ਦੀ ਸਿੱਖ ਵਸੋਂ ਨਾਲੋਂ। ਇਸ ਤਰ੍ਹਾਂ ਉਪਰੋਕਤ ਪ੍ਰੇਮ ਤੇ ਨਫਰਤ ਦਾ ਰਿਸ਼ਤਾ ਪੈਦਾ ਹੋ ਗਿਆ।

ਨਵੇਂ ਰਾਜਨੀਤਕ ਪ੍ਰਬੰਧ ਵਿਚ ਪੰਜਾਬੀ-ਭਾਸ਼ੀ ਰਾਜ ਬਣ ਜਾਣ ਨਾਲ ਇਥੋਂ ਦੀ ਹਿੰਦੂ ਵਸੋਂ ਦੀ ਸਥਿਤੀ ਸਿੱਖ ਵਸੋਂ ਦੇ ਮੁਕਾਬਲੇ ਵਿਚ ਬਹੁਤ ਕਮਜ਼ੋਰ ਪੈ ਗਈ। ਮੈਨੂੰ ਯਾਦ ਹੈ ਕਿ 1967 ਵਿਚ ਜਦੋਂ ਪੰਜਾਬੀ-ਭਾਸ਼ੀ ਰਾਜ ਬਣ ਗਿਆ ਸੀ, ਸੰਯੁਕਤ ਪੰਜਾਬ ਵਿਚ ਇਕ ਸ਼ਕਤੀਸ਼ਾਲੀ ਵਜ਼ੀਰ ਪ੍ਰਬੋਧ ਚੰਦਰ ਦੀ ਸਾਲੀ ਮੇਰੇ ਇਕ ਸਿੱਖ ਮਿੱਤਰ ਦੇ ਘਰ ਆਈ ਹੋਈ ਸੀ ਤੇ ਉਹ ਬੜੇ ਝੋਰੇ ਨਾਲ ਕਹਿਣ ਲੱਗੀ, "ਹੁਣ ਪੰਜਾਬ ਸਾਨੂੰ ਪਰਾਇਆ ਲੱਗਣ ਲੱਗ ਪਿਆ ਹੈ।"

ਪੰਜਾਬ ਦੀ ਹਿੰਦੂ ਵਸੋਂ ਹੁਣ ਆਪਣੇ ਆਪ ਨੂੰ ਪੰਜਾਬ ਵਿਚ ਸੱਚ ਹੀ ਪਰਾਇਆ ਮਹਿਸੂਸ ਕਰਨ ਲੱਗ ਪਈ ਹੈ। ਇਹ ਪਰਾਇਆ ਦੂਰ ਕਰਨ ਦਾ ਇਕੋ ਇਕ ਤਰੀਕਾ ਇਹ ਹੈ ਕਿ ਇਹ ਵਸੋਂ ਪੰਜਾਬ ਦੀ ਸਿੱਖ ਵਸੋਂ ਵਿਚ ਵਧੇਰੇ ਘਿਉ ਖਿਚੜੀ ਹੋ ਜਾਵੇ। ਪਰ ਇਸ ਦਾ ਦੁਰਭਾਗ ਹੈ ਕਿ ਉਹ ਇਸ ਰਾਹ ਉਤੇ ਚੱਲਣ ਤੋਂ ਕਤਰਾਂਦੀ ਹੈ। ਉਹ ਸਮੁੱਚੇ ਪੰਜਾਬ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਨਿਹੱਥਾ ਕਰ ਕੇ ਭਾਰਤ ਦੇ ਹਿੰਦੀ-ਭਾਸ਼ੀ ਭਾਗ ਦਾ ਦੁਬੇਲ ਬਨਾਉਣਾ ਚਾਹੁੰਦੀ ਹੈ। ਉਹ ਇਸ ਪੰਜਾਬ ਵਿਚ ਪੰਜਾਬੀ-ਭਾਸ਼ੀ ਬਣ ਕੇ ਬਹੁਗਿਣਤੀ ਦਾ ਭਾਗ ਬਣਨ ਦੀ ਥਾਂ ਇਥੇ ਇਕ ਹਿੰਦੀ—ਭਾਸ਼ੀ ਘੱਟ ਗਿਣਤੀ ਬਣ ਕੇ ਰਹਿਣ ਨੂੰ ਤਰਜੀਹ ਦਿੰਦੀ ਹੈ। ਉਹ ਸਮਝਦੀ ਹੈ ਕਿ ਉਹ ਪੰਜਾਬ ਵਿਚ ਵਸਦੀ ਹੋਈ ਵੀ ਵਪਾਰ ਤੇ ਉਦਯੋਗ ਰਾਹੀਂ ਸਮੁੱਚੇ ਭਾਰਤ ਦੀ ਪੂੰਜੀਵਾਦੀ ਸ਼੍ਰੇਣੀ ਦਾ ਇਕ ਤਕੜਾ ਭਾਗ ਬਣ ਸਕਦੀ ਹੈ ਜਿਸ ਲਈ ਉਸ ਨੂੰ ਪੰਜਾਬ ਦੀ ਵਸੋਂ ਵਿਚ ਘਿਉ ਖਿਚੜੀ ਬਣਨ ਦੀ ਲੋੜ ਨਹੀਂ। ਇਹ ਸਮੁੱਚੇ ਪੰਜਾਬ ਦਾ ਦੁਰਭਾਗ ਹੈ, ਇਤਨਾ ਵੱਡਾ ਦੁਰਭਾਗ ਕਿ ਇਸ ਦੇ ਸਿੱਟਿਆਂ ਦੀ ਕਲਪਨਾ ਕਰਨੀ ਵੀ ਦੁਖਦਾਈ ਹੈ। ਜਿਹੜੀ ਸਿਖਿਆ ਪੰਜਾਬ ਦੀ ਸਿੱਖ ਵਸੋਂ ਨੂੰ ਦਿਨ ਰਾਤ ਦਿੱਤੀ ਜਾਂਦੀ ਹੈ ਕਿ ਉਹ ਭਾਰਤੀ ਮੁੱਖ ਧਾਰਾ ਵਿੱਚ ਮਿਲੇ ਉਸ ਦੇ ਅਨੁਸਾਰ ਪੰਜਾਬ ਦੀ ਹਿੰਦੂ ਵਸੋਂ ਨੂੰ ਪੰਜਾਬ ਦੀ ਮੁੱਖ ਧਾਰਾ ਦਾ ਹਿਸਾ ਬਣ ਕੇ ਰਹਿਣ ਦੀ ਸਿਖਿਆ ਦਿੱਤੇ ਜਾਣ ਦੀ ਵੀ ਲੋੜ ਹੈ।

ਪਾਕਿਸਤਾਨੀ ਗ਼ਜ਼ਲਾਂ

ਮਹਿਮੂਦ ਸ਼ਾਮ

ਐਸੇ ਚੁਪ ਚੁਪ ਭੀ ਕਿਆ ਜੀਆ ਜਾਏ।
ਅਬ ਕਹੀਂ ਇਸ਼ਕ ਹੀ ਕੀਆ ਜਾਏ।

ਦਿਲ ਕੇ ਸ਼ੀਸ਼ੇ ਪੇ ਹੈ ਗ਼ੁਬਾਰ ਬਹੁਤ,
ਆਜ ਕੁਛ ਦੇਰ ਰੋ ਲੀਆ ਜਾਏ।

ਅਜਨਬੀ ਸ਼ਹਰ, ਬੇਨਮਕ ਚਿਹਰੇ,
ਕਿਸੇ ਹਮਰਾਜ਼ਿ-ਦਿਲ ਕੀਆ ਜਾਏ।

ਦਿਲ ਹੈ ਵੀਰਾਨ, ਸ਼ਹਰ ਭੀ ਖ਼ਾਮੋਸ਼,
ਫ਼ੋਨ ਹੀ ਉਸ ਕੋ ਕਰ ਲੀਆ ਜਾਏ।

ਏਕ ਦੀਵਾਰਿ-ਜਿਸਮ ਬਾਕੀ ਹੈ,
ਅਬ ਇਸੇ ਭੀ ਗਿਰਾ ਦੀਆ ਜਾਏ।

-•-



ਆਂਖ ਕੇ ਸ਼ੀਸ਼ੋਂ ਮੇਂ ਪਹਿਲੇ ਰੌਸ਼ਨੀ ਇਤਨੀ ਨ ਥੀ।
ਸ਼ਕਲ ਕੋਈ ਰੰਗ ਮੇਂ ਲਿਪਟੀ ਹੂਈ ਉਤਰੀ ਨ ਥੀ।

ਇਸ ਤਰਹ ਦੇਖੀ ਥੀ ਅਪਨੀ ਬੇਤਰਹ ਹਾਲਤ ਕਹਾਂ,
ਛੋਲਤੀ ਥੀ ਜਿਸਮ ਕੀ ਦੀਵਾਰ ਪਰ ਗਿਰਤੀ ਨ ਥੀ।

ਮੁੱਦਤੋਂ ਸੇ ਜਾਨਤੇ ਥੇ ਏਕ ਦੂਜੇ ਕੋ ਮਗਰ,
ਮੈਂ ਨ ਟੂਟਾ ਥਾ ਕਭੀ ਔਰ ਵੋ ਭੀ ਯੂੰ ਬਿਖਰੀ ਨਾ ਥੀ।

ਰੌਸ਼ਨੀ ਥੀ ਤੇਜ਼ ਐਸੀ ਖੋ ਗਏ ਸਬ ਰਾਸਤੇ,
ਕੋਈ ਦਰਵਾਜ਼ਾ ਨਹੀਂ ਥਾ ਔਰ ਕੋਈ ਖਿੜਕੀ ਨ ਥੀ।

ਏਕ ਖੁਸ਼ਬੂ ਕੇ ਭੰਵਰ ਮੇਂ ਡੂਬਤਾ ਜਾਤਾ ਹੈ ਦਿਲ,
ਸ਼ਾਮ ਸਾਹਿਬ ਧਿਆਨ ਕੀ ਨੱਦੀ ਹੀ ਕਮ ਗਹਿਰੀ ਨ ਥੀ।

ਲਿਪਾਂਤਰ : ਪ੍ਰਤੀਕ ਸਿੰਘ

ਕਮਿਸ਼ਨਾਂ ਦੇ ਚੱਕਰ ’ਚ ਪੰਜਾਬ

ਸੁਖਦੇਵ ਸਿੰਘ ਪਟਵਾਰੀ

“ਬਦ ਨਾਲੋਂ ਬਦਨਾਮ ਬੁਰਾ”। ਪੰਜਾਬੀ ਦੇ ਇਸ ਪ੍ਰਸਿੱਧ ਅਖਾਣ ਵਾਂਗ ਬੰਦਾ ਜਦੋਂ ਕਿਸੇ ਗੱਲ ’ਤੇ ਇੰਨਾਂ ਬੱਦੂ ਹੋ ਜਾਵੇ ਕਿ ਹਰੇਕ ਉਸ ਨੂੰ ਗਲਤ ਸਮਝੇ ਤਾਂ ਸਮਝੋ ਕਿ ਉਸ ਬੰਦੇ ਦੀ ਹੋਂਦ ਹੀ ਮਿਟ ਜਾਂਦੀ ਹੈ। ਲੋਕਾਂ ’ਚ ਬੁਰੀ ਤਰ੍ਹਾਂ ਨਿੱਖੜ ਜਾਣਾ ਸਭ ਤੋਂ ਵੱਡੀ ਸਜ਼ਾ ਹੁੰਦੀ ਹੈ। ਸਮਾਜ ਦੀ ਬਣਤਰ ਹੀ ਕੁਝ ਅਜਿਹੀ ਹੈ ਕਿ ਇੱਥੇ ਹਰ ਤਰ੍ਹਾਂ ਦੇ ਬੰਦੇ ਮਿਲਦੇ ਹਨ। ਇਕ ਉਹ ਬੰਦੇ ਜੋ ਬਦਨਾਮੀ ਨੂੰ ਕਲੰਕ ਸਮਝ ਕੇ ਘਰੋਂ ਬਾਹਰ ਪੈਰ ਨਹੀਂ ਪੁੱਟਦੇ ਅਤੇ ਉਨ੍ਹਾਂ ਨੂੰ ਦਿਨ ਰਾਤ ਆਪਣੇ ’ਤੇ ਲੱਗਿਆਂ ਕਲੰਕ ਧੋਣ ਦਾ ਫਿਕਰ ਲੱਗਿਆ ਰਹਿੰਦਾ ਹੈ। ਪਰ ਕੁਝ ਅਜਿਹੇ ਵੀ ਹੁੰਦੇ ਹਨ ਜੋ ਕਲੰਕ ਨੂੰ ਮੱਥੇ ’ਤੇ ਲੱਗਿਆ ਚੰਦ ਸਮਝ ਕੇ ਲੋਕਾਂ ਦੀ ਪਰਵਾਹ ਨਾ ਕਰਦੇ ਹੋਏ ਆਪਣੀ ਬਦਨਾਮੀ ਨੂੰ ਸੂਰਬੀਰਤਾ ਸਮਝਦੇ ਹਨ। ਉਨ੍ਹਾਂ ਲਈ ਇਸ ਗੱਲ ਦਾ ਕੋਈ ਅਰਥ ਨਹੀਂ ਕਿ ਲੋਕ ਉਸ ਦੇ ਵਿਰੁੱਧ ਹਨ ਜਾਂ ਨਹੀਂ। ਤਾਕਤ ਦੇ ਨਸ਼ੇ ’ਚ ਉਨ੍ਹਾਂ ਨੇ ਆਪਣੀ ਹਰੇਕ ਗਲਤ ਗੱਲ ਲੋਕਾਂ ਸਿਰ ਮੜ੍ਹਨੀ ਹੁੰਦੀ ਹੈ।ਕਾਂਗਰਸੀ ਹਾਕਮ ਪੰਜਾਬ ਸਮੱਸਿਆ ਨੂੰ ਹੱਲ ਕਰਨ ਲਈ ਅਜਿਹੀ ਹੀ ਗੱਲ ਕਰ ਰਹੇ ਹਨ।

ਪੰਜਾਬ ਦੇ ਕਿਸੇ ਵੀ ਬੰਦੇ ਨੂੰ,ਸਿਵਾਏ ਕਾਂਗਰਸੀਆਂ ਤੋਂ,ਅੱਜ ਕੇਂਦਰੀ ਸਰਕਾਰ ਵਲੋਂ ਬਿਠਾਏ ਕਮਿਸ਼ਨਾਂ ਉਪਰ ਯਕੀਨ ਨਹੀਂ। ਕਮਿਸ਼ਨਾਂ ਨੂੰ ਉਹ ਅਜਿਹਾ ਆਲੂ ਸਮਝਣ ਲੱਗ ਪਏ ਹਨ ਜਿਸ ਨੂੰ ਕਿਸੇ ਵੀ ਸਬਜ਼ੀ ਵਿਚ ਪਾਇਆ ਜਾ ਸਕਦਾ ਹੈ। ਪੰਜਾਬੀ ਸੂਬਾ ਬਨਣ ਦੀ ਗੱਲ ਸ਼ੁਰੂ ਹੋਣ ਤੋਂ ਲੈ ਕੇ ਕੇਂਦਰੀ ਸਰਕਾਰ ਨੇ ਜਿੰਨੇ ਵੀ ਕਮਿਸ਼ਨ ਬਿਠਾਏ ਹਨ,ਉਨ੍ਹਾਂ ’ਚੋਂ ਬਹੁਤੇ ਬਿਨਾਂ ਕੋਈ ਨਿਰਣਾ ਕੀਤਿਆਂ ਆਪਣੀ ਉਮਰ ਭੋਗ ਗਏ ਅਤੇ ਜਿਨ੍ਹਾਂ ਨੇ ਕੁਝ ਫੈਸਲੇ ਕੀਤੇ ਹਨ ਉਹ ਅਜੇ ਤਕ ਫਰਿਜ ’ਚ ਲੱਗੇ ਹੋਏ ਹਨ। ਪਰ ਇਕ ਗੱਲ ਸਾਰੇ ਕਮਿਸ਼ਨਾਂ ਦੀ ਸਾਂਝੀ ਰਹੀ ਹੈ ਕਿ ਉਹ ਸਾਰੇ ਪੰਜਾਬ ਤੋਂ ਆਪਣਾ ਕਮਿਸ਼ਨ ਵਸੂਲ ਕਰਦੇ ਰਹੇ ਹਨ। ਪੰਜਾਬ ਦੀ ਸਾਫ ਤਸਵੀਰ ਨੂੰ ਧੁੰਦਲਾ ਕਰਨ ਤੇ ਗੰਧਲਾਉਣ ਵਿਚ ਕੇਂਦਰੀ ਸਰਕਾਰ ਵਲੋਂ ਬਿਠਾਏ ਕਮਿਸ਼ਨਾਂ ਨੇ ਕਾਫੀ ਹਿਸਾ ਪਾਇਆ ਹੈ।

ਪੁਨਰਗਠਨ

1917 ਤੋਂ ਲੈ ਕੇ 1942 ਤਕ ਕਾਂਗਰਸ ਪਾਰਟੀ ਦੀਆਂ ਕਾਨਫਰੰਸਾਂ ਤੇ ਕਾਂਗਰਸਾਂ ਵਿਚ ਇਸ ਗੱਲ ਨੂੰ ਉਚਿਆਇਆ ਜਾਂਦਾ ਰਿਹਾ ਹੈ ਕਿ ਬੋਲੀਆਂ ਦੇ ਆਧਾਰ ਉਤੇ ਸੂਬਿਆਂ ਦਾ ਪੁਨਰਗਠਨ ਕੀਤਾ ਜਾਵੇਗਾ। ਇਸੇ ਗੱਲ ਨੂੰ ਆਧਾਰ ਬਣਾ ਕੇ ਕਾਂਗਰਸ ਨੇ ਆਪਣੀਆਂ ਵੱਖ ਵੱਖ ਭਾਸ਼ਾਈ ਇਕਾਈਆਂ ਦਾ ਪੁਨਰਗਠਨ ਵੀ ਕੀਤਾ ਸੀ ਤਾਂ ਕਿ ਵੱਖ ਵੱਖ ਕੌਮੀਅਤਾਂ ਦੀਆਂ ਇਛਾਵਾਂ ਨੂੰ ਆਪਣੇ ਹੱਕ ’ਚ ਵਰਤਿਆ ਜਾ ਸਕੇ ਲਗਭਗ ਹਰੇਕ ਕਾਨਫਰੰਸ ’ਚ ਸਾਰੀਆਂ ਘੱਟ ਗਿਣਤੀਆਂ ਅਤੇ ਕੌਮੀਅਤਾਂ ਨੇ ਆਪਾ ਨਿਰਣੇ ਦੇ ਅਸੂਲ ਨੂੰ ਮੰਨਿਆਂ ਜਾਂਦਾ ਰਿਹਾ ਸੀ। ਹਿੰਦੁਸਤਾਨ ਨੂੰ ਇਕ ਸੰਘ ਬਣਾਉਣ ਦੀ ਗੱਲ ਉਪਰ ਵੀ ਜ਼ੋਰ ਦਿੱਤਾ ਜਾਂਦਾ ਰਿਹਾ। ਪਰ 1947 ਤੋਂ ਬਾਅਦ ਭਾਸ਼ਾਈ ਅਧਾਰ ’ਤੇ ਸੂਬਿਆਂ ਦਾ ਸੰਘ ਬਣਾਉਣ ਦੀ ਗੱਲ ’ਤੇ ਰਸਮੀ ਜਿਹਾ ਰਟਣ ਮੰਤਰ ਕਰਦਿਆਂ ਇਸ ਦੇ ਰਾਜਨੀਤਕ ਢਾਂਚੇ ਦਾ ਕੇਂਦਰੀਕਰਨ ਕਰਨਾ ਸ਼ੁਰੂ ਕਰ ਦਿੱਤਾ। ਵੱਖ ਵੱਖ ਭਾਸ਼ਾਈ ਗਰੁੱਪਾਂ ਵਲੋਂ ਭਾਸ਼ਾ ਦੇ ਆਧਾਰ ’ਤੇ ਸੂਬੇ ਬਣਾਉਣ ਦੀ ਲਹਿਰ ਜ਼ੋਰ ਫੜ ਜਾਣ ’ਤੇ ਕੇਂਦਰੀ ਸਰਕਾਰ ਨੂੰ “ਫਾਜ਼ਲ ਅਲੀ”ਕਮਿਸ਼ਨ ਦੀ ਨਿਯੁਕਤੀ ਕਰਨੀ ਪਈ।

ਪੰਜਾਬ ਵਿਚ 1949 ਵਿਚ ਅਕਾਲੀ ਪਾਰਟੀ ਨੇ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿਚ “ਸਿੱਖ ਹੋਮਲੈਂਡ”ਦਾ ਨਾਅਰਾ ਦਿੱਤਾ। ਅਕਾਲੀ ਲੀਡਰਸ਼ਿਪ ਵਲੋਂ ਉਸ ਸਮੇਂ ਵਿਢੇ ਘੋਲ ਵਿਚ ਸਿੱਖਾਂ ਦੇ ਹੋਮਲੈਂਡ ਉਪਰ ਜ਼ੋਰ ਦਿੱਤਾ ਗਿਆ। 22 ਦਸੰਬਰ 1953 ਵਿਚ ਬਣਾਏ ਫਾਜ਼ਲ ਅਲੀ ਕਮਿਸ਼ਨ ਨੇ 30 ਦਸੰਬਰ 1955 ਨੂੰ ਬੰਗਾਲ,ਆਂਧਰਾ,ਤਾਮਿਲਨਾਡੂ,ਤੇ ਕਰਨਾਟਕਾ ਦਾ ਬੋਲੀ ਦੇ ਆਧਾਰ ’ਤੇ ਪੁਨਰਗਠਨ ਕਰਨ ਦੀ ਸਿਫਾਰਸ਼ ਕੀਤੀ। ਕੇਂਦਰ ਸਰਕਾਰ ਨੇ ਪੰਜਾਬੀ ਸੂਬੇ ਦੀ ਡਟਵੀਂ ਵਿਰੋਧਤਾ ਕਰ ਕੇ‘ਮਹਾਂ ਪੰਜਾਬ’ ਦੇ ਸੁਝਾਅ ਨੂੰ ਪ੍ਰਵਾਨ ਕੀਤਾ। ਪੰਜਾਬੀ ਸੂਬੇ ਦੀ ਥਾਂ ’ਤੇ ਮਹਾਂ ਪੰਜਾਬ ਬਣਾਉਣ ਦਾ ਫੈਸਲਾ ਸੁਣਾ ਦਿੱਤਾ ਜਿਸ ਵਿਚ ਪੰਜਾਬ,ਪੈਪਸੂ,ਹਿਮਾਚਲ ਪ੍ਰਦੇਸ਼ ਸ਼ਾਮਲ ਸੀ। ਪੰਜਾਬ ਵਿਚ ਪੰਜਾਬੀ ਬੋਲੀ ਦੀ ਪਛਾਣ ਲਈ “ਸੱਚਰ ਫਾਰਮੂਲਾ” ਪੇਸ਼ ਕੀਤਾ ਗਿਆ ਜੋ ਭੀਮਸੈਨ ਸੱਚਰ ਦੀ ਅਗਵਾਈ ਵਿਚ ਬਣੀ ਕਮੇਟੀ ਨੇ ਪੇਸ਼ ਕੀਤਾ। ਸੱਚਰ ਫਾਰਮੂਲੇ ਮੁਤਾਬਕ ਪੰਜਾਬ ਵਿਚ ਪੰਜਾਬੀ ਬੋਲਦੇ ਇਲਾਕਿਆਂ ਦੀ ਨਿਸ਼ਾਨਦੇਹੀ ਹੇਠ ਲਿਖੇ ਅਨੁਸਾਰ ਕੀਤੀ ਗਈ।

ਪੰਜਾਬ

ਜ਼ਿਲਾ	ਪੰਜਾਬੀ ਬੋਲਦੀ ਆਬਾਦੀ ਦੀ ਪ੍ਰਤੀਸ਼ਤ
ਅੰਮ੍ਰਿਤਸਰ	70.6 ਪ੍ਰਤੀਸ਼ਤ
ਜਲੰਧਰ	56.5 ਪ੍ਰਤੀਸ਼ਤ
ਗੁਰਦਾਸਪੁਰ	47.5 ਪ੍ਰਤੀਸ਼ਤ
ਫਿਰੋਜ਼ਪੁਰ	59.5 ਪ੍ਰਤੀਸ਼ਤ
ਲੁਧਿਆਣਾ	61.7 ਪ੍ਰਤੀਸ਼ਤ
ਹੁਸ਼ਿਆਰਪੁਰ	26.2 ਪ੍ਰਤੀਸ਼ਤ

ਪੈਪਸੂ

ਪਟਿਆਲਾ	47.1 ਪ੍ਰਤੀਸ਼ਤ
ਬਠਿੰਡਾ	78.1 ਪ੍ਰਤੀਸ਼ਤ
ਕਪੂਰਥਲਾ	63.6 ਪ੍ਰਤੀਸ਼ਤ
ਸੰਗਰੂਰ	56.3 ਪ੍ਰਤੀਸ਼ਤ

(ਨਰਵਾਨਾ ਅਤੇ ਜੀਂਦ ਤਹਿਸੀਲ ਕੱਢ ਕੇ)

ਸੱਚਰ ਫਾਰਮੂਲੇ ਮੁਤਾਬਕ ਪੰਜਾਬ ਨੂੰ ਦੋ ਭਾਸ਼ੀ ਸੂਬਾ ਕਰਾਰ ਦੇ ਕੇ ਇਸ ਨੂੰ ਦੋ ਖੇਤਰਾਂ ਪੰਜਾਬੀ ਭਾਸ਼ੀ ਅਤੇ ਹਿੰਦੀ ਭਾਸ਼ੀ ਵਿਚ ਵੰਡ ਦਿੱਤਾ। ਵਿਧਾਨ ਸਭਾ ਦੀਆਂ ਦੋ ਕਮੇਟੀਆਂ ਬਣਾ ਕੇ ਉਨ੍ਹਾਂ ਨੂੰ ਅਖਤਿਆਰ ਦੇ ਦਿੱਤੇ।

ਪੱਖਪਾਤ

ਸੱਚਰ ਕਮੇਟੀ ਵਲੋਂ ਪੰਜਾਬੀ ਬੋਲਦੇ ਇਲਾਕਿਆਂ ਦੀ ਨਿਸ਼ਾਨਦੇਹੀ ਕਰਨ ਵੇਲੇ ਅੰਨ੍ਹਾ ਪੱਖਪਾਤ ਕੀਤਾ ਗਿਆ। ਜਿੱਥੇ ਇਸ ਨੇ ਉਪਰਲੇ ਅੰਕੜੇ ਗਲਤ ਪੇਸ਼ ਕੀਤੇ,ਉਥੇ ਸਰਕਾਰ ਨੇ ਖਰੜ ਤਹਿਸੀਲ, ਅੰਬਾਲਾ ਤਹਿਸੀਲ,ਸਿਰਸਾ ਤੇ ਸ਼ਿਮਲਾ ਜ਼ਿਲਾ ਬਾਹਰ ਕੱਢ ਦਿੱਤੇ। ਪ੍ਰੰਤੂ ਅਸਲੀਅਤ ਇਹ ਸੀ ਕਿ ਅੰਬਾਲਾ ਜ਼ਿਲੇ ਦੀਆਂ ਰੋਪੜ ਅਤੇ ਖਰੜ ਤਹਿਸੀਲਾਂ ਤਾਂ ਪੰਜਾਬੀ ਹੀ ਬੋਲਦੀਆਂ ਹਨ। ਸਗੋਂ 1947 ਤੋਂ ਬਾਅਦ ਅੰਬਾਲਾ ਜ਼ਿਲੇ ’ਚੋਂ “ਹਿੰਦੁਸਤਾਨੀ”ਬੋਲਣ ਵਾਲੀ ਮੁਸਲਮਾਨ ਆਬਾਦੀ ਦੇ ਚਲੇ ਜਾਣ ਕਰਕੇ ਇੱਥੇ ਪੱਛਮੀ ਪੰਜਾਬ ’ਚੋਂ ਪੰਜਾਬੀ ਬੋਲਦੀ ਆਬਾਦੀ ਵਸ ਜਾਣ ਕਰ ਕੇ ਸਮੁੱਚਾ ਜ਼ਿਲਾ ਹੀ ਮੁੱਖ ਤੌਰ ’ਤੇ ਪੰਜਾਬੀ ਬੋਲਦਾ ਬਣ ਗਿਆ ਸੀ। ਇਸ ਤੋਂ ਬਿਨਾ ਹਿਸਾਰ ’ਚ ਸਿਰਸਾ,ਫਤਿਹਾਬਾਦ ਅਤੇ ਟੋਹਾਨਾ ਤਹਿਸ਼ੀਲ ਵੀ ਪੰਜਾਬੀ ਬੋਲਦੀ ਸੀ। ਕਰਨਾਲ ਜ਼ਿਲੇ ’ਚ ਵੀ ਕਰਨਾਲ,ਕੈਥਲ ਅਤੇ ਥਾਨੇਸਰ ਤਹਿਸੀਲਾਂ ਪੰਜਾਬੀ ਬੋਲਦੀਆਂ ਸਨ। ਕਿਉਂਕਿ ਇੱਥੇ ਵੀ ਦੇਸ਼ ਦੀ ਵੰਡ ਤੋਂ ਬਾਅਦ ਪੰਜਾਬੀ ਸਿੱਖ ਵਸੋਂ ਦੇ ਆਉਣ ਨਾਲ ਹੀ ਪੰਜਾਬੀ ਵਸੋਂ ਬਹੁ-ਗਿਣਤੀ ਵਿਚ ਸੀ।

1956 ਵਿਚ ਅਕਾਲੀਆਂ ਦਾ ਕਾਂਗਰਸ ਨਾਲ ਸਮਝੌਤਾ ਹੋ ਜਾਣ ਕਰਕੇ ਉਨ੍ਹਾਂ ਵਲੋਂ ਮੋਰਚਾ ਛੱਡ ਦਿੱਤਾ ਗਿਆ ਸੀ ਅਤੇ ਸੱਚਰ ਫਾਰਮੂਲੇ ਮੁਤਾਬਕ ਪੈਪਸੂ ਨੂੰ ਪੰਜਾਬ ਵਿਚ ਮਿਲਾ ਕੇ 1957 ਵਿਚ ਵੱਡਾ ਪੰਜਾਬ ਬਣਾ ਦਿੱਤਾ ਗਿਆ। 1957 ਵਿਚ ਅਕਾਲੀਆਂ ਨੇ ਕਾਂਗਰਸ ਦੀਆਂ ਟਿਕਟਾਂ ਉਪਰ ਚੋਣ ਲੜੀ। ਪਰ ਸੱਚਰ ਫਾਰਮੂਲਾ ਵੀ ਸਥਿਰਤਾ ਲਿਆਉਣ ਵਿਚ ਕਾਮਯਾਬ ਨਹੀਂ ਹੋਇਆ ਤੇ ਅਕਾਲੀ ਦਲ ਵਲੋਂ ਫੇਰ ਅੰਦੋਲਨ ਛੇੜ ਦਿੱਤਾ ਗਿਆ।

ਅਕਤੂਬਰ 1961 ਵਿਚ ਭਾਰਤ ਸਰਕਾਰ ਨੇ ਇਕ ਹੋਰ ਕਮਿਸ਼ਨ “ਦਾਸ ਕਮਿਸ਼ਨ”ਨਿਯੁਕਤ ਕਰ ਦਿੱਤਾ। ਉਸ ਦੇ ਪੱਖਪਾਤੀ ਰਵੱਈਏ ਨੂੰ ਦੇਖਦਿਆਂ ਅਕਾਲੀਆਂ ਨੇ ਉਸ ਨੂੰ ਰੱਦ ਕਰ ਦਿੱਤਾ। ਪਰ ਕਮਿਸ਼ਨ ਨੇ 1962 ਵਿਚ ਆਪਣਾ ਇਕ-ਪਾਸੜ ਫੈਸਲਾ ਦੇ ਦਿੱਤਾ ਅਤੇ ਪੱਖਪਾਤ ਦੀ ਗੱਲ ਨੂੰ ਰੱਦ ਕਰਾਰ ਦੇ ਕੇ ਅਲੋਪ ਹੋ ਗਿਆ। ਕਮਿਸ਼ਨ ਦੀ ਕਾਰਗੁਜ਼ਾਰੀ ਕੀ ਸੀ? ਉਸ ਦਾ ਨਿਰਣਾ ਕਿਧਰ ਗਿਆ? ਇਹ ਵੀ ਆਪਣੀ ਧੂੜ ਵਿਚ ਹੀ ਅਲੋਪ ਹੋ ਗਿਆ।

1962 ਵਿਚ ਅਕਾਲੀ ਦਲ ਵਿਚ ਫੁੱਟ ਪੈ ਜਾਣ ਮਗਰੋਂ ਮਾਸਟਰ ਤਾਰਾ ਸਿੰਘ ਨੇ ਫੇਰ ਮੋਰਚਾ ਲਾ ਦਿਤਾ। 1949 ਤੋਂ ਲੈ ਕੇ 1964 ਤਕ ਮਾਸਟਰ ਤਾਰਾ ਸਿੰਘ“ਸਿੱਖ ਹੋਮਲੈਂਡ”ਦੀ ਮੰਗ ਕਰਦਾ ਰਿਹਾ। ਉਸ ਵਲੋਂ ਪੰਜਾਬੀ ਦੇ ਆਧਾਰ ’ਤੇ ਪੰਜਾਬ ਦੇ ਪੁਨਰਗਠਨ ਦੀ ਮੰਗ ਨੂੰ ਛੱਡ ਕੇ ਸਿੱਖਾਂ ਦੇ ਹੋਮਲੈਂਡ ਦੀ ਫਿਰਕੂ ਧਾਰਾ ਕਾਇਮ ਰੱਖੀ ਜਿਸ ਕਰਕੇ ਆਰੀਆ ਸਮਾਜੀ ਲਾਬੀ ਤੇ ਹਿੰਦੂ ਮਹਾਂ ਸਭਾ ਵਲੋਂ ਹਿੰਦੂਆਂ ਨੂੰ 1947 ਦੀ ਯਾਦ ਤਾਜ਼ਾ ਕਰਵਾ ਕੇ ਉਨ੍ਹਾਂ ਦੇ ਉਜਾੜੇ ਦਾ ਡਰ ਪੈਦਾ ਕਰ ਦਿੱਤਾ ਇਸ ਤਰ੍ਹਾਂ ਮਾਸਟਰ ਤਾਰਾ ਸਿੰਘ ਦੀ ਫਿਰਕੂ ਧਾਰਾ ਨੇ ਕੱਟੜ ਹਿੰਦੂ ਲਾਬੀ ਵਲੋਂ ਮਹਾਂ ਪੰਜਾਬ ਦੇ ਨਾਅਰੇ ’ਤੇ ਹਿੰਦੂਆਂ ਨੂੰ ਮਾਤ-ਭਾਸ਼ਾ ਹਿੰਦੀ ਲਿਖਵਾਉਣ ਲਈ ਕੀਤੇ ਜਾ ਰਹੇ ਪ੍ਰਚਾਰ ਨੂੰ ਹੋਰ ਬਲ ਦਿੱਤਾ। ਇਸੇ ਕਰਕੇ 1951 ਤੇ 1961 ਦੀਆਂ ਮਰਦਮਸ਼ੁਮਾਰੀਆਂ ਪੂਰੀ ਫਿਰਕੂ ਗਰਦੋ ਗੁਬਾਰ ਵਿਚ ਹੋਈਆਂ। 1921 ਤੋਂ 1961 ਤਕ ਹਿੰਦੀ ਬੋਲਣ ਵਾਲੀ ਤੇ ਪੰਜਾਬੀ ਬੋਲਣ ਵਾਲੀ ਅਬਾਦੀ ਦਾ ਵਾਧਾ ਕਰਮਵਾਰ 13.61 ਪ੍ਰਤੀਸ਼ਤ ਤੋਂ 55.54 ਪ੍ਰਤੀਸ਼ਤ ਅਤੇ 54.08 ਪ੍ਰਤੀਸ਼ਤ ਤੋਂ 55.54 ਪ੍ਰਤੀਸ਼ਤ ਸੀ। ਹਾਲਾਂ ਕਿ ਤੱਥ ਇਹ ਸੀ ਕਿ ਪੱਛਮੀ ਪੰਜਾਬ ’ਚੋਂ ਪੰਜਾਬੀ ਵਸੋਂ ਦੇ ਆਉਣ ਨਾਲ ਇਹ ਵਾਧਾ ਉਲਟ ਹੋਣਾ ਚਾਹੀਦਾ ਸੀ। 1964 ਵਿਚ ਅਕਾਲੀ ਦਲ ਦੀ ਕਮਾਂਡ ਸੰਤ ਫਤਹਿ ਸਿੰਘ ਦੇ ਹੱਥ ਆ ਜਾਣ ਨਾਲ ਮੋਰਚੇ ਦੀ ਫਿਰਕੂ ਧਾਰਾ ਮੱਧਮ ਪਈ। ਉਸ ਨੇ ਪੰਜਾਬੀ ਬੋਲਦੇ ਇਲਾਕਿਆਂ ’ਤੇ ਅਧਾਰਤ ਪੰਜਾਬ ਦੀ ਮੰਗ ਉਠਾਈ। ਅਗਸਤ 1965 ਵਿਚ ਉਸ ਵਲੋਂ ਮਰਨ ਵਰਤ ਰੱਖਣ ਅਤੇ 25 ਸਤੰਬਰ 1965 ਨੂੰ ਜਿਉਂਦਾ ਸੜਨ ਦਾ ਐਲਾਨ ਕਰਨ ’ਤੇ ਮੋਰਚੇ ਵਿਚ ਤੇਜ਼ੀ ਆ ਗਈ। ਭਾਰਤ ਸਰਕਾਰ ਨੇ 9 ਮਾਰਚ 1966 ਨੂੰ ਪੰਜਾਬੀ ਸੂਬਾ ਬਣਾਉਣ ਦੀ ਮੰਗ ਮੰਨ ਲਈ।

ਦੁੱਧ ਵਿਚ ਮੇਂਗਣਾ ਪਾਉਣ ਲਈ ਫੇਰ ਭਾਰਤ ਸਰਕਾਰ ਨੇ ਇਕ ਹੋਰ ਕਮਿਸ਼ਨ “ਸ਼ਾਹ ਕਮਿਸ਼ਨ”ਨਿਯੁਕਤ ਕਰ ਦਿੱਤਾ। ਕਮਿਸ਼ਨ ਨੂੰ ਇਨ੍ਹਾਂ ਧਾਰਾਵਾਂ ਤਹਿਤ ਬੰਨ੍ਹ ਕੇ ਫੈਸਲਾ ਦੇਣ ਲਈ ਕਿਹਾ ਗਿਆ ਕਿ:—

(1) ਤਹਿਸੀਲ ਨੂੰ ਇਕਾਈ ਮੰਨ ਕੇ ਨਿਸ਼ਾਨਦੇਹੀ ਕੀਤੀ ਜਾਵੇ।

(2) 1961 ਦੀ ਮਰਦਮਸ਼ੁਮਾਰੀ ਨੂੰ ਅਧਾਰ ਮੰਨਿਆ ਜਾਵੇ।

ਪਰ ਕਮਾਲ ਦੀ ਗੱਲ ਇਹ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਪਹਿਲਾਂ ਹੀ ਪਾਰਲੀਮੈਂਟ ਵਿਚ ਇਹ ਬਿਆਨ ਵੀ ਦੇ ਚੁੱਕੇ ਸਨ ਕਿ “1961 ਦੀ ਮਰਦਮਸ਼ੁਮਾਰੀ ਨੂੰ ਪੰਜਾਬ ਦੇ ਪੁਨਰਗਠਨ ’ਚ ਅਧਾਰ ਨਹੀਂ ਬਣਾਇਆ ਜਾਵੇਗਾ ਕਿਉਂਕਿ ਇਹ ਫਿਰਕੂ ਅਧਾਰ ਉਪਰ ਹੋਈ ਹੈ। ਇਸ ਵਿਚ ਬਹੁਤੇ ਪੰਜਾਬੀ ਹਿੰਦੂਆਂ ਨੇ ਆਪਣੀ ਮਾਤਭਾਸ਼ਾ ਪੰਜਾਬੀ ਦੀ ਥਾਂ ਹਿੰਦੀ ਲਿਖਵਾਈ ਹੈ।” ਸ਼ਾਹ ਕਮਿਸ਼ਨ ਨੇ ਵੀ ਉਹੀ ਕੁਝ ਕੀਤਾ ਜਿਸ ਦੀ ਉਸ ਤੋਂ ਆਸ ਕੀਤੀ ਜਾ ਸਕਦੀ ਸੀ। ਉਸ ਨੇ ਸੱਚਰ ਫਾਰਮੂਲੇ ਮੁਤਾਬਕਪੰਜਾਬੀ ਘੋਸ਼ਤ ਕੀਤੇ ਇਲਾਕੇ ਵੀ ਹਿੰਦੀ ਬੋਲਦੇ ਕਰਾਰ ਦੇ ਕੇ ਖਰੜ ਤਹਿਸੀਲ ਅਤੇ ਚੰਡੀਗੜ੍ਹ ਹਰਿਆਣੇ ਨੂੰ ਦੇਣ ਦਾ ਫੈਸਲਾ ਦੇ ਦਿੱਤਾ। ਅਤੇ ਹੁਸ਼ਿਆਰਪੁਰ ਜ਼ਿਲੇ ਦੀ ਊਨਾ ਤਹਿਸੀਲ ਹਿਮਾਚਲ ਪ੍ਰਦੇਸ਼ ਨੂੰ ਦੇ ਦਿੱਤੀ। ਇਸ ਕੌੜੀ ਸਚਾਈ ਨੂੰ ਸ੍ਰੀਮਤੀ ਇੰਦਰਾ ਗਾਂਧੀ ਨੂੰ ਵੀ ਮੰਨਣਾ ਪਿਆ ਸੀ ਕਿ ਚੰਡੀਗੜ੍ਹ ਅਤੇ ਖਰੜ ਪੰਜਾਬੀ

ਬਾਕੀ ਪੰਨਾ 28 ’ਤੇ

ਪੰਨਾ 27 ਦੀ ਬਾਕੀ

ਬੋਲਦੇ ਇਲਾਕੇ ਹੋਣ ਕਰਕੇ ਪੰਜਾਬ ਨੂੰ ਹੀ ਦਿੱਤੇ ਜਾਣਗੇ। ਅਤੇ ਸੈਂਕੜੇ ਰੱਟੇ ਕਲੇਸ਼ਾਂ ਦੇ ਬਾਵਜੂਦ 1 ਨਵੰਬਰ, 1966 ਨੂੰ ਪੰਜਾਬ ਦਾ ਪੁਨਰਗਠਨ ਕਰ ਦਿੱਤਾ।

1970 ਵਿਚ ਸੰਤ ਫਤਿਹ ਸਿੰਘ ਵਲੋਂ ਫੇਰ ਸੜਨ ਦੀ ਧਮਕੀ ਦਿੱਤੀ ਗਈ। ਫੇਰ 30 ਜਨਵਰੀ 1970 ਨੂੰ ਇੰਦਰਾ ਗਾਂਧੀ ਨੇ ਆਪਣਾ ਫੈਸਲਾ ਦਿੱਤਾ ਜਿਸ ਨੂੰ "ਇੰਦਰਾ ਐਵਾਰਡ" ਕਿਹਾ ਜਾਂਦਾ ਹੈ। ਇੰਦਰਾ ਐਵਾਰਡ ਵਿਚ ਹੇਠ ਲਿਖੀਆਂ ਮੱਦਾਂ ਸ਼ਾਮਲ ਸਨ:-

(1) ਚੰਡੀਗੜ੍ਹ ਪੰਜ ਸਾਲ ਬਾਅਦ ਪੰਜਾਬ ਨੂੰ ਦਿੱਤਾ ਜਾਵੇਗਾ।

(2) ਚੰਡੀਗੜ੍ਹ ਵਿਚ ਸ਼ਾਮਲ ਪਿੰਡ ਸੱਚਰ ਫਾਰਮੂਲੇ ਮੁਤਾਬਕ ਪੰਜਾਬ ਅਤੇ ਹਰਿਆਣੇ ਨੂੰ ਦਿੱਤੇ ਜਾਣਗੇ।

(3) ਹਰਿਆਣੇ ਨੂੰ 15 ਕਰੋੜ ਰੁਪਏ ਆਪਣੀ ਰਾਜਧਾਨੀ ਬਣਾਉਣ ਲਈ ਦਿੱਤੇ ਜਾਣਗੇ ਜਿਨ੍ਹਾਂ 'ਚੋਂ ਅੱਧੇ ਗ੍ਰਾਂਟ 'ਤੇ ਅੱਧੇ ਕਰਜ਼ੇ ਦੇ ਰੂਪ 'ਚ ਦਿੱਤੇ ਜਾਣਗੇ।

(4) ਅਬੋਹਰ ਤੇ ਫਾਜ਼ਿਲਕਾ ਦੇ 114 ਪਿੰਡ ਹਰਿਆਣੇ ਨੂੰ ਦਿੱਤੇ ਜਾਣਗੇ ਜਿਨ੍ਹਾਂ ਲਈ ਹਰਿਆਣੇ ਨੂੰ ਪੰਜਾਬ ਵਿਚੋਂ ਦੀ ਕਾਰੀਡੋਰ ਦਿੱਤੀ ਜਾਵੇਗੀ।

(5) ਭਾਖੜਾ ਪ੍ਰਾਜੈਕਟ ਵਿਚੋਂ ਵੱਡਾ ਹਿਸਾ ਪੰਜਾਬ ਦਾ ਹੋਵੇਗਾ।

24 ਜੁਲਾਈ 1985 'ਚ ਹੋਏ ਰਾਜੀਵ-ਲੌਂਗੋਵਾਲ ਸਮਝੌਤੇ 'ਚ ਫੇਰ ਇਹ ਫੈਸਲਾ ਹੋਇਆ ਸੀ ਕਿ ਚੰਡੀਗੜ੍ਹ 26 ਜਨਵਰੀ 1986 ਨੂੰ ਪੰਜਾਬ ਨੂੰ ਸੌਂਪ ਦਿੱਤਾ ਜਾਵੇਗਾ। ਪੰਜਾਬੀ ਬੋਲਦੇ ਇਲਾਕਿਆਂ ਦੀ ਨਿਸ਼ਾਨਦੇਹੀ ਲਈ ਦੋ ਵੱਖ ਵੱਖ ਕਮਿਸ਼ਨ ਬਿਠਾਉਣ ਦਾ ਫੈਸਲਾ ਕੀਤਾ ਗਿਆ ਸੀ। ਇਕ ਕਮਿਸ਼ਨ ਨੇ ਚੰਡੀਗੜ੍ਹ 'ਚ ਪੈਂਦੇ ਪਿੰਡਾਂ ਦੀ ਨਿਸ਼ਾਨਦੇਹੀ ਕਰਨੀ ਸੀ ਅਤੇ ਦੂਜੇ ਨੇ ਪੰਜਾਬ ਅਤੇ ਹਰਿਆਣੇ ਦੀ ਹੱਦ ਨਾਲ ਦੇ ਪਿੰਡਾਂ ਦੀ। ਪਰ ਸਮਝੌਤੇ ਦੀ ਪਹਿਲੀ ਧਾਰਾ ਲਾਗੂ ਕਰਨ ਤੋਂ ਪਹਿਲਾਂ ਹੀ ਚੰਡੀਗੜ੍ਹ ਵਾਸਤੇ ਬਣਾਏ ਜਾਣ ਵਾਲੇ ਕਮਿਸ਼ਨ ਦਾ ਘੇਰਾ ਜਿਥੇ ਵਧਾ ਕੇ ਸਰਹੱਦ ਤੇ (ਪੰਜਾਬ ਹਰਿਆਣਾ) ਪੈਂਦੇ ਪਿੰਡਾਂ ਵਾਸਤੇ ਬਣਾਏ ਜਾਣ ਵਾਲੇ ਕਮਿਸ਼ਨ ਨਾਲ ਰਲਗੱਡ ਕਰਕੇ ਇਕ ਹੀ ਬਣਾ ਦਿੱਤਾ ਉਥੇ ਸਮਝੌਤੇ ਦੀ ਧਾਰਾ 'ਚ "ਪਿੰਡ ਇਕ ਇਕਾਈ, ਨੇੜਤਾ ਤੇ ਲਗਾਤਾਰਤਾ" ਦੇ ਅਸੂਲ ਨੂੰ ਤੋੜ ਕੇ ਇਸ 'ਚ ਵੀ ਸੋਧ ਕਰ ਦਿੱਤੀ। ਮੈਥਿਊ ਕਮਿਸ਼ਨ ਨੇ ਕੰਮ ਤਾਂ ਚੰਡੀਗੜ੍ਹ 'ਚ ਪੈਂਦੇ ਪਿੰਡਾਂ ਦਾ ਨਿਸ਼ਾਨਦੇਹੀ ਦਾ ਕਰਨਾ ਸੀ ਪਰ ਉਹ ਆਪਣਾ ਕਾਰਜ ਖੇਤਰ ਉਲੰਘ ਕੇ ਅਬੋਹਰ ਫਾਜ਼ਿਲਕਾ 'ਚ ਜਾ ਵੜਿਆ। 1981 ਵਿਚ ਕਾਂਗਰਸ ਦੀ ਸਰਕਾਰ ਅਧੀਨ ਹੋਈ ਮਰਦਮਸ਼ੁਮਾਰੀ ਨੂੰ ਰੱਦ ਕਰਕੇ ਉਸ ਨੇ ਦੋਬਾਰਾ ਭਾਸ਼ਾਈ ਸਰਵੇਖਣ ਸ਼ੁਰੂ ਕਰ ਦਿੱਤਾ। ਕਰੋੜਾਂ ਰੁਪਏ ਖਰਚ ਕਰਕੇ ਦੁਬਾਰਾ ਸਰਵੇਖਣ ਕਰਾਉਣ ਦਾ ਮਕਸਦ ਸਿਰਫ ਇਹ ਸੀ ਕਿ 1981 ਦੀ ਮਰਦਮਸ਼ੁਮਾਰੀ 'ਚ ਅਬੋਹਰ ਫਾਜ਼ਿਲਕਾ ਦੀ ਭਾਸ਼ਾ ਬਾਗੜੀ ਨੂੰ ਰੱਦ ਕਰਕੇ ਉਸ ਨੂੰ ਹਿੰਦੀ ਭਾਸ਼ਾ ਬਨਾਉਣਾ ਸੀ ਜਿਸ ਨੂੰ 1981 ਦੀ ਮਰਦਮਸ਼ੁਮਾਰੀ ਪੰਜਾਬੀ ਦੀ ਉਪ-ਭਾਸ਼ਾ ਮੰਨੀ ਬੈਠੀ ਸੀ। ਸਮਝੌਤੇ 'ਚ ਦਰਜ ਧਾਰਾਵਾਂ ਅਨੁਸਾਰ ਤਾਂ ਇਸ ਸਰਵੇਖਣ ਦਾ ਕੰਮ ਕੰਦੂ ਖੇੜਾ ਪਿੰਡ ਦੇ ਸਰਵੇਖਣ ਨਾਲ ਹੀ ਮੁਕ ਸਕਦਾ ਸੀ ਜੋ ਹਰਿਆਣੇ ਨਾਲੋਂ ਪੰਜਾਬ ਦੀ ਨੇੜਤਾ ਅਤੇ ਲਗਾਤਾਰਤਾ ਤੋੜ ਦਿੰਦਾ ਸੀ ਕਿਉਂਕਿ ਕੰਦੂ ਖੇੜਾ ਮੁੜ ਪੰਜਾਬੀ ਭਾਸ਼ਾ ਪਿੰਡ ਸਾਬਤ ਹੋ ਗਿਆ ਸੀ। ਪਰ ਮੈਥਿਊ ਕਮਿਸ਼ਨ ਦੋਵਾਂ ਰਾਜਾਂ 'ਚ ਫਿਰਕੂ ਭਾਵਨਾਵਾਂ ਭੜਕਾ ਕੇ ਬਿਨਾਂ ਕਿਸੇ ਕੰਮ ਕੀਤਿਆਂ ਇਕ ਹੋਰ ਕਮਿਸ਼ਨ ਦੀ ਸਿਫਾਰਸ਼ ਕਰਕੇ ਖਤਮ ਹੋ ਗਿਆ।

ਯੋਗਦਾਨ

ਮੈਥਿਊ ਕਮਿਸ਼ਨ ਖਤਮ ਹੋਣ ਤੋਂ ਬਾਅਦ ਸਰਕਾਰ ਨੇ "ਡਿਸਾਈ ਕਮਿਸ਼ਨ" ਨਿਯੁਕਤ ਕਰ ਦਿੱਤਾ। ਡਿਸਾਈ ਕਮਿਸ਼ਨ ਨੇ ਭਾਸ਼ਾਈ ਅਸੂਲ ਨੂੰ ਅਤੇ ਸਮਝੌਤੇ ਦੀਆਂ ਮੱਦਾਂ ਨੂੰ ਛਿਕੇ-ਟੰਗ ਕੇ ਇਹ ਅਜੀਬੋ-ਗਰੀਬ ਫੈਸਲਾ ਸੁਣਾ ਦਿੱਤਾ ਕਿ ਚੰਡੀਗੜ੍ਹ ਬਦਲੇ ਪੰਜਾਬ 'ਚੋਂ 70000 ਏਕੜ ਰਕਬਾ ਹਰਿਆਣੇ ਨੂੰ ਦਿੱਤਾ ਜਾਵੇ। ਨਾ ਤਾਂ ਭਾਸ਼ਾਈ ਅਸੂਲ ਇਸ ਗੱਲ ਦੀ ਇਜਾਜ਼ਤ ਦਿੰਦਾ ਹੈ ਕਿ ਭਾਸ਼ਾ ਨੂੰ ਆਧਾਰ ਬਣਾਏ ਬਿਨਾਂ ਹੀ 70000 ਏਕੜ ਰਕਬਾ ਕਿਸੇ ਦੂਜੇ ਰਾਜ ਨੂੰ ਦਿੱਤਾ ਜਾਵੇ ਤੇ ਨਾ ਹੀ ਇਹ ਪੰਜਾਬ ਸਮਝੌਤੇ 'ਚ ਦਰਜ ਧਾਰਾ "ਪਿੰਡ ਨੂੰ ਇਕਾਈ ਮੰਨ ਕੇ ਨੇੜਤਾ ਅਤੇ ਲਗਾਤਾਰਤਾ" ਦੇ ਫਾਰਮੂਲੇ ਅਨੁਸਾਰ ਹੈ। ਜੇ ਅਜਿਹੇ ਹੀ ਫੈਸਲੇ ਕਰਨੇ ਸਨ ਤਾਂ "ਇੰਦਰਾ ਐਵਾਰਡ" ਕਿਵੇਂ ਗਲਤ ਸੀ ਅਤੇ ਪੰਜਾਬ ਸਮਝੌਤੇ ਦੀ ਦੁਬਾਰਾ ਕੀ ਲੋੜ ਸੀ। ਅਜਿਹੀ ਸੌਦੇਬਾਜ਼ੀ ਦਾ ਅਸੂਲ ਕਿਸੇ ਵੇਚ-ਵੱਟ ਦੇ ਮਾਮਲੇ 'ਚ ਤਾਂ ਸੰਭਵ ਹੋ ਸਕਦਾ ਹੈ, ਕਿਸੇ ਭਾਸ਼ਾਈ ਗਰੁੱਪ ਦੀ ਕਿਸਮਤ ਦਾ ਸੌਦਾ ਨਹੀਂ ਹੋ ਸਕਦਾ।

ਪੰਜਾਬ ਦੀ ਕਿਸਮਤ ਦਾ ਫੈਸਲਾ ਕਰਨ ਲਈ ਐਨੇ ਕਮਿਸ਼ਨ ਕਿਉਂ ਬੈਠੇ? ਕਿਸੇ ਕਮਿਸ਼ਨ ਨੂੰ ਪੰਜਾਬ ਦਾ ਮਸਲਾ ਹੱਲ ਕਰਨ 'ਚ ਸਫਲਤਾ ਕਿਉਂ ਨਹੀਂ ਮਿਲੀ? ਕਮਿਸ਼ਨਾਂ ਉਤੇ ਕਰੋੜਾਂ ਰੁਪਏ ਖਰਚਣ ਦਾ ਮਕਸਦ ਕੀ ਸੀ? ਗੱਲ ਬਿਲਕੁਲ ਸਪਸ਼ਟ ਹੈ। ਜਿੰਨਾ ਚਿਰ ਈਮਾਨਦਾਰੀ ਨੂੰ ਛੁੱਟਿਆ ਕੇ ਸੌੜੀਆਂ ਸਿਆਸੀ ਗਰਜਾਂ ਰਾਹ ਘੇਰਦੀਆਂ ਰਹਿਣਗੀਆਂ ਓਨਾ ਚਿਰ ਕਮਿਸ਼ਨਾਂ ਦਾ ਇਹ ਵਿਹੁ-ਚੱਕਰ ਇਉਂ ਹੀ ਚਲਦਾ ਰਹੇਗਾ। ਪੰਜਾਬ ਦੀ ਕਿਸਮਤ ਨਾਲ ਖੇਡ ਰਹੇ ਕਮਿਸ਼ਨ ਨਾ ਤਾਂ ਕੋਈ ਰਾਹ ਕੱਢ ਸਕਣਗੇ ਅਤੇ ਨਾ ਪੰਜਾਬ ਆਪਣੀ ਗੁਆਚੀ ਹੋਈ ਸ਼ਾਂਤੀ ਪ੍ਰਾਪਤ ਕਰ ਸਕੇਗਾ। ਹਾਂ, ਪੰਜਾਬ ਦੀ ਗੁੱਥੀ ਨੂੰ ਸੁਲਝਾਉਣ ਦੀ ਥਾਂ ਉਲਝਾਉਣ ਵਿਚ ਕਮਿਸ਼ਨਾਂ ਵਲੋਂ ਪਾਇਆ 'ਯੋਗਦਾਨ' ਕੋਈ ਨਹੀਂ ਭੁਲਾ ਸਕੇਗਾ।

ਲੱਗੀ ਅੱਗ ਪੰਜਾਬ ਦਿਆਂ ਪਾਣੀਆਂ ਨੂੰ...

ਸੁਲਤਾਨਪੁਰ ਲੋਧੀ: ਬੀਤੇ ਦਿਨੀਂ ਸਥਾਨਕ ਆਰੀਆ ਮਾਡਲ ਸਕੂਲ 'ਚ ਇੰਗਲੈਂਡ 'ਚ ਵਸਦੇ ਪੰਜਾਬੀ ਕਵੀ ਨਿਰੰਜਨ ਸਿੰਘ ਨੂਰ ਖੁਸ਼ਆਮਦੀਦ ਤੇ ਇਕ ਪੰਜਾਬੀ ਮੁਸ਼ਾਇਰੇ ਦਾ ਆਯੋਜਨ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਐਸ. ਡੀ. ਐਮ. ਸੁਲਤਾਨਪੁਰ ਲੋਧੀ ਸ. ਸੁਖਜਿੰਦਰ ਸਿੰਘ ਭੁੱਲਰ ਨੇ ਕੀਤੀ। ਮੁਸ਼ਾਇਰੇ ਦਾ ਆਗਾਜ਼ ਸ਼ਿਵਦੇਵ ਸੰਧਾਂਵਾਲੀਆ ਨੇ:

"ਜਦੋਂ ਦੀ ਉਨ੍ਹਾਂ ਮੇਰੀ ਬਾਂਹ
ਵੱਢ ਸੁੱਟੀ ਹੈ...।"

ਦੇ ਕਲਾਮ ਨਾਲ ਹੋਇਆ। ਇਸ ਪਿੱਛੋਂ ਮੁਕੰਦ ਲਾਲ ਮਾਲੀ ਨੇ...

"ਨਹੀਂ ਮਰਦੇ ਸਾਂ ਉਸ ਦੇ ਲਾਰੇ ਨੇ ਮਾਰੇ"

ਕਹਿ ਕੇ ਲੜੀ ਨੂੰ ਹੋਰ ਅੱਗੇ ਤੋਰਿਆ। ਫਿਰ ਵਾਰੀ ਆਈ "ਛੱਟਾ ਚਾਨਣਾ ਦਾ ਦੇਣ ਵਾਲੇ" ਸ਼ਾਇਰ ਪ੍ਰੋ. ਸੁਰਿੰਦਰ ਗਿੱਲ ਦੀ ਉਨ੍ਹਾਂ ਪੰਜਾਬ ਦੇ ਮਾਹੌਲ ਦੇ ਸੰਦਰਭ 'ਚ ਪ੍ਰੋ. ਮੋਹਨ ਸਿੰਘ ਦੀ ਨਜ਼ਮ...

"ਭਾਰਤ ਹੈ ਵਾਂਗ ਮੁੰਦਰੀ 'ਚ
ਨਗ ਪੰਜਾਬ ਦਾ।"

ਆਪਣੀ ਸੁਰੀਲੀ ਹੇਕ ਨਾਲ ਬੜੇ ਵਜਦ 'ਚ ਆ ਕੇ ਸੁਣਾਈ। ਚਰਨ ਸਿੰਘ ਸਫਰੀ ਹੋਰਾਂ, ਮਾਈਕ ਤੇ ਆਉਂਦਿਆਂ ਹੀ ਬੜੇ ਮਜ਼ਾਹੀਆ ਜਿਹੇ ਅੰਦਾਜ਼ ਨਾਲ...

"ਤੱਕਲੇ ਦੇ ਵਲ ਕੱਢ ਲੈ
ਤੇਰਾ ਤੰਦ ਨਾ ਲਪੇਟਿਆ ਜਾਵੇ।"

ਕਹਿ ਕੇ ਫਿਰ ਅਜੋਕੇ ਮਨੁੱਖ ਦਾ ਕਿਰਦਾਰ ਮੂਰਤੀਮਾਨ ਕਰਦਾ ਚੁਮਿਸਰਾ...

ਜਿਉਂ ਜਿਉਂ ਮਾਂਦਰੀ ਮੰਤਰ ਉਚਾਰਦੇ ਨੇ"
ਫਨੀਅਰ ਹੋਰ ਫਨ ਫੈਲਾਅ ਰਿਹਾ ਏ"
ਗੰਗਾ ਸ਼ਰਮ ਦੀ ਮਾਰੀ ਖਾਮੋਸ਼ ਹੋ ਗਈ
ਬੰਦਾ ਬੰਦੇ ਦੇ ਲਹੂ 'ਚ ਨਾਹ ਰਿਹਾ ਏ।"

ਕਹਿ ਕੇ ਚੰਗੀ ਭੱਲ ਬਣਾਈ।

ਹੁਣ ਵਾਰੀ ਅਮਰ ਨਾਥ ਕੌਸਤੁਭ ਦੀ ਸੀ। ਉਨ੍ਹਾਂ ਆਪਣੀ ਨਜ਼ਮਾਂ "ਖੂਨ" ਹਿੰਦੀ 'ਚ ਉਚਾਰੀ- ਜਿਹੜੇ ਸਰੋਤਿਆਂ ਨੂੰ ਤਾਂ ਉਨ੍ਹਾਂ ਦੀ ਕਵਿਤਾ ਸਮਝ ਪਈ ਉਨ੍ਹਾਂ ਤਾਂ ਖੂਬ ਦਾਦ ਦਿੱਤੀ ਤੇ ਉਨ੍ਹਾਂ ਦਾ ਹੌਸਲਾ ਵੀ ਵਧਾਇਆ। ਫਿਰ ਕੜਕਦੇ ਬੋਲਾਂ ਵਾਲੇ ਸ਼ਾਇਰ ਗੁਰਚਰਨ ਸਿੰਘ ਚਰਨ ਨੇ:-

"ਲੱਗੀ ਅੱਗ ਪੰਜਾਬ ਦਿਆਂ ਪਾਣੀਆਂ ਨੂੰ
ਨੀਰੋ ਆਪਣੀ ਬੰਸਰੀ ਵਜਾ ਰਿਹਾ ਏ।"

ਕਹਿ ਕੇ ਫਿਰ ਜੋਸ਼ ਭਰੇ ਅੰਦਾਜ਼ 'ਚ ਫਰਕਦੇ ਡੌਲਿਆਂ ਨਾਲ ਇਕ ਧਾਰਮਿਕ ਵਾਰ ਕਹੀ:- ਪੰਜਾਬ ਦਾ ਦਰਦ ਆਪਣੇ ਕਲਾਮ 'ਚ ਸਾਂਝਾ ਕਰਦਿਆਂ ਹਰਭਜਨ ਸਿੰਘ ਹੁੰਦਲ ਨੇ:-

"ਕਿਸ ਨੂੰ ਅੱਜ ਸੰਬੋਧਨ ਹੋਵਾਂ
ਕਿਸ ਨੂੰ ਦਰਦ ਸੁਣਾਵਾਂ।"

ਪੜ੍ਹਿਆ। ਨਿਰੰਜਨ ਸਿੰਘ ਨੂਰ ਨੇ ਇਕ ਰੁਬਾਈ ਕਹਿ ਕੇ ਅਜੋਕੇ ਮਾਹੌਲ ਤੇ ਆਪਣੀ ਕਵਿਤਾ:-

"ਪ੍ਰੇਮ ਸਿੰਘਾ ਇਸ ਨਗਰੀ
ਅੱਜ ਕੌਣ ਮੋਇਆ ਹੈ।"

ਪੜ੍ਹੀ। ਉਨ੍ਹਾਂ ਦੇ ਇਨ੍ਹਾਂ ਬੋਲਾਂ 'ਚ ਇੰਨੀ ਜਾਨ ਸੀ ਕਿ ਸਰੋਤਿਆਂ ਉਨ੍ਹਾਂ ਦੇ ਹਰ ਬੋਲ ਨੂੰ ਪੂਰੀ ਤਵੱਜੋ ਦਿੱਤੀ। ਫਿਰ ਕੰਵਰ ਇਮਤਿਆਜ਼ ਨੇ-

"ਰਾਹੀਆ ਰਾਹੇ ਜਾਂਦਿਆਂ
ਇਕ ਲੈ ਸੁਨੇਹੜਾ ਜਾ"

ਨਜ਼ਮ ਪੜ੍ਹੀ। ਇਸ ਉਪਰੰਤ ਇਥੋਂ ਦਿਆਂ ਦੋ ਪੰਛੀਆਂ- ਪਹਿਲੇ ਨੇ-

"ਸੁਣ ਰਾਮ ਸਿੰਘ,
ਹਾਂ ਬਈ ਰਾਮ ਚੰਦਾ।"

ਤੇ ਦੂਜੇ ਨੇ "ਏਹ ਗੱਭਰੂ ਪੰਜਾਬ ਦਾ ਕਿਧਰ ਨੂੰ ਜਾ ਰਿਹਾ ਹੈ।" ਨਾਮੀ ਦੋ ਗੀਤ ਸੁਣਾਏ। ਫਿਰ ਡਾ. ਯਸ਼ਪਾਲ ਧਾਮੀ ਨੇ ਆਪਣਾ ਕਲਾਮ ਪੜ੍ਹਿਆ। ਬਾਅਦ 'ਚ ਸਤਪਾਲ ਪੁਰੀ ਨੇ ਭਾਸ਼ਨ ਦਿੱਤਾ।

ਅਮਰਜੀਤ ਸਿੰਘ

ਨੌਕਰੀ

ਭੁਵਨੇਸ਼ ਦਸ਼ੋਤਰ

—ਤਾਂ ਤੁਸੀਂ ਐਮ ਏ ਕੀਤੀ ਹੈ? ਉਸ ਨੇ ਕਿਹਾ।

—ਜੀ। ਉਹ ਬੋਲਿਆ।

—ਟਾਈਪ ਆਉਂਦੀ ਹੈ?

—ਜੀ...ਨਹੀਂ।

-ਸੌਰੀ, ਟਾਈਪ ਜ਼ਰੂਰੀ ਹੈ।

—ਇਹ ਉਸ ਦਾ ਪਹਿਲਾ ਇੰਟਰਵਿਊ ਸੀ।

—ਤੁਹਾਨੂੰ ਟਾਈਪ ਆਉਂਦੀ ਹੈ? ਉਸ ਨੇ ਪੁੱਛਿਆ।

—ਜੀ। ਉਹ ਬੋਲਿਆ।

—ਸ਼ਾਰਟਹੈਂਡ?

—ਜੀ ਨਹੀਂ।

—ਸੌਰੀ, ਸਾਡੇ ਇੱਥੇ ਸ਼ਾਰਟਹੈਂਡ ਬਹੁਤ ਜ਼ਰੂਰੀ ਹੈ।

ਇਹ ਉਸਦਾ ਦੂਸਰਾ ਇੰਟਰਵਿਊ ਸੀ।

—ਤੁਹਾਨੂੰ ਸ਼ਾਰਟਹੈਂਡ ਆਉਂਦੀ ਹੈ? ਉਸ ਨੇ ਪੁੱਛਿਆ।

—ਜੀ। ਉਹ ਬੋਲਿਆ।

—ਪਹਿਲਾਂ ਕਿਤੇ ਕੰਮ ਕੀਤਾ ਹੈ?

—ਜੀ...ਨਹੀਂ।

—ਸੌਰੀ, ਸਾਨੂੰ ਅਨੁਭਵੀ ਵਿਅਕਤੀ ਚਾਹੀਦਾ ਹੈ।

ਇਹ ਉਸ ਦਾ ਤੀਸਰਾ ਇੰਟਰਵਿਊ ਸੀ।

ਇਸ ਦੇ ਬਾਅਦ ਉਹ ਤਜਰਬਾ ਵੇਚਣ ਵਾਲੀ ਦੁਕਾਨ ਦੀ ਤਲਾਸ਼ ਵਿਚ ਰੁੱਝ ਗਿਆ।

—ਅਨੁ: ਸੁਸ਼ੀਲ ਗੋਇਲ

ਅੰਤਰ ਰਾਸ਼ਟਰੀ ਮੰਚ

ਸਪੇਨ ਦੀ ਘਰੇਲੂ ਯੁੱਧ ਅਤੇ ਕਮਿਊਨਿਸਟ

ਰਘੁਬੀਰ ਢੰਡ


ਪਿਛਲੇ ਸਾਲ, ਜੁਲਾਈ 1986 ਵਿਚ, ਸਪੇਨ ਦੇ ਘਰੇਲੂ ਯੁੱਧ ਦੇ ਅਰੰਭ ਦੀ ਪੰਜਾਹਵੀਂ ਬਰਸੀ ਸੀ । ਇਸ ਬਰਸੀ ਨੂੰ ਸ਼ਰਧਾਂਜ਼ਲੀ ਭੇਂਟ ਕਰਨ ਲਈ ਅਸੀਂ ਇਕ ਲੇਖ ਲਿਖਿਆ ਸੀ: 'ਸਪੇਨ ਦਾ ਘਰੇਲੂ ਯੁੱਧ ਅਤੇ ਬੁੱਧੀਜੀਵੀ' । ਇਹ ਲੇਖ ਬਰਤਾਨੀਆ ਵਿਚ 'ਪੰਜਾਬੀ ਦਰਪਣ', ਕੈਨੇਡਾ ਵਿਚ 'ਕੈਨੇਡਾ ਦਰਪਣ' ਅਤੇ ਭਾਰਤ ਵਿਚ ਸਾਹਿਤਕ ਤਿਮਾਹੀ 'ਸਿਰਜਣਾ' ਵਿਚ ਛਪਿਆ ਸੀ ।

ਦੁਹਰਾਉ ਤੋਂ ਬਚਣ ਲਈ ਉਸ ਲੇਖ ਵਿਚੋਂ ਹਵਾਲਾ ਦੇਣਾ ਜ਼ਰੂਰੀ ਹੈ ਤਾਂ ਕਿ ਹਥਲੇ ਲੇਖ ਦੇ ਪਿਛੋਕੜ ਨੂੰ ਗ੍ਰਹਿਣ ਕਰਨ ਵਿਚ ਕੋਈ ਮੁਸ਼ਕਲ ਪੇਸ਼ ਨਾ ਆਵੇ ।

"... 'ਘਰੇਲੂ' ਸ਼ਬਦ ਢੁੱਕਵਾਂ ਨਹੀਂ ਹੈ, ਕਿਉਂਕਿ ਦਸ ਲੱਖ ਵਿਅਕਤੀਆਂ ਨੂੰ ਨਿਗਲ ਅਤੇ ਦਸ ਲੱਖ ਨੂੰ ਜਲਾਵਤਨ ਕਰ ਦੇਣ ਵਾਲੀ ਇਸ ਖ਼ੂਨੀ ਜੰਗ ਦਾ ਫੈਸਲਾ ਘਰੇਲੂ ਸ਼ਕਤੀਆਂ ਦੀ ਪ੍ਰਸਪਰ ਟੱਕਰ ਨੇ ਨਹੀਂ ਸੀ ਕੀਤਾ । ਜੇ ਇੰਜ ਹੁੰਦਾ ਤਾਂ ਨੇਕੀ ਦੀਆਂ ਸ਼ਕਤੀਆਂ ਹਾਰ ਨਹੀਂ ਸਨ ਸਕਦੀਆਂ । ਫਾਸ਼ਿਸਟ ਫਰਾਂਕੋ ਦੀ ਅਗਵਾਈ ਵਿਚ ਲੜੀਆਂ ਬਦੀ ਦੀਆਂ ਤਾਕਤਾਂ ਦੀ ਜਿੱਤ ਦਾ ਮੁੱਖ ਕਾਰਣ ਹਿਟਲਰ ਦੇ ਜਰਮਨੀ, ਮਸੋਲੀਨੀ ਦੇ ਇਟਲੀ ਦੀ ਨੰਗੀ ਫੌਜੀ ਦਖਲਅੰਦਾਜ਼ੀ ਅਤੇ 'ਗੈਰ-ਦਖਲਅੰਦਾਜ਼ੀ' ਦਾ ਬੁਰਕਾ ਪਾਈ ਹੱਥ 'ਤੇ ਹੱਥ ਧਰੀ ਬੈਠੀਆਂ ਇੰਗਲੈਂਡ ਅਤੇ ਫਰਾਂਸ ਦੀਆਂ ਚਲਾਕ ਅਤੇ ਸਹਿਮੀਆਂ ਹੋਈਆਂ ਨਿਪੁੰਸਕ ਸਰਕਾਰਾਂ ਸਨ । ਨੇਕੀ ਦੀਆਂ ਸ਼ਕਤੀਆਂ ਦੇ ਹੱਕ ਵਿਚ ਜਿਹੜੀ ਸ਼ਕਤੀ ਨੇ ਅਮਲੀ ਰੂਪ ਵਿਚ ਆਪਣਾ ਯੋਗਦਾਨ ਪਾਇਆ, ਉਹ ਸ਼ਕਤੀ ਸੀ: ਸੋਵੀਅਤ ਰੂਸ, ਜਿਸ ਦੇ ਯੋਗਦਾਨ ਤੋਂ ਬਿਨਾਂ ਸਪੇਨ ਦੇ ਲੋਕ ਇਸ ਖ਼ੂਨੀ ਜੰਗ ਨੂੰ ਬੱਤੀ ਮਹੀਨੇ ਜਾਰੀ ਨਹੀਂ ਸਨ ਰੱਖ ਸਕਦੇ... ।"

ਇਸ ਲੇਖ ਵਿਚ ਸਾਧਾਰਣ ਰੂਪ ਵਿਚ ਹੰਗਾਮੀ ਹਾਲਾਤ ਸਮੇਂ ਕਮਿਊਨਿਸਟਾਂ ਦੇ ਅਮਲਾਂ ਬਾਰੇ ਅਤੇ ਵਿਸ਼ੇਸ਼ ਰੂਪ ਵਿਚ ਸਪੇਨ ਦੇ ਘਰੇਲੂ ਯੁੱਧ ਵਿਚ ਸਪੇਨ ਦੇ ਕਮਿਊਨਿਸਟਾਂ ਦੇ ਕਿਰਦਾਰ ਅਤੇ ਅਮਲਾਂ ਦਾ ਹਵਾਲਿਆਂ ਸਮੇਤ ਲੇਖਾਜੋਖਾ ਕਰਾਂਗੇ ।

ਪਹਿਲਾਂ ਦੋ ਸ਼ਬਦ ਕਮਿਊਨਿਸਟਾਂ ਸਬੰਧੀ ਇਸ ਲਈ ਪੁੱਛਣੇ-ਦੱਸਣੇ ਬਣਦੇ ਹਨ ਕਿ ਜਦੋਂ ਵੀ ਕਿਸੇ ਦੇਸ਼ 'ਤੇ ਭੀੜ ਬਣਦੀ ਹੈ, ਸੂਰਜ ਬੁਝ ਜਾਂਦਾ ਹੈ ਅਤੇ ਕਲਜੁੱਗ ਦਾ ਦਾਨਵ ਆਦਮ-ਬੋ, ਆਦਮ-ਬੋ ਗਰਜਦਾ ਨਿਰਦੋਸ਼ ਲੋਕਾਂ ਦੇ ਲਹੂ ਨਾਲ ਹੋਲੀ ਖੇਡਦਾ ਹੈ ਤਾਂ ਇਹ ਕਮਿਊਨਿਸਟ ਹੀ ਕਿਉਂ ਹੁੰਦੇ ਹਨ ਜਿਹੜੇ ਜਾਨਾਂ ਤਲੀ ਤੇ ਧਰ ਮੈਦਾਨ ਵਿਚ ਨਿਤਰਦੇ



Raghbir Dhand

ਹਨ, ਦਾਨਵ ਨਾਲ ਜਾ ਭਿੜਦੇ ਹਨ ਅਤੇ ਸੂਰਜ ਦੇ ਰਥ ਨੂੰ ਮੁੜ ਨੀਲ ਗਗਨ 'ਤੇ ਬਿਰਾਜਮਾਨ ਕਰਦੇ ਹਨ ? ਕਿਉਂ ?

ਜੇ ਇਸ ਨੁਕਤੇ ਨੂੰ ਠੋਸ ਮਿਸਾਲਾਂ ਨਾਲ ਸਪਸ਼ਟ ਕਰੀਏ ਤਾਂ ਪ੍ਰਸੰਗ ਵਜੋਂ ਆਖ ਸਕਦੇ ਹਾਂ ਕਿ ਜੇ ਅੱਜ ਪੰਜਾਬ ਵਿਚ ਮਜ਼ਹਬੀ ਮੂਲਵਾਦ-ਅਤਿਵਾਦ-ਵੱਖਵਾਦ ਵਿਰੁੱਧ ਅਤੇ ਬੰਗਾਲ ਵਿਚ ਗੋਰਖਾਲੈਂਡ ਦੀ ਵੱਖਵਾਦੀ ਹਫੀਮ ਚਾਰਨ ਵਾਲਿਆਂ ਵਿਰੁੱਧ ਸੱਚੀ-ਸੁੱਚੀ, ਬੇਗਰਜ਼, ਧਰਮ-ਨਿਰਪੇਖ ਅਤੇ ਦੇਸ਼ਭਗਤ ਲੜਾਈ ਦੇ ਰਹੇ ਹਨ ਤਾਂ ਉਹ ਕਮਿਊਨਿਸਟ ਹੀ ਹਨ । ਕਮਿਊਨਿਸਟਾਂ ਨੂੰ ਕਤਲ ਕੀਤਾ ਜਾ ਰਿਹਾ ਹੈ, ਉਨ੍ਹਾਂ ਦੇ ਘਰ ਲੂਹੇ ਜਾ ਰਹੇ ਹਨ ਅਤੇ ਉਹ ਬੇਹਥਿਆਰ ਹੁੰਦੇ ਹੋਏ ਵੀ ਗਰਜ ਰਹੇ ਹਨ: 'ਅਸੀਂ ਕਿਸੇ ਤੋਂ ਨਹੀਂ ਡਰਦੇ ! ਜੇ ਡਰਦੇ ਹਾਂ ਤਾਂ ਸਿਰਫ ਆਪਣੇ ਲੋਕਾਂ ਤੋਂ, ਕਿਉਂਕਿ ਲੋਕ ਹੀ ਸਾਡੇ ਰੱਬ ਹਨ ਅਤੇ ਅਸੀਂ ਲੋਕਾਂ ਦੇ ਪੁੱਤ ਕਦੀ ਖਤਮ ਨਹੀਂ ਹੋ ਸਕਦੇ ।'

ਆਪਣੇ ਦੇਸ਼ ਦੀਆਂ ਹੱਦਾਂ ਤੋਂ ਬਾਹਰ ਨਜ਼ਰ ਮਾਰੀਏ ਤਾਂ ਵੇਖਦੇ ਹਾਂ ਕਿ ਅਫਰੀਕਾ, ਮੱਧ-ਪੂਰਵ, ਏਸ਼ੀਆ, ਅਮਰੀਕਾ ਅਤੇ ਯੂਰਪ, ਜਿਥੇ ਵੀ ਜਬਰ ਅਤੇ ਸਾਮਰਾਜ-ਫਾਸ਼ੀਵਾਦ ਵਿਰੁੱਧ ਸੰਘਰਸ਼ ਲੜੇ ਜਾ ਰਹੇ ਹਨ, ਉਥੇ ਕਮਿਊਨਿਸਟਾਂ ਨੇ ਮੂਹਰਲੀਆਂ ਸਫਾਂ ਵਿਚ ਖਲੋ ਆਪਣੇ ਲੋਕਾਂ ਨਾਲ ਵਫਾ ਨਿਭਾਉਂਦਿਆਂ ਬੇਅੰਤ ਕੁਰਬਾਨੀਆਂ ਦਿੱਤੀਆਂ ਹਨ । ਜਦੋਂ ਇਟਲੀ ਦੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਅਤੇ ਜ਼ਹੀਨ ਕਾਮਰੇਡ ਐਂਟੋਨੀਓ ਗ੍ਰਾਮਸ਼ੀ ਉਤੇ ਮਸੋਲੀਨੀ ਦੇ ਇਟਲੀ ਦੀ ਕਚਹਿਰੀ ਵਿਚ ਮੁਕੱਦਮਾ ਚਲਾਇਆ ਗਿਆ ਤਾਂ ਉਦੋਂ ਜਿਹੜੇ ਸ਼ਬਦ ਗ੍ਰਾਮਸ਼ੀ ਨੇ ਆਖੇ ਉਹ ਕਮਿਊਨਿਸਟਾਂ ਦੀ ਨੀਤੀ ਅਤੇ ਦੇਸ਼ ਭਗਤੀ ਦਾ ਤਾਰੀਖੀ ਸਬੂਤ ਹਨ । ਗ੍ਰਾਮਸ਼ੀ ਨੇ ਆਖਿਆ ਸੀ "ਤੁਸੀਂ ਇਟਲੀ ਨੂੰ ਤਬਾਹ ਕਰ ਦੇਵੋਗੇ, ਫਿਰ ਇਹ ਸਾਨੂੰ ਕਮਿਊਨਿਸਟਾਂ ਨੂੰ ਬਚਾਉਣਾ ਪਵੇਗਾ ।"

ਇਹ ਸ਼ਬਦ ਸੁਣ ਪਤਾ ਹੈ ਜੱਜ ਨੇ ਕੀ ਹੁਕਮ ਸੁਣਾਇਆ ਸੀ ? ਬੋਲਿਆ ਸੀ : "ਇਸ ਦਿਮਾਗ ਨੂੰ ਵੀਹ ਸਾਲ ਲਈ ਕੰਮ ਕਰਨੋ ਬੰਦ ਕਰ ਦਿੱਤਾ ਜਾਵੇ!" ... ਵਿਚਾਰਾ ਜੱਜ !! ਹੋਰ ਕਰ ਵੀ ਕੀ ਸਕਦਾ ਸੀ ਫਾਸ਼ੀਵਾਦ ਦਾ ਰੈਲਾ ਪੁਰਜ਼ਾ ! ... ਪਰ ਕੀ ਉਹ ਦਿਮਾਗ ਵੀਹ ਸਾਲ ਕੰਮ ਕਰਨੋਂ ਹਟਿਆ ? ਨਹੀਂ, ਕਮਿਊਨਿਸਟ ਅਜਿਹੀ ਮਿੱਟੀ ਦੇ ਬਣੇ ਹੋਏ ਨਹੀਂ ਹੁੰਦੇ । ਇਹ ਤਾਂ ਅੱਗ ਚੋਂ ਵੀ ਫੁੱਲ ਖਿੜਾ ਦਿੰਦੇ ਹਨ । ਉਹੀ ਤਾਂ ਸਾਲ ਸਨ ਜਿਨ੍ਹਾਂ ਵਿਚ ਅਮਰ ਗ੍ਰਾਮਸ਼ੀ ਨੇ ਅੰਤਰਰਾਸ਼ਟਰੀ ਪੱਧਰ ਦੀਆਂ ਲਿਖਤਾਂ ਲਿਖੀਆਂ !

ਕੌਮਾਂਤਰੀ ਇਤਿਹਾਸ ਗਵਾਹ ਹੈ ਕਿ ਜਦੋਂ ਪ੍ਰੀਖਿਆ ਦੀ ਘੜੀ ਆਉਂਦੀ ਹੈ ਉਦੋਂ ਕਮਿਊਨਿਸਟ ਨਾ ਤਾਂ ਥਿੜਕਦੇ ਹਨ, ਨਾ ਹੀ ਦੋਚਿੱਤੀ ਵਿਚ ਪੈਂਦੇ ਹਨ, ਬਲਕਿ ਉਦੋਂ ਵੀ ਆਪਣੇ ਦਿਲ ਉਤੇ ਦਿਮਾਗ ਦਾ ਪਹਿਰਾ ਦਿੰਦੇ ਹਨ ਅਤੇ ਵਸਤਾਂ ਨੂੰ ਸਹੀ ਨਾਵਾਂ ਨਾਲ ਪੁਕਾਰਦੇ ਹਨ । ਪਰ ਕਿਉਂ ?

ਇਸ ਦੇ ਤਿੰਨ ਮੁੱਖ ਕਾਰਣ ਹਨ :

ਪਹਿਲਾ, ਮਜ਼ਦੂਰ ਜਮਾਤ, ਕਿਸਾਨ ਅਤੇ ਮਿਹਨਤਕਸ਼ ਲੋਕ ਹੀ ਕਮਿਊਨਿਸਟਾਂ ਦੇ ਰੱਬ ਹੁੰਦੇ ਹਨ । ਇਨ੍ਹਾਂ ਦੀਆਂ ਨਿੱਜੀ ਜ਼ਿੰਦਗੀਆਂ ਅਤੇ ਨਿੱਜੀ ਹਿਤ ਲੋਕਾਂ ਦੇ ਹਿਤਾਂ ਦੇ ਅਧੀਨ ਹੁੰਦੇ ਹਨ । ਇਸ ਸਚਾਈ ਨੂੰ ਮਾਰਕਸ ਏਂਗਲਜ਼ ਨੇ ਕਮਿਊਨਿਸਟ ਮੈਨੀਫੈਸਟੋ ਵਿਚ ਇੰਜ ਦਰਸਾਇਆ ਹੈ: "ਸਮੁੱਚੇ ਤੌਰ 'ਤੇ ਉਨ੍ਹਾਂ ਦੇ ਹਿਤ ਮਜ਼ਦੂਰ ਜਮਾਤ ਦੇ ਹਿਤਾਂ ਨਾਲੋਂ ਵੱਖਰੇ ਨਹੀਂ ਹੁੰਦੇ ।"

ਦੂਜਾ, ਕਮਿਊਨਿਸਟਾਂ ਦਾ ਇਸ਼ਟ ਕਮਿਊਨਿਜ਼ਮ ਹੈ ਜਿੱਥੇ ਹਰ ਇੱਕ ਸਾਰਿਆਂ ਲਈ ਅਤੇ ਸਾਰੇ ਇੱਕ ਲਈ ਦੇ ਅਸੂਲ ਅਨੁਸਾਰ ਜੀਵਨ ਬਤੀਤ ਕਰਨਗੇ । ਕੋਈ ਲੁੱਟ, ਕੋਈ ਭੁੱਖ ਅਤੇ ਕੋਈ ਨਾਬਰਾਬਰੀ ਨਹੀਂ ਹੋਵੇਗੀ । ਲੋਕ ਆਪਣੀ ਸ਼ਕਤੀ ਅਨੁਸਾਰ ਕੰਮ ਕਰਨਗੇ ਅਤੇ ਲੋੜ ਅਨੁਸਾਰ ਲੈਣਗੇ ਤੇ ਵਰਤਨਗੇ । ਕਮਿਊਨਿਸਟਾਂ ਦਾ ਅਟੱਲ ਵਿਸ਼ਵਾਸ ਹੈ ਕਿ ਉਹ ਦਿਨ ਜ਼ਰੂਰ ਆਵੇਗਾ ਅਤੇ ਉਹ ਮਜ਼ਦੂਰ ਜਮਾਤ ਦੀ ਸਰਦਾਰੀ ਹੇਠ ਉਸ ਦਿਨ ਨੂੰ ਲੈ ਕੇ ਆਉਣਗੇ । ਇਤਿਹਾਸ ਦਾ ਮੁਖ ਧਾਰਾ ਇੱਧਰ ਹੈ ਅਤੇ ਇਤਿਹਾਸ ਦਾ ਪਹੀਆ ਪਿਛਾਂਹ ਨਹੀਂ ਭੁਆਇਆ ਜਾ

ਬਾਕੀ ਪੰਨਾ 30 'ਤੇ

ਪੰਨਾ 29 ਦੀ ਬਾਕੀ

ਸਕਦਾ। ਦਸੰਬਰ 1933 ਵਿਚ ਦਮਿਤਰੋਵ ਨੇ 'ਦਾ ਰਾਈਕਸਟਾਗ ਅੱਗ ਮੁਕੱਦਮੇ' ਵਿਚ ਆਪਣੀ ਅੰਤਿਮ ਤਕਰੀਰ ਇੰਨ੍ਹਾਂ ਸ਼ਬਦਾਂ ਨਾਲ ਸਮਾਪਤ ਕੀਤੀ ਸੀ : "ਅਸੀਂ ਕਮਿਊਨਿਸਟ ਅੱਜ ਬਜ਼ੁਰਗ ਗਲੀਲਿਓ ਜਿੰਨੀ ਦ੍ਰਿੜ੍ਹਤਾ ਨਾਲ ਲਲਕਾਰ ਕੇ ਆਖਦੇ ਹਾਂ : 'ਇਹ ਅਜੇ ਵੀ ਘੁੰਮਦੀ ਹੈ !' ਤਾਰੀਖ ਦਾ ਪਹੀਆ ਕਮਿਊਨਿਜ਼ਮ ਦੀ ਅੰਤਮਿ, ਅਟੱਲ, ਅਰੋਕ ਮੰਜ਼ਲ ਵੱਲ ਵਧ ਰਿਹਾ ਹੈ !"

ਤੀਜਾ ਕਾਰਣ ਹੈ ਕਮਿਊਨਿਸਟਾਂ ਦਾ ਇਸ ਜ਼ਿੰਦਗੀ ਨੂੰ ਬੇਹੱਦ ਮੋਹ ਕਰਨਾ। ਜੇ ਮਰਨਾ ਪਵੇ ਤਾਂ ਇਸ ਲਈ ਨਹੀਂ ਕਿ ਉਹ ਸ਼ਹੀਦ ਹੋ ਜਾਣ ਜਾਂ ਵੇਦਾਂਤੀਆਂ ਜਾਂ ਮਜ਼ਹਬਾਂ ਮੂਲਵਾਦੀਆਂ ਵਾਂਗ ਇਸ ਸੰਸਾਰ ਨੂੰ ਮਿਥਿਆ ਸਮਝ ਮੋਕਸ਼-ਬਹਿਸ਼ਤ-ਪਰਮਧਾਮ ਦੀ ਲਾਲਸਾ ਵਿਚ ਇਸ ਜੀਵਨ ਨੂੰ ਨਰਕ ਬਣਾਈ ਜਾਣ। ਨਹੀਂ, ਇਹ ਜੀਵਨ ਅਤੇ ਇਸਦੀ ਖੁਸ਼ਹਾਲੀ ਉਨ੍ਹਾਂ ਦਾ ਇਸ਼ਕ ਅਤੇ ਇਸ਼ਟ ਹੈ। ਪਰ ਜਦੋਂ ਇਸ ਜੀਵਨ ਨੂੰ ਜੀਵਨਦਾਨ ਦੇਣ ਲਈ ਕਿਸੇ ਦੀ ਬਲੀ ਦੀ ਲੋੜ ਪੈਂਦੀ ਹੈ ਤਾਂ ਆਪਮੁਹਾਰੇ ਮੂਹਰਲੀ ਕਤਾਰ ਵਿਚ ਜਾ ਖਲੋਂਦੇ ਹਨ :

ਹਮ ਸੇ ਬੜ੍ਹ ਕਰ ਜ਼ਿੰਦਗੀ ਸੇ ਕੌਨ ਕਰਤਾ ਹੈ ਪਿਆਰ
ਔਰ ਜਬ ਮਰਨੇ ਪੇ ਆ ਜਾਏਂ ਤੋ ਮਰ ਜਾਤੇ ਹੈਂ ਹਮ
(ਸਰਦਾਰ ਜਾਅਫਰੀ)

ਇੱਥੇ ਇਕ ਸਵਾਲ ਪੈਦਾ ਹੁੰਦਾ ਹੈ ਕਿ ਜੇ ਕਮਿਊਨਿਸਟ ਵਾਕਿਆ ਹੀ ਧਰਤੀ ਦੇ ਅਤਿ ਚੰਗੇ ਸਪੂਤ ਹਨ ਤਾਂ ਰੇਗਨ, ਥੈਚਰ, ਮਜ਼ਹਬੀ ਮੂਲਵਾਦੀ, ਦੱਖਣੀ ਅਫਰੀਕਾ ਦੇ ਬੋਥੇ, ਲਾਤਾਤੀ ਅਮਰੀਕਾ, ਅਫਰੀਕਾ ਅਤੇ ਏਸ਼ੀਆ ਦੇ ਹਾਕਮ ਡਿਕਟੇਟਰ — ਇੱਥੋਂ ਤੀਕ ਕਿ ਪੱਛਮੀ ਜਗਤ ਦੇ ਬੁੱਧੀਜੀਵੀ ਅਤੇ ਮਜ਼ਦੂਰ ਵੀ ਕਮਿਊਨਿਸਟਾਂ ਨੂੰ ਸਭ ਤੋਂ ਵੱਡਾ ਹਊਆ ਬਣਾ ਕੇ ਕਿਉਂ ਪੇਸ਼ ਕਰਦੇ ਅਤੇ ਸਮਝਦੇ ਹਨ ?

ਇਹ ਸਵਾਲ ਬੜਾ ਅਹਿਮ ਹੈ ਅਤੇ ਇੱਕ ਵੱਖਰੇ ਲੇਖ ਦੀ ਮੰਗ ਕਰਦਾ ਹੈ। ਇਥੇ ਇੰਨਾ ਹੀ ਕਹਿਣਾ ਕਾਫੀ ਰਹੇਗਾ ਕਿ ਸਾਮਰਾਜਵਾਦੀ, ਮਜ਼ਹਬੀ ਮੂਲਵਾਦੀ ਅਤੇ ਡਿਕਟੇਟਰ ਤਾਂ ਇਸ ਲਈ ਹਊਆ ਖੜ੍ਹਾ ਕਰਦੇ ਹਨ ਕਿਉਂਕਿ ਕਮਿਊਨਿਸਟਾਂ ਨੇ ਇਨ੍ਹਾਂ ਦੀਆਂ ਕਰਤੂਤਾਂ ਅਤੇ ਕੂਟਲ ਨੀਤੀਆਂ ਨੂੰ ਨਾ ਤਾਂ ਕਦੀ ਸਵੀਕਾਰ ਕਰਨਾ ਹੈ ਤੇ ਨਾ ਹੀ ਕਦੀ ਸਮਝੌਤਾ ਕਰਨਾ ਹੈ। ਕਮਿਊਨਿਸਟ ਇਹ ਕਦੋਂ ਬਰਦਾਸ਼ਤ ਕਰ ਸਕਦੇ ਹਨ ਕਿ ਕੋਈ ਮੁਲਕ ਦੂਜੇ ਮੁਲਕ ਨੂੰ ਲੁਟੇ, ਕੋਈ ਸਰਕਾਰ ਮਜ਼ਹਬ ਦਾ ਆਸਰਾ ਲੈ ਲੋਕਾਂ ਨੂੰ ਮੂਰਖ ਬਣਾਵੇ, ਇਨਸਾਨੀ ਸਭਿਆਚਾਰ ਨੂੰ ਹਜ਼ਾਰਾਂ ਸਾਲ ਪਿੱਛੇ ਲੈ ਜਾਵੇ ਅਤੇ ਸਾਰੀ ਕੌਮ ਨੂੰ ਤਾਰੀਖ ਦੇ ਮਖੌਲ ਦਾ ਨਿਸ਼ਾਨਾ ਬਣਾਵੇ, ਵੀਹ ਫੀ ਸਦੀ ਚਿੱਟੀ ਚਮੜੀ ਵਾਲੇ, ਵੀਹਵੀਂ ਸਦੀ ਦੇ ਅੰਤਿਮ ਦਹਾਕੇ ਵਿਚ ਵੀ, ਅੱਸੀ ਫੀ ਸਦੀ ਕਾਲੇ ਲੋਕਾਂ ਨੂੰ ਸਦੀਵੀ ਸ਼ੂਦਰ ਬਣਾ ਕੇ ਰੱਖ ਦੇਣ, ਤੇ ਫਿਰ ਕਮਿਊਨਿਸਟ ਇਹ ਕਿਵੇਂ ਬਰਦਾਸ਼ਤ ਕਰ ਸਕਦੇ ਹਨ ਕਿ ਕੋਈ ਫੌਜੀ ਡਿਕਟੇਟਰ ਲੋਕਾਂ ਨੂੰ ਤਾਂ ਸੰਗੀਨਾਂ ਦੀ ਛਾਂ ਹੇਠ ਰੱਖੇ ਪਰ ਦੇਸ਼ ਨੂੰ ਇਕ ਵੇਸਵਾ ਵਾਂਗ ਅਮਰੀਕਣ ਸਾਮਰਾਜ ਦੇ ਫੌਜੀ ਅੱਡਿਆਂ ਅਤੇ ਵਪਾਰੀਆਂ ਦੇ ਹਵਾਲੇ ਕਰ ਦੇਵੇ, ਅਤੇ ਫਿਰ ਜਦੋਂ ਲੋਕ-ਕਾਫਲੇ ਧੂੜਾਂ ਉਡਾਉਂਦੇ ਫੌਜੀ ਡਿਕਟੇਟਰ ਦੇ ਮਹਿਲ ਵਲ ਵਹੀਰਾਂ ਘੱਤ ਦੇਣ ਤਾਂ ਉਹ ਅਰਬਾਂ ਡਾਲਰ ਸਮੇਟ, ਦੁਨੀਆਂ ਦੇ ਸਭ ਤੋਂ ਬਦਮਾਸ਼ ਮੁਲਕ ਅਮਰੀਕਾ ਨੂੰ ਨੱਸ ਜਾਵੇ। ਨਹੀਂ, ਕਮਿਊਨਿਸਟ ਇਹੋ ਜਿਹੀਆਂ ਹਰਕਤਾਂ ਨਾ ਤਾਂ ਬਰਦਾਸ਼ਤ ਕਰ ਸਕਦੇ ਹਨ, ਨਾ ਨਜ਼ਰਅੰਦਾਜ਼ ਕਰ ਸਕਦੇ ਹਨ ਅਤੇ ਨਾ ਹੀ ਇੰਨ੍ਹਾਂ ਨਾਲ ਸਮਝੌਤਾ ਕਰ ਸਕਦੇ ਹਨ। ਇਕ ਪਾਸੇ ਗੁਲਿਸਤਾਨ ਨੂੰ ਉਜਾੜਨ ਵਾਲੇ ਹਨ, ਦੂਜੇ ਪਾਸੇ ਫੁੱਲ ਖਿੜਾਉਣ ਵਾਲੇ ਇਹੀ ਕਾਰਣ ਹੈ ਕਿ ਅਜਿਹੇ ਅਨਸਰ ਕਮਿਊਨਿਸਟਾਂ ਨੂੰ ਹਊਆ ਬਣਾ ਪੇਸ਼ ਕਰਨ ਲਈ ਮੀਡੀਏ ਦੇ ਝੱਖੜ ਝੁਲਾਉਂਦੇ ਹਨ :

ਜੋ ਫੂਲ ਸਾਰੇ ਗੁਲਸਿਤਾਂ ਮੇਂ ਸਬ ਸੇ ਅੱਛਾ ਹੋ
ਵੋਹ ਏਕ ਫੂਲ ਸਮਾਤਾ ਹੈ ਚਸ਼ਮੇ-ਗੁਲਚੀਂ ਮੇਂ — (ਫੈਜ਼)

ਹਾਂ, ਬੁੱਧੀਜੀਵੀਆਂ ਅਤੇ ਮਜ਼ਦੂਰ ਜਮਾਤ ਨਾਲ ਕਮਿਊਨਿਸਟਾਂ ਦਾ ਕੋਈ ਵਿਰੋਧ ਨਹੀਂ। ਪੱਛਮ ਦੇ ਸ਼ਕਤੀਸ਼ਾਲੀ ਮੀਡੀਏ ਨੇ ਉਨ੍ਹਾਂ ਨੂੰ ਗੁਮਰਾਹ ਕਰਕੇ ਕਮਿਊਨਿਸਟ-ਵਿਰੋਧੀ ਬਣਾਇਆ ਹੋਇਆ ਹੈ। ਪੈਰ-ਪੈਰ, ਵਾਰ-ਵਾਰ ਬੋਲਿਆ ਗਿਆ ਝੂਠ, ਖਾਸ ਕਰ ਕਲਾਮਈ ਤਰੀਕੇ ਨਾਲ, ਲੋਕਾਂ ਦੇ ਸੁਭਾਵਕ ਅਮਲਾਂ 'ਤੇ ਵੀ ਰਾਜ ਕਰਨ ਲੱਗ ਜਾਂਦਾ ਹੈ। ਪਰ ਕਮਿਊਨਿਸਟ ਇੰਨ੍ਹਾਂ ਨੂੰ ਅਤਿ ਸਬਰ ਨਾਲ ਸਮਝਾਉਣਗੇ ਅਤੇ ਭਵਿਖ ਵਿਚ ਇਹ ਲੋਕ ਆਪਣੇ ਅਸਲੀ ਪਰਚਮ ਹੇਠ ਆ ਕੇ ਜਮ੍ਹਾਂ ਹੋ ਜਾਣਗੇ, ਜਿਵੇਂ ਸਪੇਨ ਦੇ ਘਰੇਲੂ ਯੁੱਧ ਸਮੇਂ ਹੋਏ ਸਨ।

ਉਪਰੋਕਤ ਸਾਧਾਰਣ ਪ੍ਰਸੰਗ ਤੋਂ ਬਾਦ ਹੁਣ ਵਿਸ਼ੇਸ਼ ਸਪੇਨੀ ਘਰੇਲੂ ਯੁੱਧ ਵਿਚ ਕਮਿਊਨਿਸਟਾਂ ਦੇ ਅਮਲਾਂ ਦਾ ਮੁਲਾਂਕਣ ਕਰਾਂਗੇ।

ਸਪੇਨ ਦੇ ਘਰੇਲੂ ਯੁੱਧ ਵਿਚ ਕਮਿਊਨਿਸਟਾਂ ਦਾ ਰੋਲ ਇੰਨਾ ਮਹੱਤਵਪੂਰਣ ਸੀ ਕਿ ਇਹ ਯੁੱਧ ਕਮਿਊਨਿਸਟਾਂ ਲਈ ਇਕ ਸਕੂਲ ਸਿੱਧ ਹੋਇਆ ਜਿਸ ਵਿਚ ਦੂਜੇ ਸੰਸਾਰ ਯੁੱਧ ਦੇ ਯੋਧਿਆਂ, ਜਰਨੈਲਾਂ ਅਤੇ ਲੀਡਰਾਂ ਨੇ ਜਾਨ ਦੀ ਬਾਜ਼ੀ ਲਾ ਕੇ ਟਰੇਨਿੰਗ ਲਈ। ਯੋਗੋਸਲਾਵੀਆ ਵਿਚ ਮਾਰਸ਼ਲ ਟੀਟੋ ਦੇ ਅਤਿ ਨਜ਼ਦੀਕੀ ਸਾਥੀ ਸਪੇਨੀ ਜੰਗ ਵਿਚ ਅੱਗ ਦੀ ਪਹੁਲ ਸੇਵਨ ਕਰ ਚੁੱਕੇ ਸਨ। ਕਰਨਲ ਰੋਲ-ਟੈਂਗੀ, ਜਿਸ ਨੇ ਪੈਰਿਸ ਵਿਚ ਜਰਮਨਾਂ ਦੇ ਹਥਿਆਰ ਸੁਟਵਾਏ, ਸਪੇਨੀ ਯੁੱਧ ਦਾ ਯੋਧਾ ਸੀ। ਇਟਲੀ ਦੀ ਮਿਸਾਲ ਤਾਂ ਸਭ ਤੋਂ ਵੱਧ ਨਿਖਰਵੀਂ ਹੈ। ਲੂਈਜੀ ਲੌਂਗੋ, ਜਿਹੜਾ ਤੁਗਲਿਆਤੀ ਦੀ ਮੌਤ ਪਿਛੋਂ ਇਟਲੀ ਦੀ ਕਮਿਊਨਿਸਟ ਪਾਰਟੀ ਦਾ ਜਨਰਲ ਸਕੱਤਰ ਬਣਿਆ ਤੇ ਦੂਜੇ ਮਹਾਂਯੁੱਧ ਵਿਚ ਉਤਰੀ ਇਟਲੀ ਵਿਚ ਗੁਰੀਲਾ ਫੌਜ ਦਾ ਮੁਖੀਆ ਬਣਿਆ, ਸਪੇਨੀ ਜੰਗ ਸਮੇਂ ਕੌਮਾਂਤਰੀ ਬਰਗੇਡਾਂ ਦੇ ਇੰਚਾਰਜਾਂ ਵਿਚੋਂ ਇਕ ਸੀ।

ਸਪੇਨੀ ਜੰਗ ਵਿਚ ਕਮਿਊਨਿਸਟਾਂ ਦੀ ਦੇਣ ਕਿੰਨੀ ਕੁ ਹੈ, ਇਸ ਬਾਰੇ ਜਗਤ-ਪ੍ਰਸਿੱਧ ਕਵੀ ਪਾਬਲੋ ਨਰੂਦਾ ਆਪਣੀ ਸਵੈ ਜੀਵਨੀ ਵਿਚ ਲਿਖਦਾ ਹੈ:

"ਸਿਰਫ ਕਮਿਊਨਿਸਟ ਹੀ ਇਕ ਅਜਿਹੀ ਜਥੇਬੰਦੀ ਸੀ ਜਿਸ ਨੇ ਇਟਾਲੀਅਨ, ਜਰਮਨ, ਮੂਰਜ਼, ਅਤੇ ਫਲੈਂਜਿਸਟਾਂ ਦਾ ਟਾਕਰਾ ਕਰਨ ਲਈ ਇੱਕ ਫੌਜ ਇਕੱਠੀ ਕੀਤੀ। ਇਸ ਦੇ ਨਾਲ ਨਾਲ ਕਮਿਊਨਿਸਟ ਇਕ ਇਖਲਾਕੀ ਸ਼ਕਤੀ ਵੀ ਸਨ, ਜਿਸ ਸਦਕਾ ਮੁਕਾਬਲਾ ਅਤੇ ਫਾਸ਼ਿਸ਼ਟ-ਵਿਰੋਧੀ ਸੰਘਰਸ਼ ਜਾਰੀ ਰਹਿ ਸਕਿਆ।"

ਕਮਿਊਨਿਸਟਾਂ ਦੀਆਂ ਸਪੇਨੀ ਯੁੱਧ ਵਿਚ ਕੀਤੀਆਂ ਕੁਰਬਾਨੀਆਂ ਦਾ ਇਤਿਹਾਸ ਪੜ੍ਹ ਕੇ ਅੱਖਾਂ ਵਿਚੋਂ ਸਮੁੰਦਰ ਛਲਕ ਜਾਂਦੇ ਹਨ। ਨਿਰਪੱਖ ਇਨਸਾਨ ਵੀ ਸੋਚਣ ਲਈ ਮਜ਼ਬੂਰ ਹੋ ਜਾਂਦਾ ਹੈ ਕਿ ਇਹ ਲੋਕ ਕਿਹੜੀ ਮਿੱਟੀ ਦੇ ਬਣੇ ਹੋਏ ਹਨ ਕਿ : — ਜਬ ਆਵ ਕੀ ਆਉਧ ਨਿਦਾਨ ਬਨੇ ਅਤਿ ਹੀ ਰਨ ਮੇ ਤਬ ਜੂਝ ਮਰੋ !

ਫਰਾਂਸੀਸੀ ਸਾਮਰਾਜੀਆਂ ਨਾਲ ਲੜਾਈ ਸਮੇਂ ਜਦੋਂ ਵੀਅਤਨਾਮ ਦੇ ਸ਼ਾਨਦਾਰ ਸਪੂਤ ਹੋਚੀ ਮਿਨ੍ਹ ਨੂੰ ਪੁੱਛਿਆ ਗਿਆ ਕਿ ਫਰਾਂਸੀਸੀਆਂ ਦੇ ਉਤਮ ਅਸਲ੍ਹੇ, ਹਵਾਈ ਸੈਨਾ ਅਤੇ ਬੇਅੰਤ ਦੌਲਤ ਸਾਹਵੇਂ ਤੁਹਾਡੇ ਕੋਲ ਅਜਿਹੀ ਕਿਹੜੀ ਸ਼ੈਅ ਹੈ ਜਿਸ ਸਦਕਾ ਤੁਸੀਂ ਜਿੱਤ 'ਤੇ ਟੇਕ ਲਾਈ ਬੈਠੇ ਹੋ ... ਹੋ ਨੇ ਕੇਵਲ ਇੰਨਾ ਹੀ ਉਤਰ ਦਿੱਤਾ ਸੀ : "ਅਸੀਂ ਉਨ੍ਹਾਂ ਨਾਲੋਂ ਮਰਦੇ ਵਧੀਆ ਹਾਂ।"

ਇਹੀ ਸੱਚ ਹੈਮਿੰਗਵੇ ਨੇ ਆਪਣੇ ਸਪੇਨੀ ਯੁੱਧ ਬਾਰੇ ਲਿਖੇ ਨਾਵਲ 'ਫਾਰ ਹੂਮ ਦਾ ਬੱਲ ਟੋਲਜ਼' ਵਿਚ ਦਰਸਾਇਆ ਹੈ: 'ਅਸੀਂ ਜਾਣਦੇ ਹਾਂ ਕਿ ਮਰਨਾ ਕਿਵੇਂ ਹੈ !'

ਸਪੇਨੀ ਯੁੱਧ ਇਸ ਤੱਥ ਦੀਆਂ ਬੇਅੰਤ ਮਿਸਾਲਾਂ ਨਾਲ ਭਰਿਆ ਪਿਆ ਹੈ। ਇੱਕੋ ਪ੍ਰਤੀਨਿਧ ਉਦਾਹਰਣ ਹੀ ਕਾਫੀ ਰਹੇਗੀ। ਸਪੇਨ ਦੀ ਰਾਜਧਾਨੀ ਮੈਡਰਿਡ ਵਿਚ 25,000 ਕਮਿਊਨਿਸਟਾਂ ਵਿਚੋਂ 21,000 ਮੈਡਰਿਡ ਸੈਕਟਰ ਦੀਆਂ ਮੋਹਰਲੀਆਂ ਸਫਾਂ ਵਿਚ ਜਾ ਕੇ ਲੜੇ। ਉਹ ਵਧਦੇ, ਲੜਦੇ ਅਤੇ ਮਰਦੇ ਇਹੀ ਨਾਅਰੇ ਬੁਲੰਦ ਕਰਦੇ ਸਨ : — ਨੋ ਪਾਸਰਾਨ (ਤੁਸੀਂ ਲੰਘ ਨਹੀਂ ਸਕਦੇ) ! .... ਗੋਡਿਆਂ-ਭਾਰ ਜੀਣ ਨਾਲੋਂ ਲੜਦਿਆਂ ਮਰਨਾ ਕਿਤੇ ਚੰਗਾ ਹੈ!"

ਕਮਿਊਨਿਸਟਾਂ ਦਾ ਇਹ ਤਾਰੀਖੀ ਕਿਰਦਾਰ ਹੈ ਕਿ ਜਦੋਂ ਇਹ ਜ਼ੁਲਮ ਜਬਰ ਦੀਆਂ ਵਹਿਸ਼ੀ ਸ਼ਕਤੀਆਂ ਵਿਰੁੱਧ ਲੜਦੇ ਹਨ ਤਾਂ ਆਮ ਲੋਕਾਂ ਨੂੰ ਲਾਮਬੰਦ ਕਰਨ ਲਈ, ਇੰਨ੍ਹਾਂ ਨੂੰ ਆਮ ਲੋਕਾਂ ਵਿਚ ਹੀ ਵਿਚਰਨਾ ਪੈਂਦਾ ਹੈ ਅਤੇ ਸਦੀਆਂ ਦੀ ਸਿਆਸੀ ਅਤੇ ਕਲਚਰਲ ਗੁਲਾਮੀ ਹੰਢਾ ਰਹੇ ਲੋਕ ਇੰਨੀ ਛੇਤੀ ਮਗਰ ਨਹੀਂ ਲੱਗ ਜਾਂਦੇ। ਅਜਿਹੇ ਵਾਤਾਵਰਨ ਵਿਚ ਕਮਿਊਨਿਸਟ ਆਪਣੇ ਬੁਲੰਦ ਇਖਲਾਕ ਅਤੇ ਸਵੈ-ਕਾਬੂ ਨਾਲ ਹੀ ਲੋਕਾਂ ਦਾ ਦਿਲ ਜਿਤ ਸਕਦੇ ਹਨ। ਲੈਨਿਨ ਬਾਰੇ ਆਖਿਆ ਜਾਂਦਾ ਹੈ ਕਿ ਉਹ ਏਡੇ ਉਚੇ ਇਖਲਾਕ ਦਾ ਮਾਲਕ ਸੀ ਕਿ ਨਾ ਤਾਂ ਸਿਗਰਟ ਪੀਂਦਾ ਸੀ ਨਾ ਹੀ ਸ਼ਰਾਬ ਅਤੇ ਕਾਲ ਸਮੇਂ ਲੂਣ ਵਾਲਾ ਪਾਣੀ ਪੀਂਦਾ ਹੁੰਦਾ ਸੀ। ਚੀਨੀ ਇਨਕਲਾਬੀ ਸਮੇਂ ਲੋਕ ਫੌਜ ਨੂੰ ਆਦੇਸ਼ ਸੀ ਕਿ ਜੇ ਕਿਸੇ ਤੋਂ ਸੂਈ ਵੀ ਮੰਗੀ ਜਾਵੇ ਤਾਂ ਵਰਤ ਕੇ ਵਾਪਸ ਕੀਤੀ ਜਾਵੇ। ਸੁੰਦਰੀਏ ਦੀ ਸਾਦਗੀ ਦੀ ਮਿਸਾਲ ਨੰਬੂਦਰੀਪਾਦ ਆਪਣੀ ਜੀਵਨੀ ਵਿਚ ਬੜੀ ਸ਼ਰਧਾ ਨਾਲ ਬਿਆਨ ਕਰਦਾ ਹੈ।

ਸਪੇਨੀ ਕਮਿਊਨਿਸਟ ਵੀ ਇਸੇ ਲੜੀ ਦੇ ਮਣਕੇ ਸਨ। ਉਨ੍ਹਾਂ ਨੇ ਸਵੈ-ਜ਼ਬਤ ਅਤੇ ਉਚੇ ਇਖਲਾਕ ਦਾ ਉਹ ਸਬੂਤ ਦਿਤਾ ਕਿ ਅੱਜ ਤੀਕ ਉਨ੍ਹਾਂ ਦੇ ਦੁਸ਼ਮਣ ਵੀ ਇਸ ਪਹਿਲੂ ਨੂੰ ਨਿੰਦ ਨਹੀਂ ਸਕੇ। ਹੈਮਿੰਗਵੇ ਉਪਰੋਕਤ ਨਾਵਲ ਵਿਚ ਹੀ ਕਹਿੰਦਾ ਹੈ: "ਇੱਥੇ ਸਪੇਨ ਵਿਚ ਜੰਗ ਲੜਦਿਆਂ ਕਮਿਊਨਿਸਟਾਂ ਨੇ ਆਪਣੇ ਆਪ ਨੂੰ ਸਭ ਤੋਂ ਉਤਮ ਜ਼ਾਬਤੇ ਵਾਲੇ, ਦ੍ਰਿੜ੍ਹ ਅਤੇ ਸੰਤੁਲਿਤ ਸਿੱਧ ਕੀਤਾ।"

ਇਸ ਲੇਖ ਨੂੰ ਸਮਾਪਿਤ ਕਰਨ ਤੋਂ ਪਹਿਲਾਂ ਅਸੀਂ ਸਪੇਨ ਦੇ ਮਹਾਨ ਕਮਿਊਨਿਸਟਾਂ ਦੀਆਂ ਕੁਰਬਾਨੀਆਂ ਅਤੇ ਬੁਲੰਦ ਇਖਲਾਕ ਨੂੰ ਸਾਰੀ ਨਿਮਰਤਾ ਨਾਲ ਸ਼ਰਧਾਂਜਲੀ ਭੇਂਟ ਕਰਦੇ ਹਾਂ। ਸਾਨੂੰ ਪੂਰਣ ਵਿਸ਼ਵਾਸ ਹੈ ਕਿ ਜਿਹੜੇ ਦੇਸ਼ ਵਿਚ ਕਮਿਊਨਿਸਟ ਸਰਗਰਮ ਹਨ, ਉਥੇ ਕਦਮ-ਕਦਮ 'ਨੋ ਪਾਸਰਾਨ' ਦੇ ਨਾਅਰੇ ਉਚੇ ਹੋਣਗੇ, ਹਨੇਰੇ ਛਟ ਜਾਣਗੇ ਅਤੇ ਸਰਘੀ ਲਾਲ ਪਰਚਮ ਲਹਿਰਾਉਂਦੀ ਆਵੇਗੀ। ਮਜ਼ਹਬੀ ਮੂਲਵਾਦੀ-ਵੱਖਵਾਦੀ ਤਾਕਤਾਂ ਅਤੇ ਸਾਮਰਾਜ ਦੀਆਂ ਕੂਟਲ ਚਾਲਾਂ ਕਦੀ ਸਫਲ ਨਹੀਂ ਹੋ ਸਕਣਗੀਆਂ। ਸਪੇਨੀ ਕਮਿਊਨਿਸਟ ਸਾਰੇ ਦੇਸ਼ਾਂ ਦੇ ਕਮਿਊਨਿਸਟਾਂ ਲਈ ਨੀਤੀ-ਨਿਯਮ(ਐਥਿਕਸ) ਨੀਯਤ ਕਰ ਗਏ ਹਨ, ਜਿਸ ਦੇ ਚਾਰ ਮੁੱਖ ਅਸੂਲ ਹਨ : ਉਤਮ ਸਵੈ-ਜ਼ਾਬਤਾ, ਦ੍ਰਿੜ੍ਹਤਾ, ਸੰਤੁਲਿਤ ਅਤੇ ਬੁਲੰਦ ਇਖਲਾਕ ! ਕਿਸੇ ਕਮਿਊਨਿਸਟ ਨੂੰ ਇਸ ਦੀ ਉਲੰਘਣਾ ਕਰਨ ਦੀ ਆਗਿਆ ਨਹੀਂ ਹੈ।

ਸੈਨਿਕ ਵੀਰਾਂ ਦੇ ਰੰਗ ਵਿਅੰਗ

ਨੇਵੀ (ਜਲ-ਸੈਨਾ) ਵਿਚ ਨੌਕਰੀ ਕਰ ਰਿਹਾ ਇਕ ਗਭਰੂ ਪਹਿਲੀ ਵਾਰ ਛੁੱਟੀ ਲੈ ਕੇ ਆਪਣੇ ਪਿੰਡ ਗਿਆ ਤਾਂ ਆਂਢ-ਗੁਆਂਢ ਦੇ ਲੋਕ ਉਸ ਦੀ ਸੁਖ-ਸਾਂਦ ਪੁੱਛਣ ਆਏ। ਇਕ ਬੁੱਢੀ ਔਰਤ ਨੇ ਪੁੱਛਿਆ, "ਬੇਟਾ, ਉਥੇ ਕੀ ਕੰਮ ਕਰਦਾ ਏਂ?"

"ਨੇਵੀ ਵਿਚ", ਗਭਰੂ ਨੇ ਕਿਹਾ।

"ਉਹ ਕੀ ਹੁੰਦੀ ਹੈ?" ਬੁੱਢੀ ਨੇ ਫਿਰ ਪ੍ਰਸ਼ਨ ਕੀਤਾ।

"ਪਾਣੀ ਵਾਲੇ ਜਹਾਜ਼", ਗਭਰੂ ਨੇ ਉਤਰ ਦਿੱਤਾ।

"ਤਾਂ ਕੀ ਜਹਾਜ਼ ਚਲਾਉਣਾ ਆ ਗਿਆ ਹੈ ਜਾਂ ਮੁਸਾਫਰਾਂ ਨੂੰ ਟਿਕਟਾਂ ਹੀ ਦਿੰਦਾ ਏ?" ਬੁੱਢੀ ਨੇ ਫਿਰ ਵਿਅੰਗਮਈ ਪ੍ਰਸ਼ਨ ਕੀਤਾ।

★ ★ ★

ਇਕ ਸੈਨਿਕ ਨੇ ਦੱਸਿਆ ਕਿ ਸੂਬੇਦਾਰ ਸਾਹਿਬ ਆਪਣੀ ਪਲਾਟੂਨ ਨੂੰ 'ਫਾਲ ਇਨ' ਕਰ ਕੇ ਮੁਆਇਨਾ ਕਰ ਰਹੇ ਸਨ। ਇਕ ਸਿਪਾਹੀ ਦੀ ਕਮੀਜ਼ ਦਾ ਬਟਨ ਖੁੱਲ੍ਹਾ ਸੀ। ਸੂਬੇਦਾਰ ਸਾਹਿਬ ਨੇ ਉਸ ਦੇ ਸਾਹਮਣੇ ਖੜ੍ਹੇ ਹੋ ਕੇ ਹੁਕਮ ਦਿੱਤਾ, "ਬਟਨ ਬੰਦ ਕਰੋ।"

ਸਿਪਾਹੀ ਇਕ ਕਦਮ ਅੱਗੇ ਵਧਿਆ ਅਤੇ ਸੂਬੇਦਾਰ ਸਾਹਿਬ ਦੀ ਪਤਲੂਨ ਦਾ ਬਟਨ ਬੰਦ ਕਰ ਦਿੱਤਾ ਜਿਹੜਾ ਖੁੱਲ੍ਹਾ ਪਿਆ ਸੀ।

★ ★ ★

ਯੁੱਧ ਦੇ ਦੌਰਾਨ ਇਕ ਸੈਨਿਕ ਦੀ ਮੰਗੇਤਰ ਦੀ ਡਿਊਟੀ ਯੁੱਧ ਦੇ ਮੋਰਚੇ ਦੇ ਨਜ਼ਦੀਕ ਦੇ ਹਸਪਤਾਲ ਵਿਚ ਲੱਗ ਗਈ। ਸੈਨਿਕ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਆਪਣੀ ਮੰਗੇਤਰ ਨੂੰ ਪੱਤਰ ਲਿਖਿਆ, "ਹੁਣ ਤਾਂ ਮੇਰਾ ਵੀ ਦਿਲ ਕਰਦਾ ਹੈ ਕਿ ਜ਼ਖਮੀ ਹੋ ਕੇ ਇਲਾਜ ਲਈ ਤੇਰੇ ਕੋਲ ਆ ਕੇ ਹਸਪਤਾਲ ਵਿਚ ਦਾਖਲ ਹੋ ਜਾਵਾਂ।"

"ਪਰ ਮੇਰੇ ਕੋਲ ਤਾਂ ਤੈਨੂੰ ਕੋਈ ਚਮਤਕਾਰ ਹੀ ਲਿਆ ਸਕਦਾ ਹੈ", ਨਰਸ ਨੇ ਉਤਰ ਦਿੱਤਾ, "ਮੇਰੀ ਡਿਊਟੀ ਜੱਚਾ ਘਰ ਵਿਚ ਹੈ।"

★ ★ ★

ਯੁੱਧ ਤੋਂ ਵਾਪਸ ਪਰਤੇ ਇਕ ਫੌਜੀ ਨੇ ਆਪਣੇ ਯੁੱਧ ਦੀਆਂ ਯਾਦਗਾਰਾਂ ਨੂੰ ਸੁਣਾਉਂਦਿਆਂ ਕਿਹਾ, "ਆਮ ਜੀਵਨ ਨਾਲੋਂ ਤਾਂ ਮੋਰਚੇ ਦੀ ਜ਼ਿੰਦਗੀ ਚੰਗੀ ਹੈ, ਘੱਟੋ ਘੱਟ ਉਥੇ ਵਰਦੀ ਤੋਂ ਅਸੀਂ ਆਪਣੇ ਦੁਸ਼ਮਣਾਂ ਨੂੰ ਤਾਂ ਪਛਾਣ ਲੈਂਦੇ ਹਾਂ?"

★ ★ ★

ਪੰਜਾਬ ਸਮੱਸਿਆ ਦੀ ਕੁੰਜੀ

ਹਰਕਿਸ਼ਨ ਸਿੰਘ ਸੁਰਜੀਤ

ਪੰਜਾਬ 'ਚ ਅਮਨ ਦਾ ਮੁੱਦਾ ਇਕੱਲੇ ਪੰਜਾਬ ਦੇ ਲੋਕਾਂ ਨਾਲ ਹੀ ਵਾਸਤਾ ਨਹੀਂ ਰੱਖਦਾ ਜਾਂ ਕਿਸੇ ਇਕ ਪਾਰਟੀ ਦਾ ਹੀ ਵਾਸਤਾ ਨਹੀਂ ਬਲਕਿ ਸਮੁੱਚੇ ਦੇਸ਼ ਦੇ ਲੋਕਾਂ ਅਤੇ ਸਮੂਹ ਪਾਰਟੀਆਂ ਨਾਲ ਵਾਸਤਾ ਰੱਖਦਾ ਹੈ। ਜੇ ਪੰਜਾਬ ਵਿਚਲੀ ਮੌਜੂਦਾ ਸਥਿਤੀ ਨੂੰ ਜਾਰੀ ਰਹਿਣ ਦੀ ਆਗਿਆ ਦਿੱਤੀ ਜਾਂਦੀ ਹੈ ਇਸ ਦਾ ਸਿੱਟਾ ਸਮੁੱਚੇ ਦੇਸ਼ ਵਿਚ ਅਸਥਿਰਤਾ ਪੈਦਾ ਹੋਣ ਵਿਚ ਨਿਕਲੇਗਾ,ਲੋਕਾਂ ਦੀ ਏਕਤਾ ਟੁੱਟ ਜਾਵੇਗੀ ਅਤੇ ਦੇਸ਼ ਦੀ ਏਕਤਾ ਵੀ ਖਤਰੇ ਵਿਚ ਪੈ ਜਾਵੇਗੀ।

ਪੰਜਾਬ ਵਿਚ ਮੌਜੂਦਾ ਸਥਿਤੀ ਅਤਿਅੰਤ ਭਿਆਨਕ ਹੈ ਅਤੇ ਇਸ ਵਿਚ ਵਿਗਾੜ ਜਾਰੀ ਹੈ। ਫਿਰਕੂ ਵੰਡ ਵਧ ਰਹੀ ਹੈ। ਲੋਕਾਂ ਦੀ ਹਿਜਰਤ ਚੁਪ-ਚਪੀਤਿਆਂ ਪੰਜਾਬ ਵਿਚੋਂ ਅਤੇ ਪੰਜਾਬ ਵਿਚਨੂੰ ਜਾਰੀ ਹੈ,ਜਾਇਦਾਦਾਂ ਦੇ ਤਬਾਦਲੇ,ਖਰੀਦ ਤੇ ਵਿਕਰੀ ਹੋ ਰਹੀ ਹੈ। ਪੰਜਾਬ ਵਿਚ ਘੱਟ ਗਿਣਤੀਆਂ ਦੀ ਸੁਰਖਿਆ ਅਤੇ ਪੰਜਾਬ ਤੋਂ ਬਾਹਰ ਵਸਦੇ ਸਿੱਖਾਂ ਦੀ ਸੁਰੱਖਿਆ ਵਿਚ ਅਜੇ ਵੀ ਘਟ ਹੈ,ਭਾਵੇਂ ਇਹ ਉਪਰੋਂ ਜ਼ਾਹਰਾ ਤੌਰ 'ਤੇ ਨਹੀਂ ਲੱਗਦੀ। ਸਥਿਤੀ ਵਿਚ ਸੁਧਾਰ ਸਬੰਧੀ ਪੰਜਾਬ ਸਰਕਾਰ ਵਲੋਂ ਜਾਂ ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਕੀਤੇ ਜਾ ਰਹੇ ਸਾਰੇ ਦਾਅਵੇ ਆਪਣੇ ਆਪ ਨੂੰ ਧੋਖਾ ਦੇਣ ਵਾਲੇ ਹੀ ਹਨ।

ਭਿੰਨ ਭਿੰਨ ਰਾਜਨੀਤਕ ਪਾਰਟੀਆਂ ਦੇ ਨਾਹਰੇ ਤਬਦੀਲ ਹੋ ਗਏ ਹਨ। ਉਨ੍ਹਾਂ ਨੇ ਭਿੰਨ ਭਿੰਨ ਬੋਲੀ ਬੋਲਣੀ ਅਰੰਭ ਦਿਤੀ ਹੈ। ਅਕਾਲੀ ਪਾਰਟੀ ਵਿਚ ਫੁੱਟ ਪੈ ਗਈ ਅਤੇ ਬਾਦਲ—ਟੌਹੜਾ ਦੀ ਅਗਵਾਈ ਵਾਲਾ ਧੜਾ ਹਰਮਿੰਦਰ ਸਾਹਿਬ ਕੰਪਲੈਕਸ ਵਿਚੋਂ ਅੱਤਵਾਦੀਆਂ ਨੂੰ,ਜਿਨ੍ਹਾਂ ਨੇ ਖਾਲਿਸਤਾਨ ਦਾ ਐਲਾਨ ਕੀਤਾ ਸੀ,ਕੱਢਣ ਵਾਸਤੇ ਉਥੇ ਭੇਜੀ ਪੁਲਸ ਦੀ ਗਲ ਦਾ ਲਾਭ ਉਠਾਉਂਦਿਆਂ ਬਰਨਾਲਾ ਸਰਕਾਰ ਦੇ ਅਸਤੀਫੇ ਦੀ ਮੰਗ ਕਰ ਰਿਹਾ ਹੈ। ਇਹ ਧੜਾ ਦਮਦਮੀ ਟਕਸਾਲ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਨਾਲ ਹੱਥ ਮਿਲਾਉਣ ਤਕ ਚਲਿਆ ਗਿਆ ਹੈ ਉਹ ਵੀ ਉਸ ਸਮੇਂ ਜਦੋਂ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਕਾਤਲਾਂ ਨੂੰ ਸਨਮਾਨਿਆ ਜਾ ਰਿਹਾ ਸੀ। ਹੁਣ ਉਨ੍ਹਾਂ ਨੇ ਬਰਨਾਲਾ ਸਰਕਾਰ ਦੇ ਅਸਤੀਫੇ ਦੀ ਮੰਗ ਕਰਨੀ ਅਰੰਭ ਦਿਤੀ ਹੈ ਅਤੇ ਇਹ ਕਹਿੰਦੇ ਹਨ ਕਿ ਉਹ ਹੋਰ ਕਿਸੇ ਨੂੰ ਵੀ ਮੁਖ ਮੰਤਰੀ ਪਰਵਾਨ ਕਰਨ ਲਈ ਤਿਆਰ ਹਨ।

ਬੀ.ਜੇ.ਪੀ. ਜਿਹੜੀ ਪਹਿਲਾਂ ਪੰਜਾਬ ਸਮਝੌਤੇ ਦੀ ਆਮ ਹਮਾਇਤ ਕਰਨ ਵਿਚ ਦੂਸਰੀਆਂ ਪਾਰਟੀਆਂ ਦੇ ਨਾਲ ਸੀ ਹੁਣ ਰਾਸ਼ਟਰਪਤੀ ਰਾਜ ਲਾਗੂ ਕਰਨ,ਸਿਵਲ ਪ੍ਰਸ਼ਾਸ਼ਨ ਦੀ ਹਮਾਇਤ ਲਈ ਫੌਜ ਤਾਇਨਾਤ ਕਰਨ ਅਤੇ ਸਰਹੱਦ ਦੇ ਨਾਲ ਸੁੱਰਖਿਆ ਪੱਟੀ ਕਾਇਮ ਕਰਨ ਦੀ ਮੰਗ ਕਰ ਰਹੀ ਹੈ।

ਰਾਜੀਵ ਗਾਂਧੀ ਨੇ ਇਹ ਕਹਿਣਾ ਅਰੰਭ ਦਿੱਤਾ ਹੈ ਕਿ ਦਹਿਸ਼ਤਵਾਦ ਵਿਰੁੱਧ ਲੜਾਈ 'ਚ ਅਤੇ ਸਮਝੌਤਾ ਲਾਗੂ ਕਰਨ ਵਿਚਾਲੇ ਕੋਈ ਸਬੰਧ ਨਹੀਂ ਹੈ। ਉਹ ਸਮਝੌਤੇ ਦੇ ਨਾ ਲਾਗੂ ਹੋਣ ਲਈ ਅਕਾਲੀਆਂ ਉਪਰ ਦੋਸ਼ ਮੜ੍ਹ ਰਿਹਾ ਹੈ। ਕੇਂਦਰ ਸਰਕਾਰ ਪੰਜਾਬ ਸਮੱਸਿਆ ਨੂੰ ਅਮਨ ਤੇ ਕਾਨੂੰਨ ਦੀ ਸਮੱਸਿਆ ਵਜੋਂ ਸਮਝਣਾ ਜਾਰੀ ਰਖ ਰਹੀ ਹੈ। ਇਹ ਹੁਣ ਸਮਝੌਤੇ ਉਪਰ ਦਸਖਤ ਕਰਨ ਦੀ ਮਹੱਤਤਾ ਭੁੱਲ ਗਈ ਹੈ ਜਿਸ ਨੂੰ ਕਿ ਸਥਿਤੀ ਵਿਚ ਤਬਦੀਲੀ ਲਿਆਉਣ ਲਈ ਜ਼ਰੂਰੀ ਮਹਿਸੂਸ ਕੀਤਾ ਗਿਆ ਸੀ। ਪੰਜਾਬ ਵਿਚ ਕਾਂਗਰਸ ਪਾਰਟੀ ਭਾਵੇਂ ਇਹ ਦਾਅਵਾ ਕਰਦੀ ਹੈ ਕਿ ਇਹ ਲੋਕਾਂ ਨੂੰ ਲਾਮਬੰਦ ਕਰ ਰਹੀ ਹੈ,ਆਪਣੇ ਆਗੂਆਂ ਵਲੋਂ ਜਾਰੀ ਕੀਤੀ ਜਾਂਦੀ ਬਿਆਨਬਾਜ਼ੀ ਤੋਂ ਹੀ ਸੰਤੁਸ਼ਟ ਹੈ ਜਿਹੜੇ ਅੱਤਵਾਦੀਆਂ ਨਾਲੋਂ ਜ਼ਿਆਦਾ ਬਰਨਾਲੇ ਦੀ ਨਿਖੇਧੀ ਕਰਦੇ ਹਨ। ਇਹ ਸਾਰੇ ਵਤੀਰੇ ਅੱਤਵਾਦੀਆਂ ਦੇ ਹੱਥ ਵਿਚ ਖੇਡ ਰਹੇ ਹਨ।

ਸਿਵਾਏ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਤੇ ਸੀ.ਪੀ.ਆਈ ਅਤੇ ਦੇਸ਼ਭਗਤ ਸੋਚਣੀ ਵਾਲੇ ਵਿਅਕਤੀਆਂ ਦੇ ਕੋਈ ਵੀ ਰਾਜਨੀਤਕ ਸ਼ਕਤੀ ਨਹੀਂ ਹੈ ਜਿਹੜੀ ਲੋਕਾਂ ਨੂੰ ਲਾਮਬੰਦ ਕਰਨ ਰਾਹੀਂ ਅੱਤਵਾਦੀਆਂ ਵਿਰੁੱਧ ਦਰਿੜਤਾ ਨਾਲ ਲੜਾਈ ਦੇ ਰਹੀ ਹੈ ਅਤੇ ਉਨ੍ਹਾਂ ਦੀ ਚਾਲ ਨੂੰ ਬੇਨਕਾਬ ਕਰ ਰਹੀ ਹੈ।

ਕੇਂਦਰ ਸਰਕਾਰ,ਰਾਜ ਸਰਕਾਰ ਅਤੇ ਦੂਸਰੀਆਂ ਪਾਰਟੀਆਂ ਪੰਜਾਬ ਸਥਿਤੀ ਵਿਚਲਾ ਕੁੰਜੀਵਤ ਕਾਰਕ ਭੁੱਲ ਰਹੀਆਂ ਹਨ। ਅਸੀਂ ਸਾਮਰਾਜੀ ਏਜੰਸੀਆਂ ਨਾਲ ਜੰਗ ਕਰ ਰਹੇ ਹਾਂ,ਜਿਹੜੀਆਂ ਕਿ ਪਾਕਿਸਤਾਨ ਦੀ ਧਰਤੀ ਨੂੰ ਵਰਤ ਰਹੀਆਂ ਹਨ। ਉਨ੍ਹਾਂ ਕੋਲ ਸਰਹੱਦ ਦੇ ਪਾਰ ਸਿਖਲਾਈ ਪ੍ਰਾਪਤ ਬੰਦੇ ਹਨ ਜਿਹਨ੍ਹਾਂ ਨੂੰ ਉਹ ਸਾਡੇ ਦੇਸ਼ ਨੂੰ ਅਸਥਿਰ ਕਰਨ ਵਾਸਤੇ ਇਧਰ ਭੇਜਦੇ ਹਨ। ਅਜੇਹੀ ਜੰਗ ਪੰਜਾਬ ਦੇ ਲੋਕਾਂ ਨੂੰ ਕੇਵਲ ਜਾਗਰੂਕ ਕਰਕੇ ਤੇ ਉਭਾਰ ਕੇ ਹੀ ਜਿੱਤੀ ਜਾ ਸਕਦੀ ਹੈ,ਜਿਨ੍ਹਾਂ ਦੀਆਂ ਦੇਸ਼ ਭਗਤੀ ਦੀਆਂ ਅਮੀਰ ਰਿਵਾਇਤਾਂ ਹਨ। ਇਸ ਪਰਮੁੱਖ ਤੱਤ ਨੂੰ ਸਮਝੇ ਤੋਂ ਬਿਨਾਂ ਪੰਜਾਬ ਵਿਚ ਅਮਨ ਬਹਾਲ ਨਹੀਂ ਕੀਤਾ ਜਾ ਸਕਦਾ

ਪੰਜਾਬ ਵਿਚ ਸਥਿਤੀ ਨੂੰ ਆਮ ਵਰਗੀ ਕਰਨ ਵਾਸਤੇ ਅਤੇ ਅਮਨ ਬਹਾਲ ਕਰਨ ਵਾਸਤੇ ਪਿਛਲੇ ਪੰਜ ਸਾਲ ਦੀਆਂ ਘਟਨਾਵਾਂ ਦਾ ਸੰਖੇਪ ਰੀਵੀਊ ਕਰਨਾ ਹੋਵੇਗਾ ਅਤੇ ਇਸ ਤੋਂ ਯੋਗ ਸਬਕ ਕਢਣੇ ਹੋਣਗੇ

ਪੰਜਾਬ ਦੇ ਹਿੰਦੂਆਂ,ਸਿੱਖਾਂ ਅਤੇ ਮੁਸਲਮਾਨਾਂ ਨੇ ਅਜ਼ਾਈਂ ਸੰਗਰਾਮ ਵਿਚ ਆਪਣਾ ਸਾਂਝਾ ਖੂਨ ਡੋਲਿਆ ਅਤੇ ਅਨੇਕਾਂ ਸ਼ਹੀਦ ਪੈਦਾ ਕੀਤੇ ਜਿਨ੍ਹਾਂ ਨੇ ਭਾਰਤੀਆਂ ਵਜੋਂ ਇਕ ਹੋਣ ਦੀ ਭਾਵਨਾ ਲਈ ਯੋਗਦਾਨ ਪਾਇਆ। ਉਨ੍ਹਾਂ ਨੇ ਬਰਤਾਨਵੀ ਸਾਮਰਾਜੀਆਂ ਦੀ ਚਾਲ ਨੂੰ ਹਰਾਇਆ ਜਿਨ੍ਹਾਂ ਨੇ ਰਾਜ ਵਿਚ ਵਸਦੇ ਭਿੰਨ ਭਿੰਨ ਧਾਰਮਿਕ ਫਿਰਕਿਆਂ ਵਿਚਕਾਰ ਪਾਟਕ ਪਾਉਣ ਦਾ ਯਤਨ ਕੀਤਾ।

1967 ਵਿਚ ਦੇਸ਼ ਵਿਚ ਕਾਂਗਰਸੀ ਰਾਜ ਦੀ ਇਜਾਰੇਦਾਰੀ ਟੁੱਟਣ ਪਿਛੋਂ,ਅਕਾਲੀ ਰਾਸ਼ਟਰੀ ਮੁੱਖ ਧਾਰਾ ਵਿਚ ਖਿਚੇ ਗਏ ਸਨ ਅਤੇ ਉਨ੍ਹਾਂ ਨੇ ਦੂਸਰੀਆਂ ਰਾਜਨੀਤਕ ਸ਼ਕਤੀਆਂ ਨਾਲ ਕੰਮ ਕਰਨਾ ਅਰੰਭ ਦਿੱਤਾ। ਪੰਜ ਸਾਲ ਪਹਿਲਾਂ ਜਦੋਂ ਉਨ੍ਹਾਂ ਨੇ ਮੋਰਚਾ ਅਰੰਭਿਆ ਸੀ,ਉਨ੍ਹਾਂ ਨੇ ਲੋਕਾਂ ਸਾਹਮਣੇ ਦਸ ਮੰਗਾਂ ਰੱਖੀਆਂ ਸਨ,ਜਿਨ੍ਹਾਂ ਵਿਚੋਂ ਚਾਰ ਹਕੀਕੀ ਰੂਪ ਵਿਚ ਪੰਜਾਬੀ ਲੋਕਾਂ ਦੀਆਂ ਜਮਹੂਰੀ ਮੰਗਾਂ ਸਨ ਅਤੇ ਛੇ ਧਾਰਮਿਕ ਸਨ। ਕੇਂਦਰ ਸਰਕਾਰ ਨੇ ਧਾਰਮਿਕ ਮੰਗਾਂ ਝੱਟ ਮੰਨ ਲਈਆਂ,ਐਪਰ ਕਿਸੇ ਵੀ ਜਮਹੂਰੀ ਮੰਗ ਨੂੰ ਮੰਨਣ ਤੋਂ ਇਨਕਾਰ ਕਰ ਦਿਤਾ। ਬਾਵਜੂਦ ਇਸ ਤੱਥ ਦੇ ਕਿ ਪੰਜਾਬ ਸਮੱਸਿਆ ਦੇ ਬਾਜਵ ਹੱਲ ਵਾਸਤੇ ਸਮੂਹ ਅਪੋਜ਼ੀਸ਼ਨ ਪਾਰਟੀਆਂ ਹਮਾਇਤ ਦੇ ਰਹੀਆਂ ਸਨ,ਕੇਂਦਰ ਸਰਕਾਰ ਯੋਗ ਸਮਝੌਤੇ 'ਤੇ ਪੁੱਜਣ 'ਚ ਇਨਕਾਰੀ ਰਹੀ। ਅਖੀਰ ਵਿਚ 'ਨੀਲਾ ਤਾਰਾ ਕਾਰਵਾਈ' ਹੋਈ,ਜਿਸ ਨਾਲ ਸਿੱਖਾਂ ਵਿਚ ਗੈਰ ਹੋਣ ਦੀ ਭਾਵਨਾ ਹੋਰ ਵਧ ਗਈ ਅਤੇ ਪਿਛੋਂ ਇਸ ਦਾ ਸਿੱਟਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਅਤੇ ਦੇਸ਼ ਭਰ 'ਚ ਸਿੱਖਾਂ ਵਿਰੁੱਧ ਦੰਗਿਆਂ 'ਚ ਨਿਕਲਿਆ। ਇਸਨੇ ਅੱਤਵਾਦੀਆਂ ਨੂੰ ਵਿਚਰਨ ਵਾਸਤੇ ਉਪਜਾਊ ਜ਼ਮੀਨ ਪੈਦਾ ਕਰ ਦਿੱਤੀ ਜਿਹੜੇ ਕਿ ਸਾਮਰਾਜਵਾਦ ਤੋਂ ਸ਼ਹਿ ਪ੍ਰਾਪਤ ਹਨ ਜਿਹੜਾ ਪਾਕਿਸਤਾਨ ਨੂੰ ਅੱਡੇ ਵਜੋਂ ਵਰਤ ਰਿਹਾ ਹੈ।

ਜਦੋਂ ਰਾਜੀਵ ਗਾਂਧੀ ਸਤਾ ਵਿਚ ਆਇਆ ਉਸਨੇ ਦਰੁਸਤ ਤੌਰ 'ਤੇ ਮਹਿਸੂਸ ਕੀਤਾ ਕਿ ਸਿੱਖਾਂ 'ਚ ਗੈਰ ਹੋਣ ਦੀ ਭਾਵਨਾ ਖਤਮ ਕੀਤੀ ਜਾਣੀ ਚਾਹੀਦੀ ਹੈ ਅਤੇ ਹਿੰਦੂਆਂ ਤੇ ਸਿੱਖਾਂ ਵਿਚਕਾਰ ਏਕਤਾ ਬਹਾਲ ਕੀਤੀ ਜਾਣੀ ਚਾਹੀਦੀ ਹੈ। 4 ਜੁਲਾਈ 1985 ਨੂੰ ਉਸਨੇ ਅਕਾਲੀ ਦਲ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਇਕ ਸਮਝੌਤੇ 'ਤੇ ਦਸਖਤ ਕੀਤੇ। ਕਿਸੇ ਵੀ ਸਮਝੌਤੇ ਨੂੰ ਐਨਾ ਸਮਰਥਨ ਨਹੀਂ ਮਿਲਿਆ ਜਿਨ੍ਹਾਂ ਕਿ ਪੰਜਾਬ ਸਮਝੌਤੇ ਨੂੰ ਮਿਲਿਆ ਕਿਉਂਕਿ ਸਮੂਹ ਰਾਜਨੀਤਕ ਪਾਰਟੀਆਂ ਅਤੇ ਲੋਕ ਸੋਚਦੇ ਸਨ ਕਿ ਇਹ ਅੱਤਵਾਦੀਆਂ ਨੂੰ ਨਿਖੇੜਨ 'ਚ ਅਤੇ ਸਾਮਰਾਜੀਆਂ ਦੀ ਖੇਡ ਨੂੰ ਹਰਾਉਣ ਵਿਚ ਮਦਦ ਕਰੇਗਾ। ਸਮਝੌਤੇ ਨੂੰ ਲਾਗੂ ਕਰਨ ਦੇ ਅਮਲ 'ਚ ਅਤੇ ਹਿੰਦੂ-ਸਿੱਖ ਏਕਤਾ ਦਾ ਸੰਦੇਸ਼ ਲੋਕਾਂ ਤਕ ਪਹੁੰਚਾਉਂਦਿਆਂ ਸੰਤ ਲੌਂਗੋਵਾਲ ਨੇ ਆਪਣੀ ਜਾਨ ਕੁਰਬਾਨ ਕਰ ਦਿੱਤੀ।

ਅੱਤਵਾਦੀਆਂ ਨੇ ਉਸ ਨੂੰ ਨਾ ਬਖਸ਼ਿਆ ਕਿਉਂਕਿ ਉਹ ਡਰਦੇ ਸਨ ਕਿ ਸੰਤ ਲੌਂਗੋਵਾਲ ਆਪਣੀ ਦਰਿੜਤਾ ਅਤੇ ਪਕੇ ਅਕੀਦੇ ਨਾਲ ਪੰਜਾਬ ਵਿਚ ਆਮ ਵਰਗੇ ਹਾਲਾਤ ਲੈ ਆਵੇਗਾ ਅਤੇ ਉਨ੍ਹਾਂ ਦੀ ਖੇਡ ਨੂੰ ਹਰਾ ਦੇਵੇਗਾ। ਪੰਜਾਬ ਦੇ ਲੋਕਾਂ ਨੇ ਅੱਤਵਾਦੀਆਂ ਨੂੰ ਉਸ ਸਮੇਂ ਜਵਾਬ ਦਿੱਤਾ ਜਦੋਂ ਉਨ੍ਹਾਂ ਨੇ ਅਕਾਲੀ ਪਾਰਟੀ ਨੂੰ ਭਾਰੀ ਬਹੁਮਤ ਨਾਲ ਜਿਤਾਇਆ ਜਿਸਨੇ ਚੋਣਾਂ ਸਮਝੌਤੇ ਦੇ ਅਧਾਰ 'ਤੇ ਲੜੀਆਂ ਸਨ। ਕਿਸੇ ਨੇ ਵੀ ਅੱਤਵਾਦੀਆਂ ਦੇ ਚੋਣ ਬਾਈਕਾਟ ਦੇ ਨਾਹਰੇ ਨੂੰ ਹੁੰਗਾਰਾ ਨਾ ਦਿੱਤਾ।

ਐਧਰ ਹੁਣ 18 ਮਹੀਨੇ ਲੰਘ ਚੁੱਕੇ ਹਨ ਅਤੇ ਸਮਝੌਤੇ ਦੀ ਕੋਈ ਵੀ ਮਹੱਤਵਪੂਰਨ ਧਾਰਾ ਖਾਸ ਕਰਕੇ ਉਨ੍ਹਾਂ 'ਚੋਂ ਜਿਹੜੀਆਂ ਪੰਜਾਬੀ ਲੋਕਾਂ ਦੀਆਂ ਜਮਹੂਰੀ ਮੰਗਾਂ ਨਾਲ ਸਬੰਧਤ ਹੈ ਲਾਗੂ ਨਹੀਂ ਹੋਈ। ਇਹ ਸਮਝੌਤਾ ਸਮਾਂ ਬੱਧ ਸੀ। ਇਸ ਵਿਚ ਸਪਸ਼ਟ ਕਿਹਾ ਗਿਆ ਸੀ ਕਿ ਚੰਡੀਗੜ੍ਹ 26 ਜਨਵਰੀ 1986 ਨੂੰ ਪੰਜਾਬ ਨੂੰ ਤਬਦੀਲ ਕਰ ਦਿੱਤਾ ਜਾਵੇਗਾ,ਪਾਣੀਆਂ ਬਾਰੇ ਟਰਬਿਊਨਲ ਨਿਯੁਕਤ ਕੀਤਾ ਜਾਣਾ ਸੀ ਜੋ ਕਿ 6 ਮਹੀਨੇ ਦੇ ਅੰਦਰ ਆਪਣਾ ਐਵਾਰਡ ਦੇ ਦੇਵੇ,ਸਤਲੁਜ ਜਮਨਾ ਲਿੰਕ ਨਹਿਰ ਅਗਸਤ 1986 ਤਕ ਪੁੱਟੀ ਜਾਣੀ ਸੀ। ਦੋਹਾਂ ਰਾਜਾਂ ਦੇ ਭਾਸ਼ਾਈ ਇਲਾਕਿਆਂ ਸਬੰਧੀ ਦਾਅਵਿਆਂ ਤੇ ਜਵਾਬੀ ਦਾਅਵਿਆਂ ਦੇ ਨਿਪਟਾਰੇ ਵਾਸਤੇ ਇਕ ਟਰਬਿਊਨਲ ਨਿਯੁਕਤ ਕੀਤਾ ਜਾਣਾ ਸੀ। ਸਮਝੌਤੇ ਵਿਚ ਇਹ ਸਪਸ਼ਟ ਸ਼ਬਦਾਂ ਵਿਚ ਕਿਹਾ ਗਿਆ ਹੈ ਕਿ ਚੰਡੀਗੜ੍ਹ ਦੇ ਇਵਜ਼ ਵਿਚ ਤਬਦੀਲ ਕੀਤੇ ਜਾਣ ਵਾਲੇ ਇਲਾਕੇ ਜੁੜਵੇਂ 'ਤੇ ਹਿੰਦ ਭਾਸ਼ੀ ਹੋਣੇ ਚਾਹੀਦੇ ਹਨ। ਇਸੇ ਤਰ੍ਹਾਂ ਧਾਰਾ 7 (2) ਅਧੀਨ ਤਬਦੀਲ ਕੀਤੇ ਜਾਣ ਵਾਲੇ ਇਲਾਕੇ ਵੀ ਜੁੜਵੇਂ ਤੇ ਭਾਸ਼ਾਈ ਤੌਰ ਤੇ ਨੇੜਤਾ ਵਾਲੇ ਹੋਣੇ ਚਾਹੀਦੇ ਹਨ। ਮੈਥਿਓ ਕਮਿਸ਼ਨ ਨੂੰ ਕੇਵਲ ਫਾਜ਼ਿਲਕਾ ਤੇ ਅਬੋਹ ਖੇਤਰਾਂ ਦੀ ਜਾਂਚ ਲਈ ਹੀ ਕਿਹਾ ਗਿਆ ਸੀ ਜਿਹੜੇ ਕਿ ਜੁੜਵੇਂ ਨਹੀਂ ਸਨ। ਇਹ ਕਾਰਵਾਈ ਬੇਅਰਥ ਨਿਕਲੀ।

ਵੇਨਕਟਾਰਮਈਆ ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਮਨਮਾਨੇ ਢੰਗ ਨਾਲ ਕਹਿ ਦਿੱਤਾ ਕਿ ਚੰਡੀਗੜ੍ਹ ਦੇਇਵਜ਼ ਵਿਚ 70000 ਏਕੜ ਇਲਾਕਾ ਤਬਦੀਲ ਕੀਤਾ ਜਾਣਾ ਹੈ। ਐਪਰ ਵੈਨਕਟਾਰਈਆ ਨੇ ਮੰਨਿਆ ਕਿ ਉਹ ਕੇਵਲ 45000 ਏਕੜ ਰਕਬੇ ਦਾ ਹੀ ਪਤਾ ਲਾ ਸਕੇ ਹਨ। ਜਦੋਂ ਪ੍ਰਧਾਨ ਮੰਤਰੀ ਸਮਝੌਤੇ ਨੂੰ ਲਾਗੂ ਕਰਨ ਵਿਚ ਰੁਕਾਵਟ ਬਨਣ ਲਈ ਬਰਨਾਲੇ ਉਪਰ ਦੋਸ਼ ਲਾਉਂਦਾ ਹੈ, ਤਾਂ ਜਾਪਦਾ ਹੈ ਕਿ ਉਹ ਇਸ ਕਰਕੇ ਕਹਿੰਦਾ ਹੈ ਕਿ ਬਰਨਾਲਾ 70000 ਏਕੜ ਜ਼ਮੀਨ ਤਬਦੀਲ ਕਰਨ ਨੂੰ ਤਿਆਰ ਨਹੀਂ ਜਿਹੜੀ ਕਿ ਵੈਂਕਟਾਰਮਈਆ ਕਮਿਸ਼ਨ ਵਲੋਂ ਆਪਣੇ ਐਵਾਰਡ ਵਿਚ ਦਿੱਤਾ ਹੈ। ਉਹ ਇਸ ਗੱਲ ਦਾ ਜ਼ਿਕਰ ਨਹੀਂ ਕਰਦੇ ਕਿ ਉਨ੍ਹਾਂ ਨੇ ਸਮਝੌਤੇ ਵਿਚ ਸਪਸ਼ਟ ਸ਼ਬਦਾਂ ਵਿਚ ਭਰੋਸਾ ਦਿਤਾ ਹੈ ਕਿ ਅਜੇਹਾ ਰਕਬਾ ਹਿੰਦੀ ਭਾਸ਼ੀ ਹੋਣਾ ਚਾਹੀਦਾ ਹੈ। ਉਹ ਇਹ ਵੀ ਜਾਣਦੇ ਹਨ ਕਿ 1970 ਵਿਚ ਜਦੋਂ ਚੰਡੀਗੜ੍ਹ ਬਦਲੇ ਇਲਾਕਾ ਦੇਣ ਦਾ ਸਵਾਲ ਉਠਾਇਆ ਗਿਆ ਸੀ। ਹਰਿਆਣੇ ਦੇ ਕੈਪੀਟਲ ਪਰਾਜੈਕਟ ਦੀ ਸਮੁੱਚੀ ਲਾਗਤ ਨੂੰ ਕੇਂਦਰੀ ਵਿਤ ਵਿਚੋਂ ਅਦਾ ਕਰਨ ਦਾ ਕੋਈ ਪ੍ਰਸਤਾਵ ਨਹੀਂ ਸੀ। ਪਾਣੀਆਂ ਦੇ ਕਮਿਸ਼ਨ ਦੀ ਕਿਸਮਤ ਦਾ ਕੋਈ ਪਤਾ ਨਹੀਂ। ਇਸ ਦੀ ਮਿਆਦ ਵਾਰ ਵਾਰ ਵਧਾਈ ਗਈ ਹੈ। ਇਲਾਕਾਈ ਝਗੜਿਆਂ ਦੇ ਨਿਪਟਾਰੇ ਸਬੰਧੀ ਕਮਿਸ਼ਨ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ।

ਬਰਨਾਲਾ ਕਟਹਿਰੇ ਵਿਚ

ਇਸ ਨੇ ਨਿਰਸੰਦੇਹ ਬਰਨਾਲਾ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕਰ ਦਿਤਾ ਹੈ। ਨਰਾਜ਼ ਅਕਾਲੀ ਇਹ ਗੱਲ ਪਰਚਾਰਨ ਵਿਚ ਸਫਲ ਹਨ ਕਿ ਬਰਨਾਲਾ ਠਗਿਆ ਗਿਆ ਹੈ ਅਤੇ ਸਮਝੌਤਾ ਮਰ ਗਿਆ ਹੈ। ਇਸ ਨਾਲ ਬਰਨਾਲਾ ਦਾ ਜਨਤਕ ਅਧਾਰ ਵੀ ਖੁਰਿਆ ਹੈ ਅਤੇ ਉਹ ਉਤਸ਼ਾਹ ਜਿਹੜਾ ਸਮਝੌਤੇ ਨੇ ਲੋਕਾਂ ਵਿਚ ਪੈਦਾ ਕੀਤਾ ਸੀ ਉਹ ਹੁਣ ਨਹੀਂ ਰਿਹਾ। ਲੋਕ ਚੁੱਪ ਦਰਸ਼ਕ ਬਣ ਗਏ ਹਨ ਅਤੇ ਅਤਵਾਦੀਆਂ ਦੀਆਂ ਹਮਾਇਤੀ ਸ਼ਕਤੀਆਂ ਜਿਹੜੀਆਂ ਸੰਯੁਕਤ ਅਕਾਲੀ ਦਲ,ਦਮਦਮੀ ਟਕਸਾਲ.ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਬਾਦਲ-ਟੌਹੜਾ ਧੜਾ ਭੁਲੇਖਾ ਪੈਦਾ ਕਰਨ ਵਿਚ ਸਫਲ ਹੋ ਗਈਆਂ ਹਨ ਅਤੇ ਅੱਤਵਾਦੀਆਂ ਨੂੰ ਵੱਡਾ ਉਤਸ਼ਾਹ ਦੇ ਰਹੀਆਂ ਹਨ। ਇਸ ਗੱਠਜੋੜ ਵਲੋਂ ਗੁਰਦੁਆਰਿਆਂ ਵਿਚ ਪੁਲਸ ਦਾਖਲੇ ਨੂੰ ਕੇਂਦਰੀ ਮੁੱਦਾ ਬਣਾ ਕੇ ਐਸ.ਜੀ.ਪੀ.ਸੀ.ਚੋਣਾਂ ਵਿਚ ਹਾਲ ਹੀ ਵਿਚ ਪ੍ਰਾਪਤ ਕੀਤੀ ਜਿੱਤ ਨੇ ਅਤਵਾਦੀਆਂ ਦੇ ਹੌਂਸਲੇ ਵਧਾਏ ਹਨ।

ਇਨ੍ਹਾਂ ਸਾਰੀਆਂ ਘਟਨਾਵਾਂ ਤੋਂ ਇਹ ਗੱਲ ਸਪਸ਼ਟ ਹੈ ਕਿ ਜਦ ਅੱਤਵਾਦੀ ਆਪਣੇ ਮਾਲਕਾਂ ਸਾਮਰਾਜੀਆਂ ਦੀ ਹਮਾਇਤ ਵਿਚ ਇਕ

ਬਾਕੀ ਪੰਨਾ 32 'ਤੇ

ਪੰਨਾ 31 ਦੀ ਬਾਕੀ

ਯੋਜਨਾ ਅਨੁਸਾਰ ਕੰਮ ਕਰ ਰਹੇ ਹਨ, ਨਾ ਤਾਂ ਕੇਂਦਰ ਸਰਕਾਰ ਨਾ ਹੀ ਪੰਜਾਬ ਸਰਕਾਰ ਕੋਲ ਉਨ੍ਹਾਂ ਨੂੰ ਰੋਕਣ ਵਾਸਤੇ ਕੋਈ ਲਾਈਨ ਹੈ। ਅਤਵਾਦੀਆਂ ਦਾ ਉਦੇਸ਼ ਕੀ ਹੈ ? ਇਹ ਪਰਵਾਨ ਕਰਦੇ ਹਨ ਕਿ ਸਾਮਰਾਜਵਾਦੀ ਭਾਰਤ ਨੂੰ ਦੋਖੀ ਰਾਜਾਂ ਨਾਲ ਘੇਰ ਕੇ ਦੇਸ਼ ਨੂੰ ਅੰਦਰੋਂ ਅਸਥਿਰ ਕਰਨ ਲਈ ਹਰ ਯਤਨ ਕਰ ਰਿਹਾ ਹੈ ਤਾਂ ਜੋ ਇਹ ਭਾਰਤ ਨੂੰ ਆਪਣੇ ਹਾਕਮਾਂ ਅੱਗੇ ਝੁਕਾਉਣ ਲਈ ਦਬਾਅ ਪਾ ਸਕੇ।

ਹੁਣ ਇਹ ਕੋਈ ਲੁਕੀ ਛਿਪੀ ਗੱਲ ਨਹੀਂ ਹੈ ਕਿ ਪਾਕਿਸਤਾਨ ਨੇ ਆਪਣੇ ਖੇਤਰ 'ਚ ਫੌਜੀ ਕੈਂਪ ਸਥਾਪਤ ਕੀਤੇ ਹੋਏ ਹਨ ਜਿਥੇ ਅਤਵਾਦੀਆਂ ਨੂੰ ਭਾਰਤ ਵਿਚ ਗੜਬੜ ਫੈਲਾਉਣ ਲਈ ਵਰਤਣ ਦੇ ਮੰਤਵ ਨਾਲ ਸਿਖਲਾਈ ਦਿਤੀ ਜਾਂਦੀ ਹੈ। ਉਨ੍ਹਾਂ ਨੂੰ ਹਥਿਆਰ, ਪੈਸਾ ਤੇ ਨਾਲ ਹੀ ਸੰਚਾਰ ਪਰਨਾਲੀ ਦੇ ਕੇ ਲੈਸ ਕੀਤਾ ਜਾਂਦਾ ਹੈ। ਸਿਖਲਾਈ ਕੈਂਪਾਂ ਵਿਚ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਕਿ ਉਹ ਘੱਟਗਿਣਤੀ ਫਿਰਕੇ ਦੇ ਲੋਕਾਂ ਨੂੰ ਆਪਣਾ ਨਿਸ਼ਾਨਾ ਬਨਾਉਣ ਤਾਂ ਕਿ ਪੰਜਾਬ ਵਿਚੋਂ ਹਿਜਰਤ ਕਰਨ ਲਈ ਮਜਬੂਰ ਹੋ ਜਾਣ ਜਿਸਦੇ ਪ੍ਰਤੀਕਰਮ ਵਜੋਂ ਬਾਹਰ ਰਹਿੰਦੇ ਸਿੱਖ ਉਜੜ ਕੇ ਪੰਜਾਬ ਆਉਣ ਲਈ ਮਜਬੂਰ ਹੋ ਜਾਣ। ਦੂਜਾ ਧਰਮ ਦੇ ਅਧਾਰ ਤੇ ਵੱਖਰਾ ਰਾਜ ਕਾਇਮ ਕਰਨ ਲਈ ਖਾਲਿਸਤਾਨ ਦੇ ਵਿਚਾਰਾਂ ਦਾ ਪਰਚਾਰ ਕਰਨਾ, ਤੀਜਾ ਉਨ੍ਹਾਂ ਉਘੇ ਵਿਅਕਤੀਆਂ ਨੂੰ ਨਿਸ਼ਾਨਾ ਬਨਾਉਣਾ ਜਿਹੜੇ ਉਨ੍ਹਾਂ ਦੇ ਦਰਿੜ ਵਿਰੋਧੀ ਹਨ। ਉਨ੍ਹਾਂ ਨੂੰ ਇਹ ਵਕਾਲਤ ਕਰਨ ਲਈ ਵੀ ਸਿਖਿਆ ਦਿਤੀ ਜਾਂਦੀ ਹੈ ਕਿ ਮੌਜੂਦਾ ਭਾਰਤੀ ਰਾਜ ਹਿੰਦੂ ਰਾਜ ਹੈ। ਇਹ ਸਾਰੀਆਂ ਸਰਗਰਮੀਆਂ ਸਬੂਤ ਹਨ ਕਿ ਅਤਵਾਦੀ ਇਕ ਯੋਜਨਾ ਅਨੁਸਾਰ ਕੰਮ ਕਰ ਰਹੇ ਹਨ।

ਐਪਰ ਉਨ੍ਹਾਂ ਦੀ ਚਣੌਤੀ ਨੂੰ ਕਬੂਲਣ ਲਈ ਕੀ ਜਵਾਬ ਮੁਹਈਆਂ ਕੀਤਾ ਜਾਂਦਾ ਹੈ ? ਕੇਂਦਰ ਸਰਕਾਰ ਇਸ ਨੂੰ ਅਮਨ ਤੇ ਕਾਨੂੰਨ ਸਮੱਸਿਆ ਵਜੋਂ ਲੈਣਾ ਜਾਰੀ ਰੱਖ ਰਹੀ ਹੈ। ਜੇਕਰ ਕੇਂਦਰ ਸਰਕਾਰ ਵਲੋਂ ਹੋਰ ਕਦਮਾਂ ਨੂੰ ਵਿਚਾਰਿਆ ਗਿਆ ਹੈ, ਉਹ ਉਸੇ ਪਹੁੰਚ ਨਾਲ ਸਬੰਧਤ ਹਨ, ਜਿਵੇਂ ਕਿ ਗੜਬੜ ਵਾਲਾ ਇਲਾਕਾ ਕਾਨੂੰਨ ਲਾਗੂ ਕਰਨਾ ਸੁਰੱਖਿਆ ਪੱਟੀ ਪੈਦਾ ਕਰਨਾ ਆਦਿ। ਇਸਦਾ ਅਰਥ ਹੋਵੇਗਾ ਸਿੱਖਾਂ ਵਿਚ ਗੈਰ ਹੋਣ ਦੀ ਭਾਵਨਾ ਹੋਰ ਵਧਾਉਣਾ ਅਤੇ ਅਤਵਾਦੀਆਂ ਲਈ ਹੋਰ ਚੌੜਾ ਅਧਾਰ ਪੈਦਾ ਕਰਨਾ।

ਨਰਾਜ਼ਾਂ ਦੇ ਪ੍ਰਚਾਰ ਦੇ ਦਬਾਅ ਕਾਰਨ ਅਕਾਲੀ ਦਲ (ਲ) ਨੇ ਜਿਸਦਾ ਪ੍ਰਧਾਨ ਬਰਨਾਲਾ ਹੈ ਪੰਜਾਬ ਸਮਝੌਤੇ ਨੂੰ ਲਾਗੂ ਕਰਨ ਦੇ ਸੁਆਲ 'ਤੇ ਕੇਂਦਰ ਸਰਕਾਰ ਨੂੰ ਅਲਟੀਮੇਟਮ ਦੇਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਨੇ ਸਿੱਖਾਂ ਨਾਲ ਵਿਤਕਰੇ ਆਦਿ ਦੀ ਵੀ ਗੱਲ ਕੀਤੀ ਹੈ।

ਰਾਸ਼ਟਰਪਤੀ ਰਾਜ ਲਾਗੂ ਕਰਨ ਦਾ ਕੇਵਲ ਇਕ ਹੀ ਸਿੱਟਾ ਹੋ ਸਕਦਾ ਹੈ ਉਹ ਹੈ ਸਿੱਖ ਜਨ-ਸਮੂਹਾਂ ਨੂੰ ਅੱਤਵਾਦੀਆਂ ਦੇ ਹੋਰ ਸਪੁਰਦ ਕਰਨਾ। ਉਨ੍ਹਾਂ ਇਲਾਕਿਆਂ ਨੂੰ ਖਾਲੀ ਕਰਵਾ ਕੇ ਸੁਰੱਖਿਆ ਪੱਟੀ ਪੈਦਾ ਕਰਨਾ ਤਬਾਹਕੁੰਨ ਸਿੱਧ ਹੋ ਸਕਦਾ ਹੈ। ਕਿਉਂਕਿ ਮੌਜੂਦਾ ਸਥਿਤੀ ਵਿਚ ਵਸੋਂ ਨੂੰ ਕਿਸੇ ਹੋਰ ਥਾਂ ਤਬਦੀਲ ਕਰਨਾ ਅਸੰਭਵ ਹੈ। ਬਰਨਾਲਾ ਸਰਕਾਰ ਦੀ ਬਰਖਾਸਤਗੀ ਦਾ ਸਿੱਟਾ ਸਿੱਖ ਕਿਸਾਨੀ ਦਾ ਅਧਾਰ ਅੱਤਵਾਦੀਆਂ ਦੇ ਹੱਕ 'ਚ ਹੋਰ ਖੋਣਾ ਹੋਵੇਗਾ। ਬਰਨਾਲਾ ਦੀਆਂ ਸਿੱਖ ਕੌਮ ਬਾਰੇ ਗੱਲਾਂ ਵੀ ਅੱਤਵਾਦੀਆਂ ਨੂੰ ਵਿਚਾਰਧਾਰਕ ਹਥਿਆਰ ਮੁਹਈਆ ਕਰਦੀਆਂ ਹਨ।

ਕੇਂਦਰ ਸਰਕਾਰ ਅਤੇ ਰਾਜਨੀਤਕ ਸ਼ਕਤੀਆਂ ਪਰਮੁੱਖ ਕੜੀ ਭੁੱਲਦੀਆਂ ਹਨ, ਭਾਵ, ਸਿੱਖ ਜਨਸਮੂਹਾਂ ਨੂੰ ਉਭਾਰਨਾ ਅਤੇ ਉਨ੍ਹਾਂ ਨੂੰ ਅੱਤਵਾਦੀ ਤੇ ਵੱਖਵਾਦੀ ਸ਼ਕਤੀਆਂ ਵਿਰੁੱਧ ਸਰਗਰਮ ਕਰਨਾ ਭੁੱਲਦੀਆਂ ਹਨ। ਪ੍ਰਸ਼ਾਸ਼ਕੀ ਕਦਮਾਂ ਦੇ ਨਾਲ ਇਹ ਕਦਮ, ਘਟ ਗਿਣਤੀਆਂ ਵਿਚ ਇਹ ਭਰੋਸਾ ਬਹਾਲ ਕਰਨ ਵਿਚ ਕਿ ਉਨ੍ਹਾਂ ਦਾ ਜਾਨ ਤੇ ਮਾਲ ਸੁਰੱਖਿਅਤ ਨੂੰ ਅਤੇ ਕਿ ਨਿਰਾਸ਼ ਹੋਣ ਲਈ ਕੋਈ ਅਧਾਰ ਨਹੀਂ ਹੈ, ਦੂਰ ਰਸ ਪ੍ਰਭਾਵ ਪਾਵੇਗਾ। ਪੰਜਾਬ ਦੇ ਲੋਕ ਅਮਨ ਚਾਹੁੰਦੇ ਹਨ। ਪਿਛਲੇ ਪੰਜ ਸਾਲ ਦੌਰਾਨ ਅੱਤਵਾਦੀਆਂ ਦੀਆਂ ਸਰਗਰਮੀਆਂ ਅਤੇ ਨਾਲ ਹੀ ਸ਼ਿਵ ਸੈਨਾ ਵਰਗੀਆਂ ਹਿੰਦੂ ਫਿਰਕਾਪ੍ਰਸਤ ਸ਼ਕਤੀਆਂ ਦੀਆਂ ਸਰਗਰਮੀਆਂ ਦੇ ਬਾਵਜੂਦ ਸਮੁੱਚੇ ਰਾਜ ਵਿਚ ਇਕ ਵੀ ਫਸਾਦ ਦੀ ਘਟਨਾ ਨਹੀਂ ਵਾਪਰੀ।

ਖੱਬੀਆਂ ਪਾਰਟੀਆਂ, ਦੋਵੇਂ ਸੀ.ਪੀ.ਆਈ. (ਐਮ) ਤੇ ਸੀ.ਪੀ.ਆਈ. ਨੇ ਅਜਾਦਾਨਾ ਤੌਰ ਤੇ ਅਤੇ ਸਾਂਝ ਤੌਰ ਤੇ ਬਹੁਤ ਸਾਰੀਆਂ ਰੈਲੀਆਂ ਕੀਤੀਆਂ ਹਨ ਜਿਥੇ ਹਜ਼ਾਰਾਂ ਮਜ਼ਦੂਰਾਂ, ਕਿਸਨਾਂ, ਨੌਜਵਾਨਾਂ ਅਤੇ ਵਿਦਿਆਰਥੀਆਂ ਨੇ ਅੱਤਵਾਦ ਤੇ ਵੱਖਵਾਦ ਵਿਰੁੱਧ ਅਤੇ ਫਿਰਕੂ ਸਦਭਾਵਨਾ ਲਈ ਆਪਣੀ ਆਵਾਜ਼ ਬੁਲੰਦ ਕਰਨ ਵਾਸਤੇ ਸ਼ਮੂਲੀਅਤ ਕੀਤੀ। 24 ਦਸੰਬਰ 1986 ਨੂੰ ਸੰਗਰੂਰ ਵਿਚ ਰਾਜ ਭਰ ਵਿਚੋਂ ਇਕੱਠੇ ਹੋ ਕੇ 60000 ਤੋਂ ਵੱਧ ਕਿਸਾਨਾਂ ਨੇ ਲਾਲ ਝੰਡੇ ਹੱਥਾਂ 'ਚ ਬੁਲੰਦ ਕਰਕੇ ਮਾਰਚ ਕੀਤਾ ਅਤੇ ਵੱਖਵਾਦ ਤੇ ਅੱਤਵਾਦ ਦੀ ਜ਼ੋਰਦਾਰ ਨਿਖੇਧੀ ਕੀਤੀ ਅਤੇ ਫਿਰਕੂ ਸਦਭਾਵਨਾ ਦੀ ਰਾਖੀ ਕਰਨ ਦੇ ਆਪਣੇ ਦਰਿੜ੍ਹ ਤਹੱਈਏ ਦਾ ਪ੍ਰਗਟਾਵਾ ਕੀਤਾ।

ਸਥਿਤੀ ਦੀ ਕੁੰਜੀਵਤ ਕੜੀ ਇਹ ਹੈ ਕਿ ਪੰਜਾਬੀ ਜਨਸਮੂਹਾਂ, ਖਾਸ ਕਰਕੇ ਸਿੱਖ ਕਿਸਾਨੀ ਨੂੰ ਕਿਵੇਂ ਸਰਗਰਮ ਕੀਤਾ ਜਾਵੇ। ਜੇ ਇਹ ਜਨਸਮੂਹ ਖਾਲਿਸਤਾਨੀ ਅਤੇ ਅੱਤਵਾਦੀਆਂ ਨੇ ਸਰਗਰਮ ਰੂਪ ਵਿਚ ਜਿੱਤ ਲਿਆ ਹੁੰਦਾ ਤਾਂ ਪੰਜਾਬ ਵਿਚ ਕੁਝ ਵੀ ਨਾ ਬਚਦਾ। ਅਸਲ ਵਿਚ ਇਹ ਜਨਸਮੂਹ ਖਾਲਿਸਤਾਨ ਦੇ ਨਾਹਰੇ ਅਤੇ ਅੱਤਵਾਦ ਦੇ ਵਿਰੁੱਧ ਹੈ। ਇਹ ਫਿਰਕੂ ਸਦਭਾਵਨਾ ਤੇ ਅਮਨ ਲਈ ਖਲੋਂਦਾ ਹੈ। ਐਪਰ ਅਕਾਲੀਆਂ ਵਿਚ ਕੰਮ ਕਰਦੇ ਭਿੰਨ ਭਿੰਨ ਗਰੁੱਪਾਂ ਦੇ ਨਿਰੰਤਰ ਪ੍ਰਾਪੇਗੰਡੇ ਕਾਰਨ ਉਨ੍ਹਾਂ ਦਾ ਕਾਫੀ ਹਿਸਾ ਭੰਬਲ ਭੂਸੇ 'ਚ ਪੈ ਗਿਆ ਹੋਇਆ ਹੈ, ਅਤੇ ਇਸ ਕਰਕੇ ਸਿਥਲ ਹੋਇਆ ਬੈਠਾ ਹੈ। ਸਹੀ ਪਹੁੰਚ ਅਪਣਾ ਕੇ, ਇਸ ਜਨਸਮੂਹ ਨੂੰ ਸਰਗਰਮ ਕੀਤਾ ਜਾ ਸਕਦਾ ਹੈ ਜਿਵੇਂ ਕਿ ਚੋਣਾਂ ਵਿਚ ਦੇਖਿਆ ਗਿਆ ਜਦੋਂ ਉਨ੍ਹਾਂ ਨੇ ਅੱਤਵਾਦੀਆਂ ਦੇ ਚੋਣ ਬਾਈਕਾਟ ਦੇ ਨਾਹਰੇ ਨੂੰ ਇਕ ਵਾਢਿਉਂ ਹੀ ਰੱਦ ਕਰ ਦਿੱਤਾ ਸੀ। ਉਨ੍ਹਾਂ ਨੇ ਸੰਤ ਲੌਂਗੋਵਾਲ ਦੇ ਕਤਲ ਵਿਰੁੱਧ ਵੀ ਆਪਣੇ ਗੁੱਸੇ ਦਾ ਪ੍ਰਗਟਾਵਾ ਕੀਤਾ ਸੀ ਜਦੋਂ ਉਸਦੇ ਸੋਗ ਸਮਾਗਮ ਵਿਚ ਲੱਖਾਂ ਦੀ ਗਿਣਤੀ 'ਚ ਆਪਮੁਹਾਰੇ ਵਹੀਰਾਂ ਘੱਤ ਕੇ ਸ਼ਾਮਲ ਹੋਏ ਸਨ। ਇਹ ਜਨਸਮੂਹ ਪੰਜਾਬ ਦੀ ਕਿਸਮਤ ਦਾ ਫੈਸਲਾ ਕਰਦਾ ਹੈ।

ਇਸ ਜਨਸਮੂਹ ਨੂੰ ਸਰਗਰਮ ਕਰਨਾ ਨਾ ਕੇਵਲ ਅੱਤਵਾਦੀਆਂ ਵਿਰੁੱਧ ਨਫਰਤ ਉਭਾਰੇਗਾ ਬਲਕਿ ਘੱਟ ਗਿਣਤੀ ਫਿਰਕੇ ਦੇ ਲੋਕਾਂ ਵਿਚ ਭਰੋਸਾ ਪੈਦਾ ਕਰਨ ਵਿਚ ਦੂਰ ਰਸ ਪ੍ਰਭਾਵ ਪਾਵੇਗਾ। ਇਹ ਕੰਮ ਦੇਸ਼ ਵਿਚਲੀਆਂ ਸਮੂਹ ਰਾਜਨੀਤਕ ਪਾਰਟੀਆਂ ਨੂੰ ਕਰਨਾ ਹੋਵੇਗਾ ਜਿਹੜੀਆਂ ਰਾਸ਼ਟਰੀ ਏਕਤਾ ਅਤੇ ਫਿਰਕੂ ਸਦਭਾਵਨਾ 'ਤੇ ਅਮਨ ਲਈ ਖਲੋਂਦੀਆਂ ਹਨ। ਐਪਰ ਨਾ ਤਾਂ ਕਾਂਗਰਸ ਪਾਰਟੀ ਅਤੇ ਨਾ ਹੀ ਅਕਾਲੀ ਦਲ ਇਸ ਵਿਚ ਦਿਲਚਸਪੀ ਰਖਦਾ ਹੈ।

ਇਸ ਸਬੰਧ 'ਚ ਦੂਜਾ ਮਹੱਤਵਪੂਰਨ ਸੁਆਲ ਸਮਝੌਤਾ ਲਾਗੂ ਕਰਨ ਦਾ ਹੈ। ਜੇ ਅੱਤਵਾਦ ਵਿਰੁੱਧ ਲੜਾਈ ਦੇਣ ਨਾਲ ਸਮਝੌਤੇ ਦਾ ਕੋਈ ਸਬੰਧ ਨਹੀਂ ਤਾਂ ਫਿਰ ਇਸ 'ਤੇ ਦਸਖਤ ਕਰਨ ਦੀ ਕੀ ਲੋੜ ਸੀ ? ਜਿਵੇਂ ਕਿ ਉਪਰ ਦਸਿਆ ਗਿਆ ਹੈ, ਇਸ ਦਾ ਸਮੂਹ ਰਾਜਨੀਤਕ ਪਾਰਟੀਆਂ ਵਲੋਂ ਸਮਰਥਨ ਕੀਤਾ ਗਿਆ ਸੀ ਕਿਉਂਕਿ ਇਹ ਸਮਝਿਆ ਗਿਆ ਸੀ ਕਿ ਸਮਝੌਤਾ ਅੱਤਵਾਦੀਆਂ ਨੂੰ ਨਿਖੇੜਨ ਅਤੇ ਸਾਮਰਾਜਵਾਦ ਦੀ ਖੇਡ ਨੂੰ ਹਰਾਉਣ ਵਿਚ ਦੂਰ ਰਸ ਪਰਭਾਵ ਪਾਵੇਗਾ।

ਸਮਝੌਤੇ ਨੂੰ ਲਾਗੂ ਕਰਨ ਵਿਚ ਕੀ ਮੁਸ਼ਕਲ ਹੈ ? ਇਹ ਸਮਾਬੱਧ ਸੀ ਹੁਣ ਵੀ ਚੰਡੀਗੜ੍ਹ ਪੰਜਾਬ ਨੂੰ ਤਬਦੀਲ ਕਰ ਦੇਣਾ ਚਾਹੀਦਾ ਹੈ। 45000 ਏਕੜ ਹਿੰਦੀ ਭਾਸ਼ੀ ਖੇਤਰ ਜਿਸਦਾ ਪਤਾ ਲਾਇਆ ਜਾ ਚੁੱਕਾ ਹੈ ਫੌਰੀ ਹਰਿਆਣੇ ਨੂੰ ਤਬਦੀਲ ਕਰ ਦਿੱਤਾ ਜਾਵੇ ਅਤੇ ਦੂਸਰੇ 25000 ਏਕੜ ਦਾ ਪਤਾ ਲਾਇਆ ਜਾਵੇ ਤੇ ਪਿਛੋਂ ਹਰਿਆਣੇ ਨੂੰ ਤਬਦੀਲ ਕਰ ਦਿੱਤਾ ਜਾਵੇ। ਇਹ ਵੈਂਕਟਾਰਮਈਆ ਕਮਿਸ਼ਨ ਵਲੋਂ ਦਿਤੇ ਐਵਾਰਡ ਦੇ ਐਨ ਅਨੁਸਾਰ ਹੋਵੇਗਾ। ਇਸੇ ਤਰ੍ਹਾਂ ਪਾਣੀਆਂ ਦੇ ਝਗੜੇ ਦਾ ਹੱਲ ਢੂੰਡਣਾਂ ਹੋਵੇਗਾ ਤੇ ਨਾਲ ਹੀ ਸਤਲੁਜ ਜਮਨਾ ਲਿੰਕ ਨਹਿਰ ਨੂੰ ਮੁਕੰਮਲ ਕਰਨਾ ਹੋਵੇਗਾ। ਹੱਦਬੰਦੀ ਦੇ ਝਗੜੇ ਬਾਰੇ ਸਮਝੌਤੇ ਵਿਚ ਦਰਜ ਹਵਾਲਾ ਸ਼ਰਤਾਂ ਦੇ ਅਧਾਰ 'ਤੇ ਕਮਿਸ਼ਨ ਨਿਯੁਕਤ ਕਰਨਾ ਹੋਵੇਗਾ।

ਇਕ ਹੋਰ ਮਸਲਾ ਜਿਹੜਾ ਸਿੱਖ ਜਨਸਮੂਹ ਦੇ ਮਨਾਂ 'ਤੇ ਬੋਝ ਹੈ ਉਹ ਹੈ ਉਨ੍ਹਾਂ ਜੋਧਪੁਰ ਨਜ਼ਰਬੰਦਾਂ ਦੀ ਰਿਹਾਈ ਦਾ ਜਿਨ੍ਹਾਂ ਵਿਚ ਬਹੁਤੇ ਉਹ ਹਨ ਜੋ 'ਨੀਲਾ ਤਾਰਾ ਕਾਰਵਾਈ' ਸਮੇਂ ਹਰਮੰਦਰ ਸਾਹਿਬ ਗਏ ਹੋਏ ਸਨ। ਉਹ ਅੱਤਵਾਦ ਦੇ ਵਿਰੁੱਧ ਹਨ। ਇਸ ਸੁਆਲ 'ਤੇ ਕੇਂਦਰ ਸਰਕਾਰ ਦੀ ਟਾਲ-ਮਟੋਲ ਸਮਝ ਨਹੀਂ ਪੈਂਦੀ। ਇਸ ਗੱਲ ਤੇ ਵੀ ਜ਼ੋਰ ਦੇਣਾ ਜ਼ਰੂਰੀ ਹੈ ਕਿ ਧਾਰਮਿਕ ਸਥਾਨਾਂ ਦੀ ਰਾਸ਼ਟਰ ਵਿਰੋਧੀ ਸਰਗਰਮੀਆਂ ਲਈ ਵਰਤੋਂ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

ਪੰਜਾਬ ਦੀਆਂ ਰਾਜਨੀਤਕ ਘਟਨਾਵਾਂ ਨੇ ਨਿਰਸੰਦੇਹ ਪ੍ਰਸ਼ਾਸ਼ਨ 'ਤੇ ਆਪਣਾ ਪਰਭਾਵ ਪਾਇਆ ਹੈ। ਅਸਲ 'ਚ ਇਹ ਢਹਿ-ਢੇਰੀ ਹੋ ਗਿਆ। ਰਿਬੇਰੋ ਨੂੰ ਤਾਇਨਾਤ ਕਰਨ ਪਿਛੋਂ, ਪੁਲਸ ਤੇ ਪ੍ਰਸ਼ਾਸ਼ਨ ਵਿਚ ਕੁਝ ਹੱਦ ਤਕ ਡਿਸਪਲਨ ਬਹਾਲ ਹੋਇਆ ਹੈ ਐਪਰ ਨਿਤ ਦਿਹਾੜੀ ਦੇ ਕੰਮਕਾਜ਼ ਵਿਚ ਇਕ ਜਾਂ ਦੂਸਰੀ ਸ਼ਕਲ 'ਚ ਮੁਦਾਖਲਤ ਅਜੇ ਵੀ ਜਾਰੀ ਹੈ। ਬਰਨਾਲਾ ਨੂੰ ਅਜੇਹੇ ਅਨਸਰਾਂ ਵਿਰੁੱਧ ਸਟੈਂਡ ਲੈਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਕੋਈ ਨਰਮੀ ਜਾਂ ਥਾਂ ਨਹੀਂ ਦੇਣੀ ਚਾਹੀਦੀ। ਜਿਹੜੇ ਸਮੱਗਲਰਾਂ ਨਾਲ ਜਾਂ ਅੱਤਵਾਦੀਆਂ ਨਾਲ ਅੱਖ ਮਟੱਕਾ ਕਰਦੇ ਹਨ। ਜਿਨ੍ਹਾਂ ਕਰਮਚਾਰੀਆਂ ਦੀ ਕਾਰਗੁਜ਼ਾਰੀ ਸ਼ੱਕੀ ਹੈ ਉਨ੍ਹਾਂ ਦੀ ਹੋਰ ਚੈਕਿੰਗ ਹੋਣੀ ਚਾਹੀਦੀ ਹੈ ਅਤੇ ਪ੍ਰਸ਼ਾਸ਼ਨ ਦੀ ਛਾਣਬੀਣ ਕੀਤੀ ਜਾਣੀ ਚਾਹੀਦੀ ਹੈ। ਕੁਝ ਸੁਧਾਰ ਜ਼ਰੂਰ ਹੈ ਐਪਰ ਇਹ ਅਜੇ ਸਥਿਤੀ ਨਾਲ ਨਿਪਟਣ ਵਾਸਤੇ ਕਾਫੀ ਨਹੀਂ ਹੈ। ਅਜੇਹੇ ਅਨਸਰਾਂ ਪ੍ਰਤੀ ਕੋਈ ਨਰਮੀ ਨਹੀਂ ਵਰਤਣੀ ਚਾਹੀਦੀ। ਨੀਮ ਫੌਜੀ ਪੁਲਸ ਨੂੰ ਵੀ ਆਪਣੀ ਜ਼ਿੰਮੇਵਾਰੀ ਨਿਭਾਉਣ ਸਬੰਧੀ ਸੁਸਿਖਿਅਤ ਕਰਨਾ ਹੋਵੇਗਾ। ਉਹ ਅਜੇ ਤਕ ਸਪਸ਼ਟ ਰੂਪ 'ਚ ਰਾਜਨੀਤਕ ਖਾਸੇ ਵਾਲੀ ਸਮੱਸਿਆ ਨਾਲ ਨਿਪਟਣ ਵਾਸਤੇ ਸਿਖਿਅਤ ਨਹੀਂ ਹਨ।

ਇਕ ਹੋਰ ਕਾਰਨ ਜਿਸ ਨੂੰ ਨੋਟ ਕਰਨਾ ਹੋਵੇਗਾ ਉਹ ਹੈ ਦੂਸਰੇ ਰਾਜਾਂ ਵਿਚ ਵਸਦੀ ਸਿੱਖ ਘਟ ਗਿਣਤੀ ਨਾਲ ਹੋ ਰਿਹਾ ਵਰਤਾਅ। ਇਹ ਬਹੁਤ ਦੁਖਦਾਈ ਹੈ ਕਿ ਇੰਦਰਾ ਦੇ ਕਤਲਦੇ ਪਿਛੋਂ ਦੇ ਸਮੇਂ ਵਿਚ, ਕੁਝ ਬੰਦਿਆਂ ਦੀ ਮੁਜਰਮਾਨਾ ਕਾਰਵਾਈ ਕਾਰਨ, ਸਮੁੱਚੇ ਫਿਰਕੇ ਨੂੰ ਹੀ ਸਜ਼ਾ ਦੇਣ ਦਾ ਯਤਨ ਕੀਤਾ ਗਿਆ। ਉਸ ਸਮੇਂ ਤੋਂ ਪੰਜਾਬ ਤੋਂ ਬਾਹਰ ਵਸਦੇ ਸਿੱਖ, ਸਿਵਾਏ ਪੱਛਮੀ ਬੰਗਾਲ ਤੇ ਤ੍ਰੀਪੁਰਾ ਦੇ ਜਿਥੇ ਖੱਬਾ ਮੋਰਚਾ ਮਜ਼ਬੂਤ ਹੈ ਜਾਂ ਦੱਖਣ ਜਿਥੇ ਜ਼ਹਿਰ ਡੂੰਘੀ ਨਹੀਂ ਧੱਸੀ, ਅਸੁਰਖਿਅਤ ਮਹਿਸੂਸ ਕਰ ਰਹੇ ਹਨ। ਜੇ ਇਹ ਭਾਵਨਾ ਜਾਰੀ ਰਹੀ, ਅਤੇ ਜਿਸ ਨੂੰ ਨਿਰਸੰਦੇਹ, ਭਿੰਨ ਭਿੰਨ ਹਿੰਦੂ ਫਿਰਕਾ ਪ੍ਰਸਤ ਜਥੇਬੰਦੀਆਂ ਵਲੋਂ ਉਤਸ਼ਾਹਤ ਕੀਤਾ ਜਾ ਰਿਹਾ ਹੈ। ਤਾਂ ਅੱਤਵਾਦੀਆਂ ਦੀਆਂ ਯੋਜਨਾਵਾਂ ਸਿਰੇ ਚੜ੍ਹ ਜਾਣਗੀਆਂ। ਜਿਉਂ ਹੀ ਪੰਜਾਬ ਤੋਂ ਬਾਹਰੋਂ ਹਿਜਰਤ ਅਰੰਭ ਹੋ ਗਈ, ਇਹ ਅਵੱਸ਼ ਤੌਰ 'ਤੇ ਪੰਜਾਬ ਵਿਚ ਸਥਿਤੀ ਨੂੰ ਹੋਰ ਵਿਗਾੜ ਦੇਵੇਗੀ। ਇਹੀ ਕੁਝ ਸਾਮਰਾਜਵਾਦ ਚਾਹੁੰਦਾ ਹੈ। ਇਸ ਨੂੰ ਰੋਕਿਆ ਜਾ ਸਕਦਾ ਹੈ ਜੇ ਦੇਸ਼ ਭਰ ਵਿਚ ਦੇਸ਼ ਭਗਤ ਸ਼ਕਤੀਆਂ ਹਰ ਰਾਜ ਵਿਚ ਵਸਦੇ ਲੋਕਾਂ ਦੀ ਏਕਤਾ ਉਸਾਰਨ ਵਾਸਤੇ ਧਰਮ ਨਿਰਲੇਪਤਾ ਨੂੰ ਅਧਾਰ ਬਨਾਉਣ।

ਪੰਨਾ 33 ਦੀ ਬਾਕੀ

ਵਿਕਾਸਸ਼ੀਲ ਦੇਸ਼ਾਂ ਨੂੰ ਚਾਹੀਦਾ ਹੈ ਕਿ ਉਹ ਖੁਦ ਹਥਿਆਰਾਂ ਦੀ ਦੌੜ ਤੋਂ ਲਾਂਭੇ ਰਹਿ ਕੇ ਵੱਡੀਆਂ ਪ੍ਰਮਾਣੂ ਸ਼ਕਤੀਆਂ ਉਪਰ ਨਿਸ਼ਸਤਰੀਕਰਨ ਲਈ ਜ਼ੋਰ ਪਾਉਣ ਤੇ ਇਸ ਤਰ੍ਹਾਂ ਮਨੁੱਖਤਾ ਨੂੰ ਇਕ ਭਿਆਨਕ ਤਬਾਹੀ ਦੀ ਮਾਰ ਤੋਂ ਬਚਾਉਣ ਵਿਚ ਆਪਣਾ ਬਹੁਮੁੱਲਾ ਯੋਗਦਾਨ ਪਾਉਣ। ਨਹੀਂ ਤਾਂ ਮਨੁੱਖ ਤਾਂ ਕੀ ਮਨੁੱਖ ਦੀ ਰਾਖ ਵੀ ਨਹੀਂ ਰਹੇਗੀ। ਹੀਰੋਸ਼ੀਮਾ ਤੇ ਨਾਗਾਸਾਕੀ ਅੱਜ ਵੀ ਸਾਡੇ ਸਾਹਮਣੇ ਜੀਉਂਦੀਆਂ ਜਾਗਦੀਆਂ ਉਦਾਹਰਣਾਂ ਹਨ। ਹਰ ਮਨੁੱਖ ਦਾ ਫਰਜ਼ ਹੈ ਕਿ ਉਹ ਦੁਨੀਆਂ ਦੇ ਕਿਸੇ ਵੀ ਹੋਰ ਸ਼ਹਿਰ ਨੂੰ ਤੇ ਉਸ ਦੇ ਵਾਸੀਆਂ ਨੂੰ ਅਜਿਹੀ ਪ੍ਰਮਾਣੂ ਬਿਜਲੀ ਡਿੱਗਣ ਤੋਂ ਬਚਾਉਣ ਲਈ ਆਪਣੀ ਆਵਾਜ਼ ਬੁਲੰਦ ਕਰੇ।

ਜੱਜ: 'ਕੀ ਤੁਸੀਂ ਕੋਈ ਅਜਿਹਾ ਆਦਮੀ ਦਸ ਸਕਦੇ ਹੋ, ਜਿਹੜਾ ਤੁਹਾਡੀ ਨੇਕਚਲਨੀ ਦਾ ਸਬੂਤ ਦੇ ਸਕੇ ?'

ਦੋਸ਼ੀ: 'ਜੀ ਹਾਂ, ਕੋਤਵਾਲ ਸਾਹਿਬ ਹੀ ਹਨ।'

ਕੋਤਵਾਲ ਨੇ ਕਿਹਾ: 'ਪਰ ਜੱਜ ਸਾਹਿਬ ਮੈਂ ਤਾਂ ਇਸ ਆਦਮੀ ਨੂੰ ਜਾਣਦਾ ਤਕ ਨਹੀਂ।'

ਦੋਸ਼ੀ: 'ਜੱਜ ਸਾਹਿਬ, ਮੈਂ ਇਸ ਸ਼ਹਿਰ ਵਿਚ ਪਿਛਲੇ ਤੀਹ ਸਾਲ ਤੋਂ ਰਹਿ ਰਿਹਾ ਹਾਂ ਅਤੇ ਕੋਤਵਾਲ ਸਾਹਿਬ ਮੈਨੂੰ ਜਾਣਦੇ ਤਕ ਨਹੀਂ। ਮੇਰੀ ਨੇਕਚਲਨੀ ਦਾ ਭਲਾ ਇਸ ਤੋਂ ਵੱਡਾ ਸਬੂਤ ਹੋਰ ਕੀ ਹੋ ਸਕਦਾ ਹੈ ?'

■ ■ ■

ਵਕੀਲ: 'ਜਦੋਂ ਰਾਤੀਂ ਤੁਹਾਡੀ ਅੱਖ ਖੁੱਲ੍ਹੀ ਅਤੇ ਤੁਸਾਂ ਇਹ ਦੇਖਿਆ ਕਿ ਮੇਜ਼ ਦੀਆਂ ਸਭ ਦਰਾਜ਼ਾਂ ਖੁਲ੍ਹੀਆਂ ਪਈਆਂ ਹਨ, ਅਲਮਾਰੀਆਂ ਖੁਲ੍ਹੀਆਂ ਹੋਈਆਂ ਹਨ, ਫਰਸ਼ ਤੇ ਕਪੜਿਆਂ ਦਾ ਢੇਰ ਲੱਗਾ ਹੋਇਆ ਹੈ, ਟਰੰਕ ਖੁਲ੍ਹੇ ਪਏ ਹਨ ਅਤੇ ਸਭ ਕੁਝ ਖਿਲਰਿਆ ਪਿਆ ਹੈ ਤਾਂ ਉਸ ਵੇਲੇ ਤੁਹਾਨੂੰ ਇਹ ਖਿਆਲ ਕਿਉਂ ਨਾ ਆਇਆ ਕਿ ਘਰ ਵਿਚ ਕੋਈ ਚੋਰ ਆਇਆ ਹੋਇਆ ਹੈ ?'

ਇਸਤ੍ਰੀ: 'ਉਸ ਵੇਲੇ ਤਾਂ ਮੈਂ ਇਹ ਸਮਝੀ ਸੀ ਕਿ ਸ਼ਾਇਦ ਪਿੰਕੇ ਦੀ ਡੈਡੀ ਆਪਣੀ ਟਾਈ ਢੂੰਡਦੇ ਰਹੇ ਹੋਣਗੇ।'

■ ■ ■

ਜੱਜ ਨੇ ਚੋਰ ਨੂੰ ਕਿਹਾ: 'ਤੁਸੀਂ ਮਾਨਵਤਾ ਦੀ ਕੀ ਸੇਵਾ ਕੀਤੀ ਹੈ ?'

ਚੋਰ ਨੇ ਜਵਾਬ ਦਿਤਾ: 'ਇਹ ਸੇਵਾ ਕਿਹੜੀ ਘੱਟ ਹੈ ਜੱਜ ਸਾਹਿਬ ਕਿ ਮੇਰੀਆਂ ਚੋਰੀਆਂ ਦਾ ਪਤਾ ਲਗਾਉਣ ਲਈ ਬਹੁਤ ਸਾਰੇ ਲੋਕਾਂ ਨੂੰ ਨੌਕਰੀ ਮਿਲੀ ਹੋਈ ਹੈ।'

ਜਦੋਂ ਹੱਸਦੇ ਵਸਦੇ ਲੋਕਾਂ 'ਤੇ ਅਸਮਾਨੋਂ ਆਫਤ ਆ ਡਿੱਗੀ

—ਜੈ ਰਾਜ ਕਾਜਲਾ



ਹੀਰੋਸ਼ੀਮਾ ਤੇ ਐਟਮਬੰਬ ਸੁੱਟੇ ਜਾਣ ਤੋਂ ਬਾਅਦ ਹਵਾਈ ਜਹਾਜ਼ ਰਾਹੀਂ ਲਈ ਗਈ ਇਕ ਤਸਵੀਰ।



ਨਾਗਾਸਾਕੀ ਤੇ ਬੰਬ ਡਿੱਗਣ ਪਿਛੋਂ ਜ਼ਖਮੀ ਤੇ ਮਾਰੇ ਗਏ ਲੋਕਾਂ ਦੀ ਇਕ ਦਰਦਨਾਕ ਝਾਕੀ।

ਸੰਨ ਉਨੀ ਸੌ ਪੰਤਾਲੀ,ਅਗਸਤ ਮਹੀਨੇ ਦੀ ਛੇ ਤਰੀਕ,ਸਮਾਂ ਸਵੇਰ ਦੇ ਸਵਾ ਅੱਠ,ਸਥਾਨ-ਜਪਾਨ ਦਾ ਵਸਦਾ ਹਸਦਾ ਸ਼ਹਿਰ ਹੀਰੋਸ਼ੀਮਾ।

ਮਨੁੱਖੀ ਇਤਿਹਾਸ 'ਚ ਪਹਿਲਾ ਐਟਮ ਬੰਬ ਇਸ ਸ਼ਹਿਰ ਦੀ ਅਲੂਈਂ ਹਿੱਕ ਤੇ ਫਟਿਆ ਜਿਸ ਨੇ ਬਿੰਦ ਝੱਟ 'ਚ ਸ਼ਹਿਰ ਦੀ ਵਸੋਂ ਦਾ ਚਾਲੀ ਫੀਸਦੀ ਰਾਖ ਵਿਚ ਬਦਲ ਦਿੱਤਾ ਤੇ 92 ਫੀਸਦੀ ਇਲਾਕਾ ਬਰਬਾਦ ਕਰ ਦਿੱਤਾ। ਬਾਅਦ 'ਚ ਉਸ ਦਿਨ ਬੰਬ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਦੋ ਲੱਖ ਤੋਂ ਵੱਧ ਦਸੀ ਗਈ।

ਸ਼ਾਇਦ ਇਹ ਕਾਫੀ ਨਹੀਂ ਸੀ। ਇਸ ਤੋਂ ਪੂਰੇ ਤਿੰਨ ਦਿਨ ਬਾਅਦ 9 ਅਗਸਤ ਨੂੰ ਸਵੇਰੇ 11 ਵਜੇ ਫਿਰ ਮੌਤ ਦੀ ਖੇਡ ਖੇਡੀ ਗਈ। ਜਪਾਨ ਦੇ ਇਕ ਹੋਰ ਸ਼ਹਿਰ ਨਾਗਾਸਾਕੀ ਤੇ ਦੂਸਰਾ ਐਟਮ ਬੰਬ ਸੁਟਿਆ ਗਿਆ। ਜਿਸ ਨੇ ਅੱਖ ਝਪਕਣ 'ਚ ਹੀ ਇਕ ਤਿਹਾਈ ਤਹਿਸ਼ ਨਹਿਸ਼ ਕਰ ਦਿੱਤਾ। ਇਸ ਵਿਚ 74 ਹਜ਼ਾਰ ਮਨੁੱਖੀ ਜਾਨਾਂ ਗਈਆਂ ਤੇ 75 ਹਜ਼ਾਰ ਲੋਕ ਪੂਰੀ ਤਰ੍ਹਾਂ ਜ਼ਖਮੀ ਹੋਏ। ਅੱਜ ਚਾਰ ਦਹਾਕੇ ਗੁਜ਼ਰ ਜਾਣ ਤੇ ਵੀ ਇਥੋਂ ਦੇ ਜਨਜੀਵਨ ਤੇ ਇਸ ਭਿਆਨਕ ਤਬਾਹੀ ਦਾ ਅਸਰ ਸਾਫ ਦਿਖਾਈ ਦਿੰਦਾ ਹੈ।

ਇਸ ਭਿਆਨਕ ਤਬਾਹੀ ਅਤੇ ਆਪਣੇ ਹੱਥੀਂ ਸਹੇੜੀਂ ਪਰਲੋ ਤੋਂ ਮਨੁੱਖ ਨੂੰ ਕੁਝ ਸਬਕ ਸਿੱਖਣਾ ਚਾਹੀਦਾ ਸੀ ਤੇ ਅੱਗੇ ਤੋਂ ਜਨਤਕ ਤਬਾਹੀ ਦੇ ਇਨ੍ਹਾਂ ਹਥਿਆਰਾਂ ਤੇ ਰੋਕ ਲਗਣੀ ਚਾਹੀਦੀ ਸੀ। ਪਰ ਦੁੱਖ ਦੀ ਗੱਲ ਤਾਂ ਇਹ ਹੈ ਕਿ ਮਨੁੱਖ ਇਕ ਦੂਜੇ ਤੇ ਸਰਦਾਰੀ ਕਾਇਮ ਕਰਨ ਦੀ ਦੌੜ 'ਚ ਆਪਸੀ ਮਿਲਵਰਤਣ ਤੇ ਮਨੁੱਖੀ ਕਦਰਾਂ ਕੀਮਤਾਂ ਨੂੰ ਭੁਲਾ ਬੈਠਾ ਅਤੇ ਮਨੁੱਖ ਦੀ ਅੰਤਮ ਤਬਾਹੀ ਦਾ ਸਾਮਾਨ ਤਿਆਰ ਕਰਨ ਵਿਚ ਯਤਨਸ਼ੀਲ ਹੋ ਤੁਰਿਆ। ਮਹਾਂਸ਼ਕਤੀਆਂ ਅੱਜ ਪ੍ਰਮਾਣੂ ਹਥਿਆਰ ਬਨਾਉਣ ਅਤੇ ਤਜਰਬੇ ਕਰਨ ਦੀ ਹੋੜ 'ਚ ਵਿਅਸਤ ਹਨ। ਇਕ ਰਿਪੋਰਟ ਮੁਤਾਬਿਕ 1945 ਤੋਂ ਬਾਅਦ 1400 ਪ੍ਰਮਾਣੂ ਤਜਰਬੇ ਕੀਤੇ ਜਾ ਚੁੱਕੇ ਹਨ।

ਅੱਜ ਘੱਟੋਘਟ 50000 ਪ੍ਰਮਾਣੂ ਹਥਿਆਰ ਹੋਂਦ ਵਿਚ ਆ ਚੁੱਕੇ ਹਨ ਜਿਨ੍ਹਾਂ ਦੀ ਸਮੁੱਚੀ ਤਾਕਤ ਦਸ ਲੱਖ ਹੀਰੋਸ਼ੀਮਾ ਬੰਬਾਂ ਦੇ ਬਰਾਬਰ ਹੈ। ਜੇਕਰ ਅਸੀਂ ਇਸ ਨੂੰ ਵਿਸਥਾਰ 'ਚ ਘੋਖੀਏ ਤਾਂ ਇਹ 1300 ਕਰੋੜ ਟਨ ਟੀ ਐਨ ਟੀ ਜਾਣਦੇ ਹਨ। ਇਸ ਦਾ ਭਾਵ ਇਸ ਧਰਤੀ ਤੇ ਵਸਦੇ ਹਰ ਵਿਅਕਤੀ ਦੇ ਹਿੱਸੇ 3 ਟਨ ਪ੍ਰਮਾਣੂ ਸਮੱਗਰੀ ਆਉਂਦੀ ਹੈ। ਇਸੇ ਤਰ੍ਹਾਂ ਇਹ ਪ੍ਰਮਾਣੂ ਸਮੱਗਰੀ 200 ਅਰਬ ਲੋਕਾਂ ਦਾ ਖਾਤਮਾ ਕਰ ਸਕਦੀ ਹੈ ਜੋ ਧਰਤੀ ਦੀ ਕੁਲ ਵਸੋਂ ਦਾ 50 ਗੁਣਾਂ ਹੈ। ਸਾਡੇ ਪਿਤਾ ਪੁਰਖੇ,ਜਿਨ੍ਹਾਂ ਨੇ ਇਸ ਸੁੰਦਰ ਧਰਤੀ ਉਪਰ ਜ਼ਿੰਦਗੀ ਨੂੰ ਸੁਖਾਲਾ ਅਤੇ ਖੂਬਸੂਰਤ ਬਨਾਉਣ ਲਈ ਸਖਤ ਮਿਹਨਤ ਕੀਤੀ ਸੀ। ਉਨ੍ਹਾਂ ਕਦੇ ਵੀ ਇਹ ਕਲਪਨਾ ਨਹੀਂ ਸੀ ਕੀਤੀ ਹੋਣੀ ਕਿ ਇਸ ਧਰਤੀ ਉਤੇ ਕਿਸੇ ਦਿਨ ਤਬਾਹੀ ਦੇ ਹਥਿਆਰ ਪੈਦਾ ਹੋਣਗੇ,ਜਿਹੜੇ ਸਿਰਫ ਅੱਧੇ ਘੰਟੇ ਵਿਚ ਹੀ ਧਰਤੀ ਤੇ ਤਬਾਹੀ ਮਚਾ ਸਕਦੇ ਹਨ। ਪ੍ਰਮਾਣੂ ਯੁੱਧ ਸ਼ੁਰੂ ਹੋ ਜਾਣ ਤੋਂ ਬਾਅਦ ਹਮਲਾ ਕਰਨ ਵਾਲੇ,ਹਮਲੇ ਦਾ ਸ਼ਿਕਾਰ ਹੋਣ ਵਾਲੇ ਅਤੇ ਮੂਕ ਦਰਸ਼ਕ ਵੀ ਇਸ ਦੀ ਮਾਰ ਤੋਂ ਨਹੀਂ ਬਚ ਸਕਣਗੇ। ਪ੍ਰਮਾਣੂ ਯੁੱਧ ਦਾ ਅਰਥ ਸਮੁੱਚੇ ਬ੍ਰਹਿਮੰਡ ਦਾ ਬੀਆਨਾਸ਼ ਕਰਕੇ ਇਕ ਦੂਜੇ ਦੀ ਯਕੀਨਨ ਤਬਾਹੀ ਹੈ। ਜਨ ਸਾਧਾਰਣ ਪ੍ਰਮਾਣੂ ਯੁੱਧ ਦੇ ਦੂਰ-ਗਸ ਸਿੱਟਿਆਂ ਦਾ ਅੰਦਾਜ਼ਾ ਨਹੀਂ ਲਗਾ ਸਕਦਾ। ਹੁਣ ਤਕ ਆਮ ਤੌਰ ਤੇ ਇਹ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਪ੍ਰਮਾਣੂ ਯੁੱਧ ਦਾ ਸਭ ਤੋਂ ਖਤਰਨਾਕ ਨਤੀਜਾ ਬੇਮਿਸਾਲ ਮਨੁੱਖੀ ਜਾਨਾਂ ਲੈਣਾ ਹੋਵੇਗਾ ਅਤੇ ਇਸ ਦਾ ਮੁਖ ਨਿਸ਼ਾਨਾ ਉਤਰੀ ਧਰੁਵ ਖੇਤਰ ਹੀ ਹੋਵੇਗਾ। ਇਹ ਵੀ ਮੰਨਿਆ ਜਾਂਦਾ ਸੀ ਕਿ ਲੜਾਈ ਦੇ ਖੇਤਰ ਤੋਂ ਪਾਰਲੇ ਇਲਾਕਿਆਂ ਦੀ ਵਸੋਂ ਇਸ ਵਿਨਾਸ਼ ਤੋਂ ਬਚ ਬੇਸ਼ੱਕ ਜਾਏਗੀ ਪਰ ਇਸ ਦੇ ਖਤਰਨਾਕ ਸਮਾਜੀ ਆਰਥਿਕ ਸਿੱਟਿਆਂ ਕਾਰਨ ਬੁਰੀ ਤਰ੍ਹਾਂ ਅਪਾਹਜ ਹੋ ਜਾਵੇਗੀ।

ਪ੍ਰਮਾਣੂ ਯੁੱਧ ਦੇ ਤਬਾਹਕੁੰਨ ਅਤੇ ਦੂਰਗਸ ਨਤੀਜਿਆਂ ਬਾਰੇ 1983 ਵਿਚ (ਨਿਊਕਲੀਅਰ ਵਿੰਟਰ ਥਿਊਰੀ) ਨਾਂ ਦਾ ਇਕ ਸਿਧਾਂਤ ਸਾਹਮਣੇ ਆਇਆ। ਇਸ ਥਿਊਰੀ ਨੂੰ ਇਸ ਗੱਲ ਤੇ ਕੇਂਦਰਿਤ ਕੀਤਾ ਗਿਆ ਕਿ ਪ੍ਰਮਾਣੂ ਧਮਾਕਾ ਹੋਣ ਉਪਰੰਤ ਹਾਈਪਰ ਸੈਂਟਰ (ਧਮਾਕਾ ਗ੍ਰਸਤ ਇਲਾਕਾ) ਦੇ ਨੇੜੇ ਵਸੋਂ ਉਪਰ ਇਕੋ ਦਮ ਗੰਭੀਰ ਰੂਪ ਵਿਚ ਅਸਰ ਪਵੇਗਾ ਅਤੇ ਇਸ ਨਾਲ ਮਨੁੱਖੀ ਜਿਸਮਾਂ ਵਿਚ ਜਲਣ ਅਤੇ ਹੋਰ ਬਹੁਤ ਸਾਰੀਆਂ ਜਿਸਮਾਨੀ ਤੇ ਦਿਮਾਗੀ ਬੀਮਾਰੀਆਂ ਪੈਦਾ ਹੋਣਗੀਆਂ।


ਜਮ੍ਹਾਂ ਹੋ ਰਹੇ ਹਥਿਆਰਾਂ ਤੇ ਬਾਰੂਦ ਦੀ ਵਰਤੋਂ ਜੰਗਲ ਤੋਂ ਲੈ ਕੇ ਸ਼ਹਿਰਾਂ ਤਕ ਧਰਤੀ ਤੇ ਮੌਜੂਦ ਹਰ ਇਕ ਪਦਾਰਥ ਨੂੰ ਸਾੜ ਸੁਟੇਗੀ। ਇਸ ਤਰ੍ਹਾਂ ਤਾਪਮਾਨ ਵੱਧ ਕੇ 2000 ਡਿਗਰੀ ਸੈਂਟੀਗਰੇਡ ਹੋ ਜਾਵੇਗਾ ਤੇ ਅੱਗ ਦਾ ਤੂਫਾਨ 50 ਤੋਂ 100 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਾਲ ਚਲੇਗਾ।

ਪ੍ਰਮਾਣੂ ਹਥਿਆਰਾਂ ਦੇ ਅਦਾਨ ਪ੍ਰਦਾਨ ਤੋਂ ਅੰਨ੍ਹੇਵਾਹ ਪੈਦਾ ਹੋਇਆ ਧੂੰਆਂ ਠੋਸ ਰੂਪ ਵਿਚ ਖਲਾਅ ਵਿਚ ਫੈਲ ਜਾਵੇਗਾ। ਪ੍ਰਮਾਣੂ ਧਮਾਕਿਆਂ ਤੋਂ ਪੈਦਾ ਹੋਇਆ ਆਪ ਮੁਹਾਰਾ ਧੂੰਆਂ ਲੰਬੇ ਸਮੇਂ ਲਈ ਸੂਰਜ ਦੀ ਰੌਸ਼ਨੀ ਠੱਲ੍ਹ ਲਏਗਾ ਜਿਸ ਨਾਲ ਭੂ ਖੰਡਾਂ ਉਪਰ ਤਾਪਮਾਨ ਏਨਾ ਘੱਟ ਜਾਏਗਾ ਕਿ ਉਹ ਪਾਣੀ ਦੇ ਜਮਾਓ ਦਰਜੇ ਤਕ ਪਹੁੰਚ ਜਾਏਗਾ। ਕਈ ਹਫਤੇ ਅਤੇ ਇਥੋਂ ਤਕ ਕਿ ਕਈ ਮਹੀਨੇ ਅੰਤਾਂ ਦੀ ਸਰਦੀ ਪਵੇਗੀ। ਜਿਸ ਨਾਲ ਕਿ ਤਾਪਮਾਨ ਤੇ ਏਨਾ ਅਸਰ ਪਵੇਗਾ ਕਿ ਇਹ ਘੱਟ ਕੇ ਮਨਫੀ 40 ਡਿਗਰੀ ਸੈਂਟੀਗਰੇਡ ਰਹਿ ਜਾਵੇਗਾ।

ਬ੍ਰਹਿਮੰਡ 'ਚ ਓਜੋਨ ਦੀ ਮੌਜੂਦਗੀ ਨਾਲ ਸੂਰਜ ਤੋਂ ਨਿਕਲਦੀਆਂ ਅਲਟਰਾ ਵਾਇਲਟ ਕਿਰਨਾਂ ਥੋਹੜੀ ਮਾਤਰਾ ਵਿਚ ਧਰਤੀ ਤੇ ਪਹੁੰਚਦੀਆਂ ਹਨ। ਪ੍ਰਮਾਣੂ ਯੁੱਧ ਓਜੋਨ ਦੀ ਹੋਂਦ ਨੂੰ ਖਤਮ ਕਰਕੇ ਅਜਿਹੀਆਂ ਸੂਰਜੀ ਕਿਰਨਾਂ ਨੂੰ ਸਿੱਧਾ ਧਰਤੀ ਦੀ ਸਤਹ ਤੇ ਪੈਣ ਵਿਚ ਸਹਾਈ ਹੋਵੇਗਾ ਜਿਨ੍ਹਾਂ ਬਾਰੇ ਇਹ ਸਮਝਿਆ ਜਾਂਦਾ ਹੈ ਕਿ ਇਹ ਕਿਰਨਾਂ ਚਮੜੀ ਕੈਂਸਰ ਪੈਦਾ ਕਰਦੀਆਂ ਹਨ। ਵਾਤਾਵਰਣ ਬਦਲ ਜਾਣ ਨਾਲ ਭੋਜਨ ਤੇ ਖਾਣ ਵਾਲੀਆਂ ਵਸਤਾਂ ਦੀ ਕਿੱਲਤ ਆ ਜਾਵੇਗੀ ਅਤੇ ਸਾਰੀ ਦੁਨੀਆਂ ਵਿਚ ਸਮਾਜਿਕ ਅਤੇ ਆਰਥਿਕ ਅਸਥਿਰਤਾ ਆ ਜਾਏਗੀ। ਧਰਤੀ ਦਾ ਲੱਖਾਂ ਵਰਗ ਕਿਲੋਮੀਟਰ ਹਿੱਸਾ ਰੇਡੀਓ ਐਕਟਿਵ ਤੱਤ ਪੈਣ ਨਾਲ ਗੰਧਲਾ ਹੋ ਜਾਵੇਗਾ। ਜਿਸ ਕਾਰਨ ਮਾਰੂ ਰੇਡੀਓ ਐਕਟਿਵ ਤੱਤ ਤੇ ਟਾਕਸਿਕ ਗੈਸਾਂ ਪੈਦਾ ਹੋਣਗੀਆਂ ਜਿਨ੍ਹਾਂ ਨਾਲ ਲੰਬੇ ਸਮੇਂ ਲਈ ਜਨ-ਜੀਵਨ ਤੇ ਮਾੜਾ ਅਸਰ ਪਵੇਗਾ।

ਇਸ ਨੂੰ ਧਿਆਨ ਵਿਚ ਰੱਖਦਿਆਂ ਦੁਨੀਆਂ ਭਰ ਦੇ ਦੇਸ਼,ਖਾਸ ਕਰ ਵਿਕਾਸ ਸ਼ੀਲ ਦੇਸ਼ ਵਿਸ਼ਵ ਭਰ ਵਿਚ ਪ੍ਰਮਾਣੂ ਹਥਿਆਰਾਂ ਤੇ ਨਿਯੰਤਰਣ ਦੀ ਨੀਤੀ ਅਪਣਾ ਕੇ ਹੀ ਬਚ ਸਕਦੇ ਹਨ। ਪਰੰਤੂ ਵੇਖਣਾ ਇਹ ਹੈ ਕਿ ਕੀ ਵੱਡੀਆਂ ਤਾਕਤਾਂ ਆਪਣੇ ਪ੍ਰਮਾਣੂ ਭੰਡਾਰ ਨੂੰ ਘਟਾਉਣ ਲਈ ਤਿਆਰ ਹਨ ਜਾਂ ਨਹੀਂ ਇਸ ਦਾ ਅਰਥ ਇਹ ਨਹੀਂ ਕਿ ਵਿਕਾਸਸ਼ੀਲ ਦੇਸ਼ ਇਸ ਪਾਸਿਉਂ ਆਪਣਾ ਧਿਆਨ ਬਿਲਕੁਲ ਹਟਾ ਲੈਣ। ਆਪਣੀਆਂ ਸਾਂਝੀਆਂ ਸਰਗਰਮੀਆਂ ਦੀ ਨੀਤੀ ਅਤੇ ਵੱਖ ਵੱਖ ਸਮਝੌਤਾ ਪ੍ਰਣਾਲੀਆਂ ਰਾਹੀਂ

ਬਾਕੀ ਪੰਨਾ 32 'ਤੇ



ਫਿਲਮਾਂ ਦਾ ਮੇਲਾ

ਅਜੀਤ ਕੌਰ


ਇਸ ਵਾਰ ਦੇ ਗਿਆਰਵੇਂ ਅੰਤਰ-ਰਾਸ਼ਟਰੀ ਫਿਲਮ ਮੇਲੇ ਵਿਚ ਏਸ਼ੀਅਨ ਤੇ ਪੈਸੇਫਿਕ ਦੇਸ਼ਾਂ ਦੀਆਂ ਫਿਲਮਾਂ 'ਫੋਕਸ' ਦੇ ਤੌਰ 'ਤੇ ਵਿਖਾਈਆਂ ਜਾਂ ਰਹੀਆਂ ਨੇ। ਹੋਰ ਭਾਵੇਂ ਇਸ ਮੇਲੇ ਦੇ ਹਜ਼ਾਰ ਘਪਲੇ ਹੋਣ ਤੇ ਕਈ ਵਧੀਆ ਫਿਲਮਾਂ ਇਸ ਮੇਲੇ 'ਚੋਂ ਗਾਇਬ ਨੇ, ਪਰ ਏਸ਼ੀਆਈ ਤੇ ਪੈਸੇਫਿਕ ਦੇਸ਼ਾਂ ਦੀਆਂ ਫਿਲਮਾਂ ਇਸ ਮੇਲੇ ਦੀ ਵੱਡੀ ਦੇਣ ਹਨ।

ਉਂਝ ਸਾਨੂੰ ਚੀਨ ਤੇ ਇੰਡੋਨੇਸ਼ੀਆ ਦੀਆਂ, ਉਤਰੀ ਤੇ ਦੱਖਣੀ ਕੋਰੀਆ ਦੀਆਂ, ਸਿੰਗਾਪੁਰ ਤੇ ਮਲੇਸ਼ੀਆ ਦੀਆਂ, ਸ੍ਰੀਲੰਕਾ ਤੇ ਥਾਈਲੈਂਡ ਦੀਆਂ ਫਿਲਮਾਂ ਏਥੇ ਵੇਖਣ ਨੂੰ ਮਿਲਦੀਆਂ ਹੀ ਕਦੋਂ ਨੇ! ਉਂਝ ਵੀ, ਭਾਵੇਂ ਇਹ ਮੁਲਕ ਸਾਡੇ ਗੁਆਂਢੀ ਮੁਲਕ ਨੇ, ਅਸੀਂ ਇਨ੍ਹਾਂ ਬਾਰੇ ਬਹੁਤ ਘੱਟ ਜਾਣਦੇ ਹਾਂ। ਕਿਤਾਬਾਂ ਵੀ ਘੱਟ ਮਿਲਦੀਆਂ ਨੇ ਤੇ ਫਿਲਮਾਂ ਵੀ। ਹਾਂਗਕਾਂਗ ਤੇ ਸਿੰਗਾਪੁਰ ਦਾ ਰਿਸ਼ਤਾ ਸਾਡੇ ਨਾਲ ਬੱਸ ਏਨਾ ਏ ਕਿ ਉਥੋਂ ਸਾਡੇ ਦੋਸਤ ਤੇ ਰਿਸ਼ਤੇ ਦਾਰ ਘੜੀਆਂ ਤੇ ਟੇਪ ਰਿਕਾਰਡਰ ਤੇ ਟੀ.ਵੀ. ਤੇ ਵੀਡੀਓ ਲੈ ਆਉਂਦੇ ਨੇ। ਹੋਰ ਅਸੀਂ ਇਨ੍ਹਾਂ ਬਾਰੇ ਕੁਝ ਨਹੀਂ ਜਾਣਦੇ ਤੇ ਕਿਸੇ ਵੀ ਮੁਲਕ ਨੂੰ ਤੇ ਉਸ ਵਿਚ ਵਸਣ ਵਾਲੇ ਲੋਕਾਂ ਨੂੰ ਜਾਨਣ ਲਈ ਫਿਲਮਾਂ ਬੜਾ ਤਾਕਤਵਰ ਮਾਧਿਅਮ ਹਨ।

* * *

ਇਸ ਵਾਰ ਮੈਂ ਤੁਹਾਨੂੰ ਹਿੰਦੀ ਫਿਲਮ 'ਮੈਂਸੀ ਸਾਹਿਬ' ਦੇ ਬਾਰੇ ਦੱਸਣਾ ਚਾਹਵਾਂਗੀ।

'ਮੈਂਸੀ ਸਾਹਿਬ' ਇਕ ਭੋਲੇ ਭਾਲੇ, ਸਿੱਧੇ-ਪੱਧਰੇ ਕਲਰਕ ਦੀ ਕਹਾਣੀ ਹੈ।



ਲੱਲੂ ਆਫ ਦੀ ਨਾਈਟ' ਸਪੇਨ ਦੀ ਇਕ ਫਿਲਮ।

ਜ਼ਮਾਨਾ ਅੰਗਰੇਜ਼ੀ ਰਾਜ ਦਾ। ਮੱਧਿਆ ਪ੍ਰਦੇਸ਼ ਦੇ ਸੀਪੁਰ ਇਲਾਕੇ ਵਿਚ ਅੰਗਰੇਜ਼ ਕਮਿਸ਼ਨਰ ਦੇ ਦਫਤਰ ਵਿਚ ਕੰਮ ਕਰਦਾ ਹੈ ਮੁੰਡਾ, 'ਮੈਂਸੀ'। ਕ੍ਰਿਸ਼ਚਿਅਨ ਹੈ, ਥੋੜ੍ਹੀ ਜਿਹੀ ਟੁੱਟੀ-ਫੁੱਟੀ ਅੰਗਰੇਜ਼ੀ ਬੋਲ ਲੈਂਦਾ ਹੈ, ਤੇ ਵੱਡੇ ਦਫਤਰ ਦਾ ਕਲਰਕ ਹੈ, ਇਸੇ ਲਈ ਲੋਕ ਉਹਦੀ ਇੱਜ਼ਤ ਕਰਦੇ ਨੇ ਪਰ ਪੈਸੇ ਵਲੋਂ ਹਮੇਸ਼ਾ ਉਹਦਾ ਹੱਥ ਤੰਗ ਰਹਿੰਦਾ ਹੈ ਤੇ ਹਮੇਸ਼ਾ ਹਰ ਦੁਕਾਨਦਾਰ ਦਾ ਕਰਜ਼ਾ ਉਹਦੇ ਸਿਰ 'ਤੇ ਚੜ੍ਹਿਆ ਰਹਿੰਦਾ ਹੈ।

ਨਵਾਂ ਅੰਗਰੇਜ਼ ਕਮਿਸ਼ਨਰ (ਜਿਸ ਦਾ ਰੋਲ ਥੀਏਟਰ ਦੇ ਮਸ਼ਹੂਰ ਡਾਇਰੈਕਟਰ ਬੈਰੀ ਜੋਨ ਨੇ ਕੀਤਾ ਹੈ) ਇਕ ਸੜਕ ਬਣਾਉਣੀ ਚਾਹੁੰਦਾ ਹੈ ਜਿਹੜੀ ਉਸ ਬਿਆਬਾਨ ਇਲਾਕੇ ਨੂੰ ਵੱਡੀ ਸੜਕ ਨਾਲ ਜੋੜ ਦੇਵੇ ਪਰ ਇਹ ਸੜਕ ਬਣਾਉਣ ਲਈ ਮੀਲਾਂ ਵਿਚ ਫੈਲੇ ਸੰਘਣੇ ਜੰਗਲ ਨੂੰ ਚੀਰਨਾ ਪੈਣਾ ਹੈ, ਨਾਲੇ ਟੱਪਣੇ ਪੈਣੇ ਹਨ ਤੇ ਪਥਰੀਲਾ, ਪੱਧਰੀਆਂ ਪਹਾੜੀਆਂ ਵਾਲਾ ਇਲਾਕਾ ਕੱਟ ਕੇ ਪੱਧਰਾ ਕਰਨਾ ਪੈਣਾ ਹੈ-ਜਿਥੋਂ ਜਿਥੋਂ ਵੀ ਸੜਕ ਲੰਘੇਗੀ, ਉਥੋਂ।

ਤੇ ਖਜ਼ਾਨੇ ਵਿਚ ਸਿਰਫ ਤੇਈ ਰੁਪਏ, ਛੇ ਆਨੇ ਤੇ ਦੋ ਪਾਈਆਂ ਹਨ



ਹਿੰਦੀ ਫਿਲਮ ਅੰਜੁਮਨ ਦਾ ਇਕ ਦ੍ਰਿਸ਼।



ਜੈਸਮੀਨ-2 ਮਲੇਸ਼ੀਆ ਦੀ ਫਿਲਮ ਦਾ ਇਕ ਦ੍ਰਿਸ਼।

ਪੰਨਾ 34 ਦੀ ਬਾਕੀ

ਮੈਂਸੀ ਅੰਗਰੇਜ਼ ਕਮਿਸ਼ਨਰ ਨੂੰ ਸਲਾਹ ਦਿੰਦਾ ਹੈ ਕਿ ਹੋਰਨਾਂ ਮੱਦਾਂ ਵਿਚੋਂ ਪੈਸੇ ਕੱਢ ਕੇ ਹਾਲੀ ਸੜਕ 'ਤੇ ਲਾ ਦਿੱਤੇ ਜਾਣ ਤੇ ਮਗਰੋਂ ਜਦੋਂ ਸਰਕਾਰ ਸੜਕ ਲਈ ਪੈਸੇ ਦੇਵੇਗੀ ਤਾਂ ਉਨ੍ਹਾਂ ਮੱਦਾਂ ਵਿਚ ਵਾਪਸ ਜਮ੍ਹਾਂ ਕਰ ਦਿੱਤੇ ਜਾਣ।

"ਜਿਸ ਤਰ੍ਹਾਂ ਵਰਦੀਆਂ ਦੇ ਖਰਚ ਵਿਚੋਂ,ਫਰਨੀਚਰ ਦੇ ਖਰਚ ਵਿਚੋਂ,ਸਟੇਸ਼ਨਰੀ ਦੇ ਖਰਚ ਵਿਚੋਂ ਅਜੇ ਪੈਸੇ ਲੈ ਲੈਂਨੇ ਹਾਂ ਤੇ ਸੜਕ ਦਾ ਕੰਮ ਕਰ ਲੈਂਨੇ ਆਂ।"-ਉਹ ਸਲਾਹ ਦਿੰਦਾ ਹੈ।

ਅੰਗਰੇਜ਼ ਅਫਸਰ ਕਹਿੰਦਾ ਹੈ, "ਤੂੰ ਮੇਰੇ ਕੋਲੋਂ ਸਰਕਾਰੀ ਖਜ਼ਾਨੇ ਵਿਚ ਹੇਰਾ-ਫੇਰੀ ਕਰਵਾਏਂਗਾ ?"

" ਹੇਰਾ-ਫੇਰੀ ਕਾਹਦੀ ਜੀ ? ਅਸੀਂ ਤਾਂ ਬੱਸ ਉਧਾਰ ਲੈਣਾ ਏ।"

ਤੇ ਇਸ ਤਰ੍ਹਾਂ ਪੈਸੇ ਸਾਰੀਆਂ ਮੱਦਾਂ ਵਿਚੋਂ ਹੂੰਝ ਕੇ ਸੜਕ 'ਤੇ ਖਰਚ ਹੋਣ ਲੱਗੇ। ਪਰ ਪਹਿਲੋਂ ਤਾਂ ਉਨ੍ਹਾਂ ਮੱਦਾਂ ਵਿਚ ਖਰਚ ਵਿਖਾਉਣਾ ਸੀ,ਸੋ ਮੈਂਸੀ ਜਾਅਲੀ ਬਿੱਲ ਬਣਾ ਕੇ ਖਰਚ ਵਿਖਾਉਣ ਲੱਗਾ ਤੇ ਸੜਕ ਬਣਨ ਲੱਗ ਪਈ।

ਕਮਿਸ਼ਨਰ ਘਰ ਛੁੱਟੀ 'ਤੇ ਗਿਆ,ਇੰਗਲੈਂਡ। ਮਗਰੋਂ ਜਿਹੜਾ ਕਮਿਸ਼ਨਰ ਆਇਆ,ਉਹਨੇ ਕਿਹਾ,"ਇਹ ਤਾਂ ਹੇਰਾ-ਫੇਰੀ ਏ। ਜਾਅਲੀ ਬਿੱਲ,ਜਾਅਲੀ ਦਸਤਖਤ ! ਮੈਂ ਤੈਨੂੰ ਨੌਕਰੀ ਤੋਂ ਬਰਖਾਸਤ ਕਰਨਾਂ।"

ਮੈਂਸੀ ਸੋਚਦਾ ਏ ਕਿ ਪੁਰਾਣਾ ਕਮਿਸ਼ਨਰ ਵਾਪਸ ਆਵੇਗਾ ਤਾਂ ਸਭ ਕੁਝ ਠੀਕ ਹੋ ਜਾਵੇਗਾ। ਪਰ ਉਹ ਵਾਪਸ ਆ ਕੇ ਉਹਦੇ ਨਾਲ ਮਿਠੀ ਗੱਲ ਤਾਂ ਕਰਦਾ ਏ,ਪਰ ਵਾਪਸ ਬਹਾਲ ਕਰਨ ਲਈ ਕੁਝ ਨਹੀਂ ਕਰਦਾ ਤੇ ਮੈਂਸੀ ਦੀ ਖੁਦਦਾਰੀ ਉਹਨੂੰ ਕੁਝ ਕਹਿਣ ਨਹੀਂ ਦਿੰਦੀ।

ਏਨੇ ਚਿਰ ਵਿਚ ਮੈਂਸੀ ਨੇ ਇਕ ਆਦਿਵਾਸੀ ਕੁੜੀ ਨਾਲ ਵਿਆਹ ਕਰ ਲਿਆ ਸੀ ਤੇ ਕੁੜੀ ਦੇ ਪਿਓ ਤੇ ਭਰਾ ਨਾਲ ਵਾਅਦਾ ਕੀਤਾ ਸੀ ਕਿ ਉਹ ਪੰਝਤਰ ਰੁਪਏ ਉਨ੍ਹਾਂ ਨੂੰ ਦੇਵੇਗਾ। ਇਹ ਵੀ ਇਕ ਲੰਬਾ ਉਧਾਰ ਚਲ ਰਿਹਾ ਸੀ ਉਹਦਾ।

ਤਾਂਹੀਏ ਸੜਕ ਦਾ ਕੰਮ ਰੁਕ ਗਿਆ। ਆਦਿਵਾਸੀ ਕਬੀਲਿਆਂ ਵਾਲੇ ਪਿੰਡਾਂ ਨੇ ਮਜ਼ਦੂਰ ਭੇਜਣੋਂ ਨਾਂਹ ਕਰ ਦਿੱਤੀ ਤੇ ਕਮਿਸ਼ਨਰ ਨੂੰ ਫੇਰ ਮੈਂਸੀ ਦੀ ਲੋੜ ਆਣ ਪਈ।

ਮੈਂਸੀ ਨੇ ਦਿਨ ਰਾਤ ਇਕ ਕਰ ਕੇ ਮਜ਼ਦੂਰ ਇਕੱਠੇ ਕੀਤੇ ਤੇ ਦਿਨ ਰਾਤ ਚਾਈਂ ਚਾਈਂ ਨਾਲ ਰਲ ਕੇ ਸੜਕ ਦਾ ਕੰਮ ਕਰਵਾਂਦਾ ਰਿਹਾ।

ਸੜਕ ਪੂਰੀ ਹੋ ਗਈ। ਬਾਕਾਇਦਾ ਉਦਘਾਟਨ ਹੋਇਆ। ਜਸ਼ਨ ਹੋਇਆ। ਕਮਿਸ਼ਨਰ ਸਾਹਿਬ ਦੀ ਤਾਰੀਫ ਹੋਈ।



ਡਾਕੂਮੈਂਟਰੀ-87, ਐਸਟਰੇਲੀਆ ਦੀ ਫਿਲਮ ਹਾਫ ਲਾਈਫ ਦਾ ਇਕ ਸਟਿੱਲ।

ਤਾਂਹੀਏ ਪਤਾ ਲੱਗਾ ਕਿ ਉਸ ਸੜਕ ਤੋਂ ਲੰਘਣ ਵਾਲੇ ਹਰ ਬੰਦੇ ਕੋਲੋਂ ਮੈਂਸੀ ਦੋ ਪੈਸੇ ਮਸੂਲ ਦੇ ਲੈ ਰਿਹਾ ਸੀ। ਕਮਿਸ਼ਨਰ ਲੋਹਾ ਲਾਖਾ ਹੋ ਗਿਆ ਤੇ ਉਹਨੂੰ ਬੇਇੱਜ਼ਤ ਤੇ ਜ਼ਲੀਲ ਕਰ ਕੇ ਕੱਢ ਦਿੱਤਾ। ਉਹ ਰੋ ਰੋ ਕੇ ਫਰਿਆਦ ਕਰਦਾ ਰਿਹਾ,ਕਿ ਉਹਨੇ ਇਕ ਇਕ ਪੈਸੇ ਦਾ ਹਿਸਾਬ ਲਿਖਿਆ ਹੋਇਆ ਸੀ,ਉਹਨੇ ਉਹ ਗਬਨ ਨਹੀਂ ਸੀ ਕੀਤਾ,ਸਿਰਫ ਉਧਾਰ ਲਿਆ ਸੀ-ਪੂਰੇ ਤਿੰਨ ਸੌ ਬਤਾਲੀ ਪੈਸੇ ਤੇ ਉਧਾਰ ਵਿਚ ਕਾਹਦੀ ਸ਼ਰਮ ?

ਪਰ ਕੋਈ ਉਹਦੀ ਗੱਲ ਨਹੀਂ ਸੁਣਦਾ।

ਉਹਦੀ ਬੀਵੀ ਤੇ ਨਿੱਕੇ ਜਿਹੇ ਬੇਟੇ ਨੂੰ ਉਹਦਾ ਸਾਲਾ ਲੈ ਗਿਆ,ਕਿਉਂਕਿ ਵਿਆਹ ਦੇ ਪੰਝਤਰ ਰੁਪਏ ਦਾ ਉਧਾਰ ਉਹਨੇ ਅਜੇ ਤਕ ਨਹੀਂ ਸੀ ਲਾਹਿਆ।

ਪਰੇਸ਼ਾਨ,ਫਟੇ-ਹਾਲ ਉਹ ਕਿਸੇ ਹੋਰ ਕੋਲੋਂ ਮਦਦ ਲੈਣ ਲਈ ਗਿਆ ਜਿਸਦੇ ਉਹਨੇ ਕਈ ਵੱਡੇ ਕੰਮ ਸੁਆਰੇ ਹੋਏ ਸਨ ਜਦੋਂ ਉਹ ਨੌਕਰੀ ਲੱਗਾ ਹੋਇਆ ਸੀ। ਮਦਦ ਮੈਂਸੀ ਸਿਰਫ ਏਨੀ ਹੀ ਮੰਗ ਰਿਹਾ ਸੀ ਕਿ ਉਹਦੀ ਬੀਵੀ ਉਹਨੂੰ ਵਾਪਸ ਲਿਆ ਦੇਵੇ। ਰਤਾ ਕੁ ਧੱਕਾ ਦੇਣ ਨਾਲ ਉਹ ਬੰਦਾ ਡਿੱਗਾ ਤੇ ਮਰ ਗਿਆ ਤੇ ਮੈਂਸੀ ਨੂੰ ਫਾਂਸੀ ਦੀ ਸਜ਼ਾ ਹੋ ਗਈ। ਆਖਰੀ ਵਕਤ ਤਕ ਉਹਨੂੰ ਭਰੋਸਾ ਰਿਹਾ ਸੀ ਕਿ ਕਮਿਸ਼ਨਰ ਆ ਕੇ ਉਹਨੂੰ ਛੁਡਾ ਲਵੇਗਾ।

ਇਹ ਕਹਾਣੀ ਸਿਰਫ 'ਮੈਂਸੀ' ਦੀ ਨਹੀਂ, ਉਨ੍ਹਾਂ ਤਮਾਮ ਗਰੀਬ ਅਤੇ ਮਾਸੂਮ ਲੋਕਾਂ ਦੀ ਕਹਾਣੀ ਹੈ ਜਿਨ੍ਹਾਂ ਨੂੰ ਸਾਮੰਤਸ਼ਾਹੀ,ਹਮੇਸ਼ਾ ਆਪਣੇ ਫਾਇਦੇ ਲਈ ਵਰਤ ਕੇ ਸੁੱਟ ਪਾਂਦੀ ਹੈ। ਇਹ ਹਰ ਉਸ ਮਾਸੂਮ ਤੇ ਸੱਚੇ ਬੰਦੇ ਦੀ ਕਹਾਣੀ ਹੈ ਜਿਹੜਾ ਜ਼ਿੰਦਗੀ ਦੀਆਂ ਔਕੜਾਂ ਨਾਲ ਦੋ-ਚਾਰ ਹੁੰਦਾ ਜਿਥੇ ਰਤਾ ਕੁ ਤਿਲ੍ਹਕ ਕੇ ਡਿੱਗਦਾ ਹੈ,ਉਥੇ ਹੀ ਉਹਦਾ ਸਿਰ ਗਿਲੋਟੀਨ ਨਾਲ ਕੱਟ ਦਿੱਤਾ ਜਾਂਦਾ ਹੈ।

'ਮੈਂਸੀ' ਦਾ ਕਿਰਦਾਰ ਦਿੱਲੀ ਦੇ ਸਟੇਜ ਦੇ ਜਾਣੇ-ਪਛਾਣੇ ਰਘੁਵੀਰ ਯਾਦਵ ਨੇ ਕੀਤਾ ਹੈ। ਫਿਲਮ ਵੇਖਣ ਤੋਂ ਬਾਅਦ ਕਈ ਦਿਨ ਤੁਹਾਨੂੰ ਉਸ ਭੋਲੇ ਭਾਲੇ,ਮਾਸੂਮ ਮਨੁੱਖ ਦੀ ਭੋਲੀ ਜਿਹੀ ਮੁਸਕਰਾਹਟ ਨਹੀਂ ਭੁੱਲਦੀ।

ਫਿਲਮ ਦੇ ਡਾਇਰੈਕਟਰ ਹਨ ਪ੍ਰਦੀਪ ਕ੍ਰਿਸ਼ਨ।

ਰੇਗਨ ਦੇ ਸਾਬਕ ਸਲਾਹਕਾਰ ਵਲੋਂ ਖੁਦਕਸ਼ੀ ਦਾ ਯਤਨ

ਵਾਸ਼ਿੰਗਟਨ — ਈਰਾਨ ਨੂੰ ਅਮਰੀਕੀ ਹਥਿਆਰਾਂ ਦੀ ਸਪਲਾਈ ਦੇ ਸਬੰਧ ਵਿਚ ਈਰਾਨੀ ਅਧਿਕਾਰੀਆਂ ਨਾਲ ਗੱਲਬਾਤ ਕਰਨ ਵਾਲੇ ਰੇਗਨ ਦੇ ਸਾਬਕਾ ਸਕਿਉਰਿਟੀ ਅਡਵਾਈਜਰ ਰੋਬਰਟ ਮੈਕਫਾਲਨ ਨੇ ਨੀਂਦ ਵਾਲੀਆਂ ਗੋਲੀਆਂ ਖਾ ਕੇ ਖੁਦਕਸ਼ੀ ਕਰਨ ਦੀ ਕੋਸ਼ਿਸ਼ ਕੀਤੀ।

ਖਬਰਾਂ ਅਨੁਸਾਰ ਰੋਬਰਟ ਮੈਕਫਾਰਨ ਨੇ 20 ਤੋਂ 30 ਤੱਕ ਗੋਲੀਆਂ ਖਾ ਲਈਆਂ। ਉਸਨੂੰ ਬੇਹੋਸ਼ੀ ਦੀ ਹਾਲਤ ਵਿਚ ਵਾਸ਼ਿੰਗਟਨ ਹਸਪਤਾਲ ਪਹੁੰਚਾਇਆ ਗਿਆ ਜਿਥੇ ਉਹਦੀ ਹਾਲਤ ਖਤਰੇ ਤੋਂ ਬਾਹਰ ਹੈ।

ਮੈਕਫਾਲਨ ਹਥਿਆਰਾਂ ਦਾ ਸੌਦਾ ਕਰਨ ਲਈ ਈਰਾਨ ਗਿਆ ਸੀ ਪਤਾ ਲੱਗਾ ਹੈ ਕਿ ਉਹ ਅਮਰੀਕਨ ਕਾਂਗਰਸ ਅੱਗੇ ਇਸ ਸਬੰਧ ਵਿਚ ਗਵਾਹੀ ਦੇਣ ਵਾਲਾ ਸੀ। ਮੈਕਫਾਲਨ ਦੇ ਪ੍ਰੀਵਾਰ ਨੇ ਦੋਸ਼ ਲਾਇਆ ਹੈ ਕਿ ਮੈਕਫਾਲਨ ਨੂੰ ਗਵਾਹੀ ਨਾ ਦੇਣ ਲਈ ਧਮਕਾਇਆ ਜਾ ਰਿਹਾ ਸੀ ਅਤੇ ਉਹ ਦਿਮਾਗੀ ਤੌਰ 'ਤੇ ਪਰੇਸ਼ਾਨ ਸੀ।